## ਗੁਰੂ ਤੇਗ ਬਹਾਦਰ ਸਾਹਿਬ ਵਿਸ਼ੇਸ਼ ਅੰਕ

ISSN 2516-9009

# ਅਨਹਦ

## ਈ-ਮੈਗਜ਼ੀਨ

ਸਾਲ 7, ਅੰਕ 2
ਅਕਤੂਬਰ - ਦਸੰਬਰ 2025

ਮੁੱਖ ਸੰਪਾਦਕ
ਡਾ. ਪਰਮਿੰਦਰ ਸਿੰਘ ਸ਼ੌਂਕੀ

Chief Editor
Dr. Parminder Singh
Vill. Fatehgarh Chhanna, (Sangrur)
parmindersinghshonkey@gmail.com

Editor
Ms. Veer Kaur
Senior Research Fellow(Punjabi)
HLCS Department, I.K. Gujral
Punjab Technical University, Kapurthala.

Editorial Panel
Prof. Jaspal Kaur
Dr. Ishwar Dayal Gaur
Dr. Bhim Inder Singh
Dr. Ashish Kumar
Dr. Barjinder Singh Chowhan
Dr. Pritam Singh
Dr. Major Singh
Dr. Balwinder Singh
Dr. Lakhwinder Singh
Dr. Anureet Kaur
Dr. Kawaljeet Kaur
Dr. Gurnam Singh
Dr. Sandeep Kaur
Dr. Sarabjit Singh (Bathinda)
Amanpreet Singh Bhana
Jaspal Singh
Shamsher singh

Supporting Panel
Simranjeet Kaur
Gagan Brar (London)
Rajinder Singh
Gurtej Singh
Manpreet Kaur Banga
Jasvir Singh Longowal
Prabjot Kaur
Harman Singh Chohla

Legal Advisor
Adv. Molsari S.Chabba Chowhan
Supreme Court, New Delhi-110001

Designed by
Simrik

A Peer Reviewed Punjabi Research Journal
E-mail: anhadmagazine@gmail.com
Website: anhadmagazine.com
follow us on facebook anhadmagazine
Contact: 94643-46677, 8851031531


ISSN 2516-9009


# ਅਨਹਦ


## ਅੰਤਰ-ਰਾਸ਼ਟਰੀ ਈ-ਮੈਗਜ਼ੀਨ


-ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
-ਲੇਖਕ ਆਪਣੇ ਵਿਚਾਰਾਂ ਲਈ ਆਪ ਜਿੰਮੇਵਾਰ ਹੋਵੇਗਾ।
-ਅਨਹਦ ਈ-ਮੈਗਜ਼ੀਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਿੱਲੀ ਅਤੇ ਸੰਗਰੂਰ ਦੀ ਅਦਾਲਤਾਂ ਵਿਚ ਹੀ ਹੋ ਸਕੇਗੀ।


# ਨਵੀਂਆਂ ਕਿਤਾਬਾਂ
















www.rethinkbooks.in
94643-46677, 88376-61984
88510-31531

## ਆਉਣ ਵਾਲੀਆਂ ਕਿਤਾਬਾਂ




www.rethinkbooks.in
94643-46677, 88376-61984
88510-31531

# ਤਤਕਰਾ

ਸੰਪਾਦਕੀ 7

1. ਹਿੰਦ ਦੀ ਚਾਦਰ (ਨਾਟਕ) : ਲਾਸਾਨੀ ਸ਼ਹਾਦਤ ਦੀ ਛਾਪ 9
   ਡਾ. ਸੁਖਬੀਰ ਕੌਰ
2. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨ ਦਾ ਸੰਕਲਪ 14
   ਡਾ. ਗੁਰਦੀਪ ਕੌਰ
3. ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੀ ਸਕਾਰਾਤਮਕ ਦ੍ਰਿਸ਼ਟੀ 19
   ਮੀਨਾ ਰਾਣੀ
4. ਗੁਰੂ ਤੇਗ਼ ਬਹਾਦਰ ਦੀ ਬਾਣੀ: ਨਿਰਲੇਪ ਗ੍ਰਿਹਸਤੀ ਜੀਵਨ ਅਤੇ ਆਤਮਿਕ ਸ਼ਾਂਤੀ ਦਾ ਸੰਦੇਸ਼ 27
   ਸੁਖਵਿੰਦਰ ਕੌਰ
5. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿੱਚ ਸਤਿ-ਅਸਤਿ ਦਾ ਤੱਤ-ਮੀਮਾਂਸਾਕ ਅਧਿਐਨ 34
   ਅਵਨੀਤ ਕੌਰ
6. ਪ੍ਰਸੰਗ: ਸ਼ਹੀਦੀ ਗੁਰੂ ਤੇਗ਼ ਬਹਾਦਰ (ਢਾਡੀ ਸੋਹਣ ਸਿੰਘ ਸੀਤਲ) 39
   ਪਰਮਿੰਦਰ ਸਿੰਘ
7. ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ 54
   ਪਰਮਜੀਤ ਸਿੰਘ 'ਸੁਚਿੰਤਨ'
8. ਅਧਿਆਤਮਕ ਵਿਕਾਸ ਵਿਚ ਸੇਵਾ ਦਾ ਸਥਾਨ (ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਸੰਦਰਭ ਵਿਚ) 65
   ਸਤਵਿੰਦਰ ਕੌਰ
9. ਭਗਤ ਰਵਿਦਾਸ ਜੀ ਦੀ ਬਾਣੀ : ਮਨੋਵਿਗਿਆਨਕ ਅਧਿਐਨ 72
   ਸਤਵਿੰਦਰ ਕੌਰ
10. ਮਨੁੱਖੀ ਆਜ਼ਾਦੀ ਦੀ ਬਹਾਲੀ ਵਿਚ ਯੋਗਦਾਨ: ਸੂਰਜ ਦਾ ਕਤਲ ਨਾਟਕ ਦੇ ਸੰਦਰਭ 'ਚ 77
    ਪ੍ਰੋ. ਮਨਪ੍ਰੀਤ ਕੌਰ
11. ਸਮਾਜਕ ਯਥਾਰਥ ਅਤੇ ਵਿਅਕਤੀਗਤ ਚੇਤਨਾ ਦਾ ਦਵੰਦ: "ਜਿਉਣਾ ਸੱਚ ਬਾਕੀ ਝੂਠ"

ਕਹਾਣੀ-ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿਚ 88
ਹੰਸਰਾਜ

12. ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ 97
ਪਰਮਜੀਤ ਸਿੰਘ ਸੁਚਿੰਤਨ

13. ਨਵੀਂ ਸਿੱਖਿਆ ਨੀਤੀ ਦੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਤੇ ਪ੍ਰਭਾਵ:
ਸੁਧਾਰ ਜਾਂ ਨੁਕਸਾਨ 102
ਸਹਾਇਕ ਪ੍ਰੋਫ਼ੈਸਰ ਸ਼ਰਨਜੀਤ ਸਿੰਘ

14. ਸਫਲਤਾ (ਕਹਾਣੀ) 113
ਵੀਰ ਕੌਰ

# ਸੰਪਾਦਕੀ

ਗੁਰੂ ਤੇਗ ਬਹਾਦਰ ਜੀ (1621–1675) ਦੀ ਸ਼ਹਾਦਤ ਸਿਰਫ਼ ਸਿੱਖ ਇਤਿਹਾਸ ਦੀ ਨਹੀਂ, ਸਗੋਂ ਸਮੂਹ ਵਿਸ਼ਵ ਇਤਿਹਾਸ ਦੀ ਇੱਕ ਅਦੁੱਤੀ ਘਟਨਾ ਹੈ। ਉਨ੍ਹਾਂ ਨੇ ਆਪਣੀ ਕੁਰਬਾਨੀ ਕਿਸੇ ਧਾਰਮਿਕ ਜਾਂ ਰਾਜਨੀਤਿਕ ਲਾਭ ਲਈ ਨਹੀਂ ਦਿੱਤੀ, ਬਲਕਿ ਮਨੁੱਖਤਾ ਦੇ ਸਭ ਤੋਂ ਮੁੱਢਲੇ ਅਧਿਕਾਰ — "ਧਰਮ ਦੀ ਆਜ਼ਾਦੀ" ਲਈ ਦਿੱਤੀ। ਇਹ ਉਸ ਸਮੇਂ ਹੋਇਆ ਜਦੋਂ ਸੰਸਾਰ ਦੇ ਕਿਸੇ ਭਾਗ ਵਿੱਚ ਵੀ ਧਾਰਮਿਕ ਸਹਿਣਸ਼ੀਲਤਾ ਨੂੰ ਕਾਨੂੰਨੀ ਜਾਂ ਨੈਤਿਕ ਪ੍ਰਮਾਣਿਕਤਾ ਨਹੀਂ ਮਿਲੀ ਸੀ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵਿੱਚ ਭਾਰਤ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸ਼ਾਸਨ ਹੇਠ ਸੀ। ਉਸ ਦੀ ਨੀਤੀ ਧਾਰਮਿਕ ਇਕਰੂਪਤਾ ਤੇ ਜ਼ੋਰ ਦਿੰਦੀ ਸੀ ਅਤੇ ਕਈ ਸੂਬਿਆਂ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਹੋ ਰਹੇ ਸਨ। ਕਸ਼ਮੀਰੀ ਪੰਡਤਾਂ ਨੇ ਆਪਣੇ ਧਰਮ ਦੀ ਰੱਖਿਆ ਲਈ ਗੁਰੂ ਜੀ ਕੋਲ ਸਹਾਰਾ ਲਿਆ। ਗੁਰੂ ਜੀ ਨੇ ਉਨ੍ਹਾਂ ਦੀ ਪੀੜ ਨੂੰ ਆਪਣੀ ਪੀੜ ਸਮਝਿਆ ਅਤੇ ਕਿਹਾ — "ਜੇ ਮੇਰਾ ਸਿਰ ਕੱਟਣ ਨਾਲ ਉਨ੍ਹਾਂ ਦਾ ਧਰਮ ਬਚ ਸਕਦਾ ਹੈ, ਤਾਂ ਇਹ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੋਵੇਗੀ।" ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਸਿਰ ਤਾਂ ਕਟਾ ਦਿੱਤਾ ਪਰ ਧਰਮ ਦੀ ਆਜ਼ਾਦੀ ਦੇ ਸਿਧਾਂਤ ਨੂੰ ਝੁਕਣ ਨਹੀਂ ਦਿੱਤਾ। ਇਸ ਕਾਰਨ ਹੀ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਕਿਹਾ ਗਿਆ।

ਅਕਾਦਮਿਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੱਖ ਧਰਮ ਦੇ ਇਤਿਹਾਸ ਵਿੱਚ ਇੱਕ ਵਿਚਾਰਧਾਰਕ ਮੋੜ ਸੀ। ਇਤਿਹਾਸਕਾਰ ਜਿਵੇਂ ਕਿ J.S. Grewal, Harjot Oberoi ਅਤੇ W.H. McLeod ਆਦਿ ਮੰਨਦੇ ਹਨ ਕਿ ਇਸ ਘਟਨਾ ਨੇ ਸਿੱਖ ਧਰਮ ਨੂੰ ਸਿਰਫ਼ ਇੱਕ ਧਾਰਮਿਕ ਪੰਥ ਤੋਂ ਉੱਪਰ ਚੁੱਕ ਕੇ ਇੱਕ ਸਮਾਜਿਕ ਤੇ ਰਾਜਨੀਤਿਕ ਚੇਤਨਾ ਵਾਲੀ ਕੌਮ ਬਣਾਇਆ। ਗੁਰੂ ਜੀ ਦੀ ਸ਼ਹਾਦਤ ਨੇ ਉਹ ਆਤਮ ਗੌਰਵ ਪੈਦਾ ਕੀਤਾ ਜੋ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸਾ ਸ੍ਰਿਸ਼ਟੀ ਦਾ ਆਧਾਰ ਬਣਿਆ। ਇਸ ਤਰ੍ਹਾਂ ਇਹ ਘਟਨਾ ਇੱਕ ਧਾਰਮਿਕ ਕੁਰਬਾਨੀ ਹੀ ਨਹੀਂ, ਸਗੋਂ ਇਕ ਵਿਚਾਰਕ ਕ੍ਰਾਂਤੀ ਸੀ।

ਵਿਸ਼ਵ ਇਤਿਹਾਸਕ ਪ੍ਰਸੰਗ ਵਿੱਚ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸੰਦਰਭ ਬਹੁਤ ਮਹੱਤਵਪੂਰਨ ਹੈ। ਉਸੇ ਸਮੇਂ ਯੂਰਪ ਵਿੱਚ ਪ੍ਰੋਟੈਸਟੈਂਟ ਰੀਫਾਰਮੇਸ਼ਨ (1517 ਤੋਂ ਬਾਅਦ) ਅਤੇ Thirty Years' War (1618–1648) ਦੇ ਰੂਪ ਵਿੱਚ ਧਾਰਮਿਕ ਟਕਰਾਅ ਚੱਲ ਰਹੇ ਸਨ। ਯੂਰਪ ਨੇ ਧਾਰਮਿਕ ਸਹਿਣਸ਼ੀਲਤਾ ਦਾ ਸੰਕਲਪ ਸਿਰਫ਼ ਬੌਧਿਕ ਪੱਧਰ 'ਤੇ ਸੋਚਣਾ ਸ਼ੁਰੂ ਕੀਤਾ ਸੀ, ਜਦਕਿ ਗੁਰੂ ਤੇਗ ਬਹਾਦਰ ਜੀ ਨੇ ਇਸ ਵਿਚਾਰ ਨੂੰ ਵਿਹਾਰਕ ਪੱਧਰ 'ਤੇ ਜੀ ਕੇ ਦਿਖਾਇਆ। 1689 ਵਿੱਚ ਇੰਗਲੈਂਡ ਦਾ "Bill of Rights" ਅਤੇ ਬਾਅਦ ਵਿੱਚ ਅਮਰੀਕਾ ਦਾ Religious Freedom Act (1786) ਇਸੇ ਆਦਰਸ਼ ਦੀਆਂ ਬਾਅਦ ਦੀਆਂ ਕੜੀਆਂ ਹਨ।

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਮਨੁੱਖੀ ਅਧਿਕਾਰਾਂ ਦੇ ਆਧੁਨਿਕ ਵਿਚਾਰਾਂ ਤੋਂ ਕਈ ਸਦੀ ਪਹਿਲਾਂ ਦੀ ਮਿਸਾਲ ਹੈ। ਸੰਯੁਕਤ ਰਾਸ਼ਟਰ ਦੀ Universal Declaration of Human Rights (1948) ਵਿੱਚ ਜੋ ਆਰਟੀਕਲ 18 ਧਰਮ ਤੇ ਵਿਸ਼ਵਾਸ ਦੀ ਆਜ਼ਾਦੀ ਦੀ ਗੱਲ ਕਰਦਾ ਹੈ, ਉਸ ਦੀ ਰੂਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿੱਚ ਪਹਿਲਾਂ ਹੀ ਜੀਵੰਤ ਸੀ। ਇਸ ਲਈ ਬਹੁਤ ਸਾਰੇ ਵਿਦਵਾਨ ਉਨ੍ਹਾਂ ਨੂੰ "Father of Human Rights in India" ਕਹਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਾਨੂੰ ਇਹ ਸਿਖਾਉਂਦੀ ਹੈ ਕਿ ਸੱਚੇ ਧਰਮ ਦੀ ਪਹਿਚਾਣ ਕਿਸੇ ਖ਼ਾਸ ਮੁਹੱਜ਼ਬ ਦੀ ਪ੍ਰਚਾਰਨਾ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਹੈ। ਉਨ੍ਹਾਂ ਨੇ ਸਿੱਖਿਆ ਕਿ ਜੋ ਮਨੁੱਖ ਦੂਸਰੇ ਦੇ ਵਿਸ਼ਵਾਸ ਦੀ ਰੱਖਿਆ ਕਰਦਾ ਹੈ, ਉਹੀ ਅਸਲ ਧਰਮਯੋਧਾ ਹੈ। ਇਸੇ ਕਰਕੇ ਉਨ੍ਹਾਂ ਦੀ ਕੁਰਬਾਨੀ ਸਿਰਫ਼ ਸਿੱਖ ਕੌਮ ਦੀ ਨਹੀਂ, ਪੂਰੀ ਮਨੁੱਖਤਾ ਦੀ ਮਿਰਾਸ ਹੈ।

ਵੀਰ ਕੌਰ
ਸੰਪਾਦਕ
ਅਨਹਦ ਈ-ਮੈਗਜ਼ੀਨ

# ਹਿੰਦ ਦੀ ਚਾਦਰ (ਨਾਟਕ) : ਲਾਸਾਨੀ ਸ਼ਹਾਦਤ ਦੀ ਛਾਪ

ਡਾ. ਸੁਖਬੀਰ ਕੌਰ

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ (ਤਰਨ ਤਾਰਨ)

ਮੋਬਾਇਲ ਨੰ. 89685-37171

ਈਮੇਲ: sidhusukhbir279@gmai.com

'ਹਿੰਦ ਦੀ ਚਾਦਰ' ਨਾਟਕ ਹਰਚਰਨ ਸਿੰਘ ਦੀ ਰਚਨਾ ਹੈ। ਪੰਜਾਬੀ ਨਾਟ ਪਰੰਪਰਾ ਵਿੱਚ ਇਤਿਹਾਸਿਕ ਨਾਟਕ ਲਿਖਣ ਦੀ ਰਵਾਇਤ ਬੜੀ ਲੰਮੇਰੀ ਹੈ। ਉਸ ਵਿੱਚ ਪੇਸ਼ ਪਾਤਰ ਅਤੇ ਘਟਨਾਵਾਂ ਤੱਥਾਂ ਤੇ ਅਧਾਰਿਤ ਹੁੰਦੇ ਹਨ। ਜਿਨ੍ਹਾਂ ਨੂੰ ਸਮੇਂ ਤੇ ਸਥਾਨ ਦੀਆਂ ਬੰਦਿਸ਼ਾਂ ਵਿੱਚ ਰਹਿ ਕੇ ਚਿਤਰਿਆ ਜਾਂਦਾ ਹੈ। ਨਾਟਕ ਰੂਪ ਦੇ ਵਿੱਚ ਇਤਿਹਾਸ ਦੀ ਪੇਸ਼ਕਾਰੀ ਲਿਖਤ ਅਤੇ ਮੰਚ ਦੋਹਾਂ ਦੇ ਨੁਕਤੇ ਤੋਂ ਇੱਕ ਚੁਨੌਤੀ ਭਰਿਆ ਕਾਰਜ ਹੈ। ਇਤਿਹਾਸਕ ਨਾਟਕ ਵਿੱਚ ਵੱਡੇ ਇਤਿਹਾਸਿਕ ਕਾਲ ਖੰਡ ਦਾ ਫੈਲਾਅ ਅਤੇ ਬਹੁ-ਗਿਣਤੀ ਪਾਤਰਾਂ ਵਿੱਚ ਸੰਤੁਲਨ ਕਾਇਮ ਰੱਖਣਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਹਨਾਂ ਨੁਕਤਿਆਂ ਨੂੰ ਮੰਚਨ ਪੇਸ਼ਕਾਰੀ ਦੇ ਪੱਖ ਤੋਂ ਗੌਲਣਾ ਅਹਿਮ ਹੁੰਦਾ ਹੈ। ਨਾਟਕ ਅਤੇ ਇਤਿਹਾਸ ਦੋਵੇਂ ਸੁਤੰਤਰ ਅਨੁਸ਼ਾਸਨ ਹਨ। ਜਿਨ੍ਹਾਂ ਦੇ ਆਪਣੇ ਨੇਮ-ਵਿਧਾਨ ਅਤੇ ਹੋਂਦ ਹੈ। ਪਰੰਤੂ ਦੋਵੇਂ ਵਰਤਾਰੇ ਆਪਸ ਵਿੱਚ ਅੰਤਰ-ਸਬੰਧ ਹੁੰਦੇ ਹਨ। ਜਿਹੜੇ ਇੱਕ ਦੂਸਰੇ ਦੇ ਨਿਭਾਅ ਦੀ ਸਮਰੱਥਾ ਰੱਖਦੇ ਹਨ। ਨਾਟਕਕਾਰ ਇਤਿਹਾਸਿਕ ਤੱਥਾਂ ਤੇ ਘਟਨਾਵਾਂ ਨੂੰ ਨਾਟ ਵਿਧਾ ਮੁਤਾਬਕ ਘਟਾ ਵਧਾ ਕੇ ਨਾਟਕ ਦੀ ਸਿਰਜਣਾ ਕਰਦਾ ਹੈ। "ਨਾਟਕਕਾਰ ਇਤਿਹਾਸ (ਇਕ ਰੂਪ )ਤੋਂ ਇਤਿਹਾਸਿਕ ਨਾਟਕ (ਦੂਸਰੇ ਰੂਪ) ਦੀ ਸਿਰਜਣਾ ਕਰਦਾ ਹੈ।"[1] ਹਿੰਦ ਦੀ ਚਾਦਰ ਨਾਟਕ ਰਾਹੀ ਨਾਟਕਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਹਕੂਮਤ ਦੀਆਂ ਸਿਰਜੀਆਂ ਕਰੂਰ ਅਤੇ ਦੰਭੀ ਨੀਤੀਆਂ ਨੂੰ ਸਾਹਮਣੇ ਲਿਆਂਦਾ ਹੈ। ਨਾਟਕਕਾਰ ਨੇ ਕੂੜ ਦੇ ਪਾਸਾਰ ਵਿੱਚ ਸੱਚ ਦੀ ਜਿੱਤ ਨੂੰ ਅਟੱਲ ਸੱਚਾਈ ਐਲਾਨਿਆ ਹੈ। ਔਰੰਗਜ਼ੇਬ ਦੇ ਜ਼ਬਰ ਅਤੇ ਦਹਿਸ਼ਤ ਦੇ ਮੂਹਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਾਂਤੀ, ਨਿਮਰਤਾ ਅਤੇ ਦਿਆਲਤਾ ਦਾ ਕੋਈ ਸਾਨੀ ਨਹੀਂ ਸੀ। ਹਕੂਮਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਰਾਹੀ ਪੂਰੀ ਆਵਾਮ ਨੂੰ ਝੁਕਾਉਣਾ ਚਾਹੁੰਦੀ ਸੀ ਪ੍ਰੰਤੂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਠਰਦੇ ਦਿਲਾਂ ਦੇ ਅੰਦਰ ਇੱਕ ਨਵੀਂ ਚੰਗਿਆੜੀ ਮਘਾਈ। ਜਿਸਨੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਹਮੇਸ਼ਾ ਲਈ ਉਖਾੜ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਖਾਲਸਾ ਪੰਥ ਦੀ ਸਥਾਪਨਾ ਦੇ ਬੀਜ ਬੀਜੇ ਗਏ। "ਪੰਜਾਬ ਵਿੱਚ ਇਸ ਸ਼ਹਾਦਤ ਨੇ ਕ੍ਰਾਂਤੀ ਲਈ ਰਾਹ ਮੋਕਲਾ ਕੀਤਾ ਜੋ ਪਿੱਛੋਂ 1699 ਦੀ ਵਿਸਾਖੀ ਮੌਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸੇ ਦੇ ਰੂਪ ਵਿੱਚ ਸਾਰੇ ਸੰਸਾਰ ਸਾਹਮਣੇ

ਆਇਆ।"[2] ਔਰੰਗਜ਼ੇਬ ਦੁਆਰਾ ਗੁਰੂ ਤੇਗ ਬਹਾਦਰ ਜੀ ਸਾਹਮਣੇ ਖੇਡਿਆ ਹਰੇਕ ਦਾਅ ਉਲਟਾ ਸਾਬਿਤ ਹੋਇਆ। ਔਰੰਗਜ਼ੇਬ ਦੁਆਰਾ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਮੂਹਰੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕਰਨ ਦਾ ਮੰਤਵ ਗੁਰੂ ਤੇਗ ਬਹਾਦਰ ਜੀ ਦੇ ਹੌਸਲੇ ਨੂੰ ਢਹਿ ਢੇਰੀ ਕਰਨਾ ਸੀ। ਔਰੰਗਜ਼ੇਬ ਦੀ ਇਸ ਕਰੂਰ ਅਤੇ ਅਮਾਨਵੀ ਹਰਕਤ ਨੇ ਗੁਰੂ ਤੇਗ ਬਹਾਦਰ ਜੀ ਅੰਦਰਲੇ ਅਥਾਹ ਵਿਸ਼ਵਾਸ ਅਤੇ ਅਡੋਲਤਾ ਦੇ ਪ੍ਰਵਾਹ ਨੂੰ ਹੋਰ ਦ੍ਰਿੜਤਾ ਬਖਸ਼ੀ ਹਰਚਰਨ ਸਿੰਘ ਦੀ ਖਾਸੀਅਤ ਉਹ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਿਆਸੀ ਪ੍ਰਸਥਿਤੀਆਂ ਨੂੰ ਚਿਤਰਣ ਦਾ ਹੁਨਰ ਰੱਖਦਾ ਹੈ। ਸਿੱਖ ਧਰਮ ਦੀ ਮਹਾਨਤਾ ਕਿ ਇਸ ਨੇ ਵਿਪਰੀਤ ਪ੍ਰਸਥਿਤੀਆਂ ਵਿੱਚ ਵੀ ਆਪਣੀ ਨਿਵੇਕਲੀ ਅਤੇ ਸਦੀਵੀਂ ਪਛਾਣ ਸਥਾਪਿਤ ਰੱਖੀ ਹੈ। ਹਕੂਮਤ ਨੂੰ ਉਸ ਦੀਆਂ ਵਧੀਕੀਆਂ ਅਤੇ ਤਸ਼ੱਦਦ ਤੋਂ ਜਾਣੂ ਕਰਵਾਉਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਚੱਲੀ ਆ ਰਹੀ ਹੈ। ਨਾਟਕ ਵਿੱਚ ਉਸ ਸਮੇਂ ਦੇ ਰਾਜਸੀ ਤਣਾਓ ਅਤੇ ਦਵੰਦ ਦੀ ਪੇਸ਼ਕਾਰੀ ਨੂੰ ਪਾਤਰਾਂ ਦੇ ਆਪਸੀ ਸੰਵਾਦ ਰਾਹੀ ਦਰਸਾਇਆ ਗਿਆ ਹੈ। ਸੱਤਾ ਦੇ ਨਸ਼ੇ ਵਿੱਚ ਚੂਰ ਔਰੰਗਜ਼ੇਬ ਲੋਕਾਂ ਨੂੰ ਕੀੜੇ-ਮਕੌੜਿਆਂ ਵਾਂਗ ਪੈਰਾਂ ਹੇਠ ਲਤਾੜ ਰਿਹਾ ਸੀ। ਨਾਟਕ ਵਿੱਚ ਹਰੇਕ ਬਗਾਵਤ ਦਾ ਵੇਰਵਾ ਬੜੀ ਸੂਖਮਤਾ ਸਹਿਤ ਦਿੱਤਾ ਹੈ। ਔਰੰਗਜ਼ੇਬ ਦੇ ਸਾਮਰਾਜ ਵਿੱਚ ਝੂਠ ਅਤੇ ਫਰੇਬ ਦਾ ਬੋਲਬਾਲਾ ਸੀ। ਸੱਤਾ ਦੇ ਲੋਭ ਵਿੱਚ ਫਸੇ ਬਾਦਸ਼ਾਹ ਲਈ ਪਰਜਾ ਦੇ ਹਿੱਤ ਕੋਈ ਮਾਇਨੇ ਨਹੀਂ ਰੱਖਦੇ ਸਨ। ਬਾਦਸ਼ਾਹ ਨੇ ਰਿਸ਼ਤਿਆਂ ਦਾ ਘਾਣ ਕਰ ਫਰੇਬ ਦਾ ਸਾਮਰਾਜ ਉਸਾਰਿਆ ਸੀ। ਨਾਟਕਕਾਰ ਬਾਦਸ਼ਾਹ ਦੇ ਦੰਭੀ ਵਿਹਾਰ ਪਿੱਛੇ ਲੁਕੇ ਅਸਲ ਚਿਹਰੇ ਨੂੰ ਸਾਹਮਣੇ ਲਿਆਉਣ ਲਈ ਕਟਾਕਸ਼ ਦੀ ਜੁਗਤ ਵਰਤਦਾ ਹੈ।

ਨਾਟਕਕਾਰ ਨੇ ਹਿੰਦੁਸਤਾਨ ਦੀ ਧਰਤੀ ਤੇ ਵਾਪਰੇ ਦੁਖਾਂਤ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਤੀ ਅਕੀਦਤ ਦੇ ਫੁੱਲ ਭੇਟ ਕੀਤੇ ਹਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਪੰਜਾਬੀਆਂ ਨੂੰ ਸ਼ਾਸ਼ਕ ਧਿਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਵੇਖਣ ਦਾ ਹੌਸਲਾ ਦਿੱਤਾ। ਜ਼ਾਬਰ ਹਕੂਮਤ ਦਾ ਡਰ ਲੋਕਾਂ ਦੇ ਦਿਲਾਂ ਵਿੱਚੋਂ ਖਤਮ ਹੋ ਚੁੱਕਾ ਸੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਹਮੇਸ਼ਾ ਲਈ ਮੁਗਲ ਕੌਮ ਦਾ ਸਫਾਇਆ ਕਰ ਦਿੱਤਾ। ਨਾਟਕ ਦੀ ਸ਼ੁਰੂਆਤ ਢੰਡੋਰਚੀ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਐਲਾਨਨਾਮੇ ਤੋਂ ਹੁੰਦੀ ਹੈ। ਉਸ ਸਮੇਂ ਹਰੇਕ ਸਿੱਖ ਵਿੱਚ ਇੰਨੀ ਉਤਸੁਕਤਾ ਸੀ ਕਿ ਉਹ ਇੱਕ ਦੂਜੇ ਤੋਂ ਅੱਗੇ ਹੋ ਧਰਮ ਲਈ ਸੀਸ ਦੇਣ ਵਾਸਤੇ ਉਤਾਵਲੇ ਸਨ। "ਨਿਗਾਹੀਆ : ਬਾਪੂ ਉਹ ਜਵਾਨੀ ਫੂਕਣੀ ਏ ਜਿਹੜੀ ਦੇਸ਼ ਤੇ ਧਰਮ ਲਈ ਕੰਮ ਨਾ ਆਵੇ।"[3]। ਉਸ ਸਮੇਂ ਬਹੁਤ ਸਾਰੇ ਅਜਿਹੇ ਵਿਅਕਤੀ ਵੀ ਸਨ ਜਿਹੜੇ ਹਕੂਮਤ ਦੀ ਹਾਂ ਵਿੱਚ ਹਾਂ ਮਿਲਾਉਣਾ ਮੁਸਲਮਾਨਾਂ ਦਾ ਧਾਰਮਿਕ ਫਰਜ਼ ਸਮਝਦੇ ਸਨ। ਗੁਰੂ ਤੇਗ ਬਹਾਦਰ ਜੀ ਧਰਮ ਅਤੇ ਸੰਸਕ੍ਰਿਤੀ ਦੇ ਹਿਤੈਸ਼ੀ ਸਨ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੀ ਪਰੰਪਰਾ ਨੂੰ ਨਿਭਾਉਂਦਿਆਂ ਕਰਾਮਾਤ ਵਿਖਾਉਣ ਦੀ ਬਜਾਏ ਸ਼ਹਾਦਤ ਦਾ ਜਾਮ ਪੀਣ ਨੂੰ ਤਰਜੀਹ ਦਿੰਦਿਆਂ 'ਹਿੰਦ ਦੀ ਚਾਦਰ' ਬਣੇ। ਗੁਰੂ ਤੇਗ ਬਹਾਦਰ ਜੀ ਦੀ ਮਹਾਨ ਕੁਰਬਾਨੀ ਮੂਹਰੇ ਹਰ ਅੱਖ ਨਮ ਸੀ। ਪੰਜਾਬ ਦੀ ਧਰਤੀ ਨੂੰ ਹਮੇਸ਼ਾ ਮਾਣ ਰਹੇਗਾ ਕਿ ਉਸਨੇ ਸੂਰਬੀਰ ਬਹਾਦਰਾਂ ਨੂੰ ਜਨਮ ਦਿੱਤਾ ਹੈ।

ਦੂਜਾ : ਗੁਰੂ ਨੇ ਸਾਬਤ ਕਰ ਦਿੱਤਾ ਹੈ, ਭਾਰਤ ਵਰਸ਼ ਸਾਧਾਂ ਫਕੀਰਾਂ ਦੀ ਨਿਤਾਣੀ ਧਰਤੀ ਨਹੀਂ, ਸਗੋਂ ਮਹਾਨ ਸੂਰਬੀਰਾਂ ਦਾ ਦੇਸ਼ ਹੈ। [4]

ਹਕੂਮਤ ਭਾਵੇਂ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਆਪਣੀ ਜਿੱਤ ਕਰਾਰ ਦੇਣਾ ਚਾਹੁੰਦੀ ਸੀ। ਪਰੰਤੂ ਸਿੱਖ ਆਗੂਆਂ ਦੇ ਹੌਸਲੇ ਸ਼ਹਾਦਤ ਦੀ ਖਬਰ ਨਾਲ ਹੋਰ ਬੁਲੰਦ ਹੋ ਰਹੇ ਸਨ। ਉਹਨਾਂ ਨੂੰ ਵੇਖ ਮੁਗਲ ਸਾਮਰਾਜ ਦੇ ਥੰਮ੍ਹ ਥਿੜਕ ਗਏ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਵਿੱਚ ਨਵੀਂ ਰੂਹ ਭਰੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਨੂੰ ਨਿਵੇਕਲੀ ਪਰਿਭਾਸ਼ਾ ਦਿੱਤੀ। ਗੁਰੂ ਤੇਗ ਬਹਾਦਰ ਜੀ ਸੱਚ ਦੇ ਸੂਰਜ ਹਨ। ਉਨ੍ਹਾਂ ਨੇ ਅੰਧਕਾਰ ਦੇ ਹਨੇਰੇ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ ਸੀ। ਸ਼ਹਾਦਤ ਤੋਂ ਮਗਰੋਂ ਮੁਗਲ ਸਾਮਰਾਜ ਵਿੱਚ ਭਾਰੀ ਅਫਰਾ ਤਫਰੀ ਦਾ ਮਾਹੌਲ ਸੀ। ਉਸਦੇ ਅਹਿਲਕਾਰ ਅੰਦਰੋਂ ਡਰੇ ਪਰੰਤੂ ਬਾਹਰੋਂ ਬਾਦਸ਼ਾਹ ਦੇ ਵਫਾਦਾਰ ਹੋਣ ਦਾ ਮੁਜ਼ਾਰਾ ਕਰ ਰਹੇ ਸਨ। ਔਰੰਗਜ਼ੇਬ ਦੇ ਨਾਲ ਉਸ ਦੇ ਵਜ਼ੀਰ ਵਫਾਦਾਰ ਵੀ ਇਸ ਗੁਨਾਹ ਦੇ ਬਰਾਬਰ ਭਾਗੀਦਾਰ ਬਣਦੇ ਹਨ। ਔਰੰਗਜ਼ੇਬ ਦੀ ਕੁਤਾਹੀ ਮੁਗਲ ਸਾਮਰਾਜ ਨੂੰ ਬੜੀ ਤੇਜ਼ੀ ਨਾਲ ਨਿਘਾਰ ਵੱਲ ਲੈ ਗਈ ਸੀ। ਇਹ ਸ਼ਹਾਦਤ ਦਾ ਕਮਾਲ ਸੀ ਕਿ ਸਿੱਖ ਧਰਮ ਦੇ ਨਾਲ ਮੁਸਲਿਮ ਜਗਤ ਦੇ ਲੋਕ ਵੀ ਗੁਰੂ ਤੇਗ ਬਹਾਦਰ ਜੀ ਦੇ ਮੁਰੀਦ ਹੋ ਗਏ। ਔਰੰਗਜ਼ੇਬ ਨੂੰ ਜੋ ਤੌਖਲਾ ਸੀ ਲੋਕਾਂ ਦੇ ਮਨਾਂ ਵਿੱਚੋਂ ਗੁਰੂ ਪਿਆਰ ਬਾਰੇ ਉਸ ਨੂੰ ਉਹ ਚਾਹ ਕੇ ਵੀ ਖਤਮ ਨਹੀਂ ਕਰ ਸਕਿਆ ਸੀ। ਇਹ ਮੁਗਲ ਹਕੂਮਤ ਦੀ ਸਭ ਤੋਂ ਵੱਡੀ ਹਾਰ ਸੀ। ਉਸ ਸਮੇਂ ਬਾਦਸ਼ਾਹ ਦੀਆਂ ਬੇਤਰਤੀਬੀਆਂ ਕਾਰਨ ਪੂਰਾ ਆਲਮ ਉਸ ਦੇ ਵਿਰੁੱਧ ਵਿਦਰੋਹ ਕਰ ਚੁੱਕਾ ਸੀ। ਸੱਚ ’ਤੇ ਪਹਿਰਾ ਦੇਣ ਵਾਲੇ ਹਰੇਕ ਵਿਅਕਤੀ ਨੂੰ ਬਾਦਸ਼ਾਹ ਆਪਣਾ ਦੁਸ਼ਮਣ ਮੰਨਦਾ ਸੀ। ਜਿਸ ਵਾਸਤੇ ਮੌਤ ਦੀ ਸਜ਼ਾ ਮੁਕੱਰਰ ਕੀਤੀ ਗਈ ਸੀ। ਬਾਦਸ਼ਾਹ ਦੇ ਸਾਮਰਾਜ ਵਿੱਚ ਨਿਆਂ ਦੇ ਰਾਖੇ ਕਾਜ਼ੀ ਵੱਢੀ ਖੋਰ ਅਤੇ ਭ੍ਰਿਸ਼ਟ ਹੋ ਚੁੱਕੇ ਸਨ। ਜਿਨ੍ਹਾਂ ਪਾਸੋਂ ਇਨਸਾਫ ਦੀ ਆਸ ਕਰਨਾ ਫਜ਼ੂਲ ਸੀ ਪਰੰਤੂ ਗੁਰੂ ਪ੍ਰੇਮੀਆਂ ਲਈ ਕਾਜ਼ੀਆਂ ਵਰਗੇ ਧਰਮ ਦੇ ਠੇਕੇਦਾਰ ਵੀ ਕੋਈ ਰੁਕਾਵਟ ਨਹੀਂ ਬਣ ਸਕੇ। ਹੱਕ ‘ਤੇ ਪਹਿਰਾ ਦੇਣ ਵਾਲਿਆਂ ਨੂੰ ਬਾਗੀ ਕਹਿ ਲਿਤਾੜ ਦਿੱਤਾ ਜਾਂਦਾ ਸੀ। ਇਸ ਕਹਿਰ ਨੂੰ ਮੁਗਲ ਹਕੂਮਤ ਨੇ ਜਿਹਾਦ ਦਾ ਨਾਂ ਦਿੱਤਾ ਸੀ। “ ਸਿੱਖ ਧਰਮ ਅਜਿਹਾ ਧਰਮ ਹੈ ਜੋ ਬਿਨਾਂ ਕਿਸੇ ਭੇਦ ਭਾਵ ਦੇ ਮਾਨਵਤਾ ਦੇ ਕਿਲਿਆਣ ਲਈ ਕਾਰਜ ਕਰਦਾ ਵਿਖਾਈ ਦਿੰਦਾ ਹੈ।”[5] ‘ਹਿੰਦ ਦੀ ਚਾਦਰ’ਨਾਟਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਬਿਆਨ ਕਰਦਾ ਇਤਿਹਾਸਕ ਦਸਤਾਵੇਜ਼ ਹੋਣ ਦਾ ਰੁਤਬਾ ਰੱਖਦਾ ਹੈ। ਨਾਟਕ ਹਿੰਦੁਸਤਾਨ ਦੇ ਉਨ੍ਹਾਂ ਹਲਾਤਾਂ ਨੂੰ ਉਲੀਕਦਾ ਹੈ, ਜਿਸ ਨਾਲ ਲੋਕਾਂ ਦੇ ਹਕੂਮਤ ਸੰਬੰਧੀ ਪ੍ਰਤੀਕਰਮ ਬਾਰੇ ਜਾਣਕਾਰੀ ਮਿਲਦੀ ਹੈ। “ਸੂਫੀ : ਕਾਜ਼ੀ ਬੋਹਰਾ, ਇਨਸਾਨੀ ਖਿਦਮਤ ਔਰ ਕੁਰਬਾਨੀ ਦੀ ਇਸ ਲਾਸਾਨੀ ਸ਼ਹਾਦਤ ਤੋਂ ਭਾਰੀ ਹੋਰ ਕਿਆ ਕਰਾਮਾਤ ਹੋ ਸਕਦੀ ਹੈ।”[5]

ਨਾਟਕ ਵਿੱਚ ਨਾਟਕਕਾਰ ਬਹੁਤ ਤਰ੍ਹਾਂ ਦੇ ਸਵਾਲ ਕਰਦਾ ਪ੍ਰਤੀਤ ਹੁੰਦਾ ਹੈ। ਨਾਟਕਕਾਰ ਜਨਤਾ ਦੇ ਨਿਘਰ ਰਾਹੀ ਹਾਲਤ ਪਿੱਛੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਨੂੰ ਜ਼ਿੰਮੇਵਾਰ ਦੱਸਦਾ ਹੈ। ਉਹ ਹਿੰਦੁਸਤਾਨ ਦੀ ਧਰਤੀ ਨੂੰ ਇਸਲਾਮ ਧਰਮ ਵਿੱਚ ਤਬਦੀਲ ਕਰਨਾ ਚਾਹੁੰਦਾ ਸੀ। ਜਿਸ ਨੂੰ ਹਰ ਹੀਲੇ ਲਾਗੂ ਕਰਾਉਣ ਲਈ ਲੋਕਾਂ ਉੱਪਰ ਅਣਚਾਹੇ ਅਤੇ ਅਸਹਿ ਤਸ਼ੱਦਦ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ

ਜਾ ਰਿਹਾ ਸੀ। ਇਹ ਨਾਟਕ ਦੀ ਉਪਲਬਧੀ ਕਿ ਨਾਟਕ ਆਦਿ ਤੋਂ ਅੰਤ ਤੱਕ ਇੱਕ ਤੀਬਰ ਉਤਸੁਕਤਾ ਪਾਠਕਾਂ ਦੇ ਵਿੱਚ ਬਣਾਈ ਰੱਖਦਾ ਹੈ। ਜਿਵੇਂ-ਜਿਵੇਂ ਨਾਟਕ ਆਪਣੇ ਸਿਖਰ ਵੱਲ ਵੱਧਦਾ ਨਾਟਕ ਦੀਆਂ ਪਰਤਾਂ ਦੇ ਵਿੱਚ ਤੇਜ਼ੀ ਆਉਂਦੀ ਜਾਂਦੀ ਹੈ। ਨਾਟਕ ਦੇ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਉਪਰੰਤ ਉਪਜੇ ਪ੍ਰਤੀਕਰਮ ਨੂੰ ਨਾਟਕੀ ਰੂਪ ਵਿੱਚ ਬਾਖੂਬੀ ਪੇਸ਼ ਕੀਤਾ ਗਿਆ ਹੈ। ਨਾਟਕ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਿਰਤਾਂਤ ਸੰਬੰਧੀ ਵੇਰਵਿਆਂ ਨੂੰ ਨਾਟਕਕਾਰ ਨੇ ਯਥਾਰਥਕ ਰੂਪ ਵਿੱਚ ਪਾਠਕਾਂ ਦੇ ਸਾਹਮਣੇ ਸਾਕਾਰ ਕਰ ਵਿਖਾਇਆ ਹੈ। ਨਾਇਕ ਦੀ ਪੇਸ਼ਕਾਰੀ ਤੋਂ ਬਿਨਾਂ ਵਰਤਾਲਾਪ ਨੂੰ ਅਗਾਂਹ ਤੋਰਨਾ ਇਕ ਚੁਣੌਤੀ ਭਰਪੂਰ ਕਾਰਜ ਹੁੰਦਾ ਹੈ। 'ਹਿੰਦ ਦੀ ਚਾਦਰ' ਨਾਟਕ ਵਿੱਚ ਨਾਟਕਕਾਰ ਦੀ ਕਲਾਤਮਿਕ ਸਮਰੱਥਾ ਸਿਖਰਾਂ ਨੂੰ ਛੂਹਦੀ ਹੈ।

ਇਸ ਨਾਟਕ ਦੇ ਹਵਾਲੇ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਹਕੂਮਤ ਪ੍ਰਤੀ ਲੋਕਾਂ ਦੀ ਨਿਡਰਤਾ ਅਤੇ ਕ੍ਰੋਧ ਨੂੰ ਉਲੀਕਿਆ ਗਿਆ ਹੈ। ਜ਼ਾਲਮ ਸ਼ਾਸਕ ਦੁਆਰਾ ਜ਼ੁਲਮ ਦੇ ਸਾਰੇ ਹੱਦ ਬੰਨੇ ਉਲੰਘਣਾ ਦੇ ਬਾਵਜੂਦ ਲੋਕਾਂ ਦਾ ਹਕੂਮਤ ਮੂਹਰੇ ਗੋਡੇ ਟੇਕਣ ਦੀ ਬਜਾਏ ਦੂਣੇ ਰੋਹ ਦੇ ਨਾਲ ਉੱਠ ਖੜਨਾ ਹਿੰਦੁਸਤਾਨ ਦੀ ਧਰਤੀ ਦੇ ਉੱਪਰ ਵਾਪਰਨ ਵਾਲੀ ਅੱਦਭੁਤ ਅਤੇ ਇਤਿਹਾਸਿਕ ਘਟਨਾ ਹੈ। "ਸੂਫੀ: ਮੈਂ ਗਜ ਵਜ ਕੇ ਕਹਾਂਗਾ ਗੁਰੂ ਤੇਗ ਬਹਾਦਰ ਦਾ ਕਤਲ ਇਨਸਾਨੀਅਤ ਨਾਲ ਧਰੋਹ ਹੈ।"[7] ਨਾਟਕ ਵਿੱਚ ਔਰੰਗਜ਼ੇਬ ਨੂੰ ਅਤਿ ਦਰਜੇ ਦਾ ਜ਼ਾਬਰ, ਜਾਨੂੰਨੀ ਅਤੇ ਹੱਠ ਧਰਮੀ ਕਿਹਾ ਗਿਆ ਹੈ। ਨਾਟਕ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਬਿੰਬ ਬੁਲੰਦ ਹੌਸਲੇ, ਨਿਡਰ, ਨਿਮਰਤਾ ਦੇ ਧਾਰਨੀ ਅਤੇ ਭਰਾਤੀਭਾਵ ਦੇ ਪ੍ਰਚਾਰਕ ਵਜੋਂ ਉਘੜਦਾ ਹੈ। ਨਾਟਕ ਇਸ ਗੱਲ ਦੀ ਗਵਾਹੀ ਦਿੰਦਾ ਕਿ ਔਰੰਗਜ਼ੇਬ ਦੀ ਕੱਟੜਤਾ ਦੇ ਮੂਹਰੇ ਸਿੱਖ ਧਰਮ ਤੋਂ ਬਿਨਾਂ ਕੋਈ ਅਜਿਹਾ ਸੂਰਬੀਰ ਯੋਧਾ ਹਿੰਦੁਸਤਾਨ ਵਿੱਚ ਨਹੀਂ ਹੋਇਆ ਜਿਹੜਾ ਉਸ ਦੇ ਮੁਕਾਬਲੇ ਉੱਪਰ ਖੜ੍ਹਨ ਦਾ ਹੀਆ ਕਰ ਸਕਦਾ ਸੀ। ਨਾਟਕ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੇਲੇ ਵਾਪਰਨ ਵਾਲੀ ਹਰੇਕ ਘਟਨਾ ਨੂੰ ਬੜੀ ਸੂਖਮਤਾ ਅਤੇ ਚੇਤਨਾ ਸਹਿਤ ਪੇਸ਼ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪੂਰੇ ਵਿਸ਼ਵ ਵਿੱਚ ਵਾਪਰਨ ਵਾਲੀ ਅਦਭੁੱਤ ਘਟਨਾ ਹੈ। ਜਿਸ ਨੂੰ ਨਾਟਕਕਾਰ ਯਥਾਰਥਕ ਰੂਪ ਵਿੱਚ ਸਾਕਾਰ ਕਰਨ ਵਿੱਚ ਸਫਲ ਹੋਇਆ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ, ਰਵੀ ਸਾਹਿਤ ਪ੍ਰਕਾਸ਼ਨ ਹਾਲ ਬਾਜ਼ਾਰ ਅੰਮ੍ਰਿਤਸਰ, 2002, ਪੰਨਾ-14
2. ਡਾ. ਮਹਿਲ ਸਿੰਘ (ਮੁੱਖ ਸੰਪਾਦਕ), ਡਾ. ਆਤਮ ਸਿੰਘ, ਡਾ. ਪਰਮਿੰਦਰ ਸਿੰਘ (ਸੰਪਾਦਕ), ਸ੍ਰੀ ਗੁਰੂ ਤੇਗ ਬਹਾਦਰ ਬਾਣੀ ਤੇ ਸ਼ਹਾਦਤ ਦਾ ਗੌਰਵ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2021 ਪੰਨਾ- 115
3. ਹਰਚਰਨ ਸਿੰਘ, ਹਿੰਦ ਦੀ ਚਾਦਰ, ਲਾਹੌਰ ਬੁੱਕ ਸ਼ਾਪ 2 ਲਾਜਪਤ ਰਾਏ ਮਾਰਕੀਟ

ਲੁਧਿਆਣਾ, 2002 ਪੰਨਾ-39
4. ਉਹੀ, ਪੰਨਾ- 44
5. ਖੋਜ ਪੰਧ, ਜਿਲਦ-7, ਮਾਰਚ 2021, ਪੰਨਾ-54
6. ਹਰਚਰਨ ਸਿੰਘ, ਹਿੰਦ ਦੀ ਚਾਦਰ, ਲਾਹੌਰ ਬੁੱਕ ਸ਼ਾਪ 2 ਲਾਜਪਤ ਰਾਏ ਮਾਰਕੀਟ ਲੁਧਿਆਣਾ, 2002, ਪੰਨਾ54-
7. ਉਹੀ, ਪੰਨਾ-62

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨ ਦਾ ਸੰਕਲਪ

ਡਾ. ਗੁਰਦੀਪ ਕੌਰ

ਮੁਖੀ, ਪੰਜਾਬੀ ਵਿਭਾਗ

ਮਾਤਾ ਸਾਹਿਬ ਕੌਰ ਗਰਲਜ ਕਾਲਜ ਗਹਿਲ, ਬਰਨਾਲਾ।

ਸੰਪਰਕ: 95011-17030

ਨੌਵੇਂ ਗੁਰੂ ਤੇਗ ਬਹਾਦਰ ਜੀ ਦਾ ਜਨਮ ਭਾਰਤੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਹੈ। ਉਨਾਂ ਦਾ ਜਨਮ ਛੇਵੇਂ ਗੁਰੂ ਹਰਗੋਬਿੰਦ ਜੀ ਦੇ ਘਰ ਸੰਨ 1621 ਈਸਵੀ ਵਿੱਚ ਹੋਇਆ। ਆਪ ਸੰਸਾਰਿਕਤਾ ਵਿੱਚ ਦਿਲਚਸਪੀ ਨਾ ਰੱਖਣ ਵਾਲੇ ਸ਼ਾਂਤ ਅਤੇ ਗੰਭੀਰ ਸੁਭਾਅ ਦੇ ਮਾਲਕ ਸਨ। ਆਪ ਹਮੇਸ਼ਾ ਸਮਾਧੀ ਦੀ ਅਵਸਥਾ ਵਿੱਚ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਆਪਦੇ ਉਚਾਰੇ 59 ਸ਼ਬਦ ਅਤੇ 57 ਸਲੋਕ ਦਰਜ ਹਨ। ਆਪ ਦੀ ਰਚਨਾ 15 ਰਾਗਾਂ ਵਿੱਚ ਹੈ। ਗੁਰੂ ਗ੍ਰੰਥ ਸਾਹਿਬ ਦਾ 31ਵਾਂ ਰਾਗ ਜੈ ਜਾਵੰਤੀ ਹੈ। ਜਿਸ ਵਿੱਚ ਸਿਰਫ ਗੁਰੂ ਜੀ ਵੱਲੋਂ ਹੀ ਬਾਣੀ ਲਿਖੀ ਗਈ ਹੈ। ਇਹਨਾਂ ਦੀ ਬਾਣੀ ਵਿੱਚ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ ਪ੍ਰਗਟਾਏ ਗਏ ਹਨ ਪਰ ਅੱਜ ਇੱਥੇ ਮੈਂ ਸਿਰਫ ਇਹਨਾਂ ਦੀ ਰਚਨਾ ਵਿੱਚ ਮਨ ਦੇ ਸੰਕਲਪ ਬਾਰੇ ਵਿਚਾਰ ਕਰਾਂਗੀ। ਗੁਰੂ ਜੀ ਅਨੁਸਾਰ ਜੇਕਰ ਮਨੁੱਖ ਦਾ ਮਨ ਬੁਰਾਈਆਂ ਛੱਡ ਕੇ ਪਰਮਾਤਮਾ ਦੇ ਨਾਮ ਸਿਮਰਨ ਦੇ ਰਾਹ ਪੈ ਜਾਵੇ ਤਾਂ ਉਹ ਮਨੁੱਖ ਆਦਰਸ਼ ਮਨੁੱਖ ਬਣ ਸਕਦਾ ਹੈ। ਉਹਨਾਂ ਅਨੁਸਾਰ ਸਰੀਰ ਨੂੰ ਕਿਸੇ ਸਿੱਧੇ ਰਾਹ ਤੇ ਤੋਰਨ ਲਈ ਮਨ ਦਾ ਸਿੱਧੇ ਰਾਹ ਤੇ ਪੈਣਾ ਜਰੂਰੀ ਹੁੰਦਾ ਹੈ। ਇਸ ਲਈ ਉਹ ਬਾਣੀ ਰਾਹੀਂ ਮਨੁੱਖੀ ਮਨ ਦੀਆਂ ਡੂੰਘਾਈਆਂ ਤੱਕ ਪਹੁੰਚ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਕਿ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਨੂੰ ਉਸਦੀਆਂ ਮਾਨਸਿਕ ਕਿਰਿਆਵਾਂ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਡਾ. ਦੀਵਾਨ ਸਿੰਘ ਕਾਲੇਪਾਣੀ ਅਨੁਸਾਰ, "ਹਰ ਧਰਮ ਦਾ ਮੂਲ ਸੰਬੋਧਨ (Address) ਮਨੁੱਖ ਮਾਤਰ ਨੂੰ ਹੈ। ਮਨੁੱਖ ਕੀ ਹੈ?ਸਰੀਰ, ਮਨ ਅਤੇ ਆਤਮਾ ਦਾ ਸੂਖਮ ਜਿਹਾ ਮੁਜਸਮਾ ( Complex Entity )ਮਨ ਜੋ ਸਰੀਰ ਅਤੇ ਆਤਮਾ ਦੇ ਵਿਚਕਾਰ ਇੱਕ ਮੱਧ ਅਸਥ (Mediator )ਵਜੋਂ ਹੈ, ਕਦੀ ਬਾਹਰਮੁਖੀ(Extrovert)ਹੁੰਦਾ ਹੈ ਅਤੇ ਕਦੀ ਅੰਤਰਮੁਖੀ ( Introvert) ਇਸ ਤਰਾਂ ਮਨ ਇਕ ਕੇਂਦਰੀ ਸਥਿਤੀ ਦਾ ਲਿਖਾਇਕ ਹੈ। "1 ਗੁਰੂ ਜੀ ਦੀ ਬਾਣੀ ਦਾ ਉਦੇਸ਼ ਮਨੁੱਖ ਦਾ ਕਲਿਆਣ ਕਰਨਾ ਸੀ। ਉਹਨਾਂ ਨੇ ਆਪਣੀ ਬਾਣੀ ਰਾਹੀਂ ਵਾਰ-ਵਾਰ ਮਨੁੱਖੀ ਮਨ ਨੂੰ ਸੰਬੋਧਨ ਕੀਤਾ ਹੈ ਅਤੇ ਮਨੁੱਖੀ ਮਨ ਦੀ ਹਾਲਤ ਦਾ ਬਾਖੂਬੀ ਬਿਆਨ ਕੀਤਾ ਹੈ ਜੋ ਮਾਇਆ ਤੇ ਵਿਕਾਰਾਂ ਤੋਂ ਪ੍ਰਭਾਵਿਤ ਹੋਣ ਕਾਰਨ ਪਰਮਾਤਮਾ ਦੇ ਨਾਮ ਤੋਂ ਵਿਹੂਣੀ ਹੈ ਅਤੇ ਮਨੁੱਖੀ ਮਨ ਨੂੰ ਪਰਮਾਤਮਾ ਨਾਲ ਜੁੜਨ ਲਈ ਪ੍ਰੇਰਤ ਕਰਦੀ ਹੈ। ਮਨੁੱਖ ਦੇ ਦਿਨ ਰਾਤ ਮਾਇਆ ਮੋਹ ਵਿੱਚ ਮਸਤ ਰਹਿਣ ਕਰਕੇ ਪਰਮਾਤਮਾ ਦੀ ਸਿਫਤ ਸਲਾਹ

ਉਸਦੇ ਮਨ ਵਿੱਚ ਨਹੀਂ ਵੱਸਦੀ। ਮਨੁੱਖ ਦੇ ਇਸੇ ਹਿਰਦੇ ਵਿੱਚ ਕ੍ਰੋਧ ਵੀ ਵਸਦਾ ਹੈ ਜਿਹੜਾ ਕਿ ਮਨੁੱਖ ਦੀ ਹੋਸ਼ ਭੁਲਾ ਦਿੰਦਾ ਹੈ ਅਤੇ ਕੁਰਾਹੇ ਪਿਆ ਮਨ ਮੁਸ਼ਕਲ ਨਾਲ ਮਿਲੇ ਮਨੁੱਖਾਂ ਸਰੀਰ ਨੂੰ ਪ੍ਰਾਪਤ ਹੋਣ ਕਰਕੇ ਇਸ ਜਨਮ ਨੂੰ ਵਿਅਰਥ ਗੁਜ਼ਾਰ ਦਿੰਦਾ ਹੈ ਅਤੇ ਉਹ ਜਿਹੜੇ ਰਿਸ਼ਤਿਆਂ ਨੂੰ ਆਪਣਾ ਸਮਝ ਕੇ ਉਹਨਾਂ ਲਈ ਆਪਣਾ ਜੀਵਨ ਵਿਅਰਥ ਗੁਜਾਰ ਰਿਹਾ ਹੈ ਉਹ ਵੀ ਸਦਾ ਨਾਲ ਨਹੀਂ ਨਿਭਣੇ ਜਿਵੇਂ ਇੱਕ ਜੁਆਰੀਆ ਜੂਏ ਦੀ ਬਾਜੀ ਹਾਰਦਾ ਹੈ ਉਵੇਂ ਹੀ ਮਨੁੱਖ ਆਪਣਾ ਕੀਮਤੀ ਜਨਮ ਪਰਮਾਤਮਾ ਦੇ ਨਾਮ ਤੋਂ ਬਿਨਾਂ ਹਾਰ ਰਿਹਾ ਹੈ:

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹਿ ਨਾਰੀ॥

ਇਸ ਮੈ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ॥[2]

ਮਨ ਲੋਭ ਵਿੱਚ ਫਸਣ ਕਰਕੇ ਦਸੀਂ ਪਾਸੀ ਦੌੜਦਾ ਹੈ ਧਨ ਦੀ ਤ੍ਰਿਸ਼ਨਾ ਵਿੱਚ ਫਸਿਆ ਹੈ। ਇਹ ਸੁੱਖ ਪ੍ਰਾਪਤ ਕਰਨ ਲਈ ਹਰ ਇੱਕ ਦੀ ਖੁਸ਼ਾਮਦ ਕਰਦਾ ਹੈ ਪਰ ਪੱਲੇ ਦੁੱਖ ਹੀ ਪੈਂਦੇ ਹਨ। ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਹੈ ਪਰ ਪਰਮਾਤਮਾ ਦਾ ਭਜਨ ਕਰਨ ਦੀ ਸੋਝੀ ਨਹੀਂ ਹੈ :

ਬਿਰਥਾ ਕਹਉ ਕਉਨ ਸਿਉ ਮਨ ਕੀ॥

ਲੋਭ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥[3]

ਗੁਰੂ ਜੀ ਅਨੁਸਾਰ ਮਨੁੱਖ ਨੂੰ ਪਰਮਾਤਮਾ ਨਾਲ ਪਿਆਰ ਬਣਾ ਕੇ ਕੰਨਾਂ ਨਾਲ ਉਸਦੀ ਉਸਤਤ ਸੁਣਨੀ ਅਤੇ ਜੀਭ ਨਾਲ ਸਿਫਤ ਸਲਾਹ ਦੇ ਗੀਤ ਗਾਉਣੇ ਚਾਹੀਦੇ ਹਨ ਪਰ ਉਹ ਮਾਇਆਧਾਰੀ ਨਾਸ਼ਵੰਤ ਸੰਸਾਰ ਦੇ ਰੁਝੇਵਿਆਂ ਵਿੱਚ ਹੀ ਲੱਗਾ ਰਹਿੰਦਾ ਹੈ ਨਾ ਹੀ ਪਰਮਾਤਮਾ ਦਾ ਭਜਨ ਕਰਦਾ ਹੈ ਨਾ ਹੀ ਸੰਤ ਜਨਾਂ ਦੀ ਸੇਵਾ ਕਰਦਾ ਹੈ ਪਰਾਈ ਨਿੰਦਾ ਅਤੇ ਪਰਾਈ ਇਸਤਰੀ ਦੇ ਰਸ ਵਿੱਚ ਮਸਤ ਰਹਿੰਦਾ ਹੈ ਉਹ ਪਰਮਾਤਮਾ ਦਾ ਨਾਮ ਸਿਮਰਨ ਕਰੇ ਤੋਂ ਬਿਨਾਂ ਹੀ ਸੰਸਾਰ ਤੋਂ ਚਲਾ ਜਾਂਦਾ ਹੈ। ਜੇ ਮਨੁੱਖ ਸਿਰ ਮਨਾ ਕੇ ਭਗਵੇ ਕੱਪੜੇ ਪਾ ਲਵੇ ਤਾਂ ਵੀ ਜੀਵਨ ਦਾ ਕੁਝ ਨਹੀਂ ਸਵਾਰਦਾ ਕਿਉਂਕਿ ਉਹ ਦੂਜਿਆਂ ਨਾਲ ਛਲ ਕਪਟ ਕਰਦਾ ਹੈ। ਪਸ਼ੂਆਂ ਵਾਂਗ ਸੌ ਕੇ ਜੀਵਨ ਵਿਅਰਥ ਗੁਜਾਰਦਾ ਹੈ ਜਿਹੜਾ ਮਨੁੱਖ ਬੇਪਰਵਾਹ ਹੈ। ਉਸ ਨੂੰ ਹੋਸ਼ ਕਰਕੇ ਮਾਇਆ ਦੇ ਮੋਹ ਤੋਂ ਬਾਹਰ ਆਉਣ ਲਈ ਸਮਝਾਇਆ ਹੈ ਕਿ ਮਨੁੱਖ ਜਿਹੜਾ ਸਰੀਰ ਨਾਲ ਲੈ ਕੇ ਪੈਦਾ ਹੁੰਦਾ ਹੈ। ਇਹ ਵੀ ਅੰਤ ਸਮੇਂ ਨਾਲ ਨਹੀਂ ਜਾਂਦਾ ਜਿਹੜੇ ਮਾਂ, ਪਿਓ, ਪਤਨੀ, ਪੁੱਤਰ ਅਤੇ ਰਿਸ਼ਤੇਦਾਰਾਂ ਨੂੰ ਮਨੁੱਖ ਪਿਆਰ ਕਰਦਾ ਹੈ ਜਦੋਂ ਜਿੰਦ ਸਰੀਰ ਨਾਲੋਂ ਵੱਖ ਹੁੰਦੀ ਹੈ ਤਦੋਂ ਉਹੀ ਆਪਣੇ ਉਸ ਦਾ ਸਸਕਾਰ ਕਰਨ ਲਈ ਕਾਹਲੇ ਹੁੰਦੇ ਹਨ। ਇਸ ਪ੍ਰਕਾਰ ਸੰਸਾਰ ਵਿੱਚ ਮਾਇਆਵੀ ਰਿਸ਼ਤਿਆਂ ਦਾ ਜਿੰਦਗੀ ਤੱਕ ਹੀ ਵਰਤ ਵਿਹਾਰ ਰਹਿੰਦਾ ਹੈ। ਇਹ ਸੰਸਾਰ ਸੁਪਨੇ ਵਾਂਗ ਹੈ। ਇਸ ਲਈ ਪਰਮਾਤਮਾ ਦੇ ਗੁਣ ਗਾਉਣੇ ਚਾਹੀਦੇ ਹਨ:

ਜਾਗ ਲੇਹੁ ਰੇ ਮਨਾ ਜਾਗ ਲੇਹੁ॥

ਕਹਾ ਗਫਲ ਗੋਇਆ॥

ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥

ਨਾਨਕ ਹਰਿ ਗੁਣ ਗਾਇ ਲੈ ਸਭ ਸੁਖਨ ਸਮਾਨਉ॥[4]

ਗੁਰੂ ਜੀ ਅਨੁਸਾਰ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ ਸਾਂਝ ਪਾਉਣੀ ਚਾਹੀਦੀ ਹੈ। ਕਿਉਂਕਿ ਇਹ ਦੁੱਖਾਂ ਦਾ ਨਾਸ਼ ਕਰਦਾ ਹੈ ਇਸ ਨਾਮ ਦੇ ਜਪਣ ਨਾਲ ਕੁਰਾਹੇ ਪਏ ਮਨੁੱਖਾ ਦੇ ਗੁਨਾਹ ਮਾਫ ਕਰ ਦਿੱਤੇ ਜਾਂਦੇ ਹਨ। ਇਸ ਨਾਮ ਦੇ ਜਪਣ ਨਾਲ ਅਜਾਮਲ ਵਿਕਾਰਾਂ ਤੋਂ ਹਟ ਗਿਆ, ਗਨਿਕਾ ਵੀ ਵਿਕਾਰਾਂ ਤੋਂ ਮੁਕਤ ਹੋ ਗਈ ਜਦੋਂ ਗਜ ਨੇ ਪਰਮਾਤਮਾ ਦਾ ਨਾਮ ਉਚਾਰਿਆ। ਉਸਦੀ ਵਿਪਤਾ ਵੀ ਦੂਰ ਹੋ ਗਈ। ਨਾਰਦ ਦੇ ਉਪਦੇਸ਼ ਨਾਲ ਬਾਲਕ ਧਰੂ ਪਰਮਾਤਮਾ ਦੇ ਨਾਮ ਨਾਲ ਜੁੜ ਗਿਆ ਅਤੇ ਸਦਾ ਲਈ ਅਟੱਲ ਅਮਰ ਹੋ ਗਿਆ:

ਦੁਖ ਹਰਤਾ ਹਰਿ ਨਾਮੁ ਪਛਾਨੋ॥

ਅਜਾਮਲ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥[5]

ਗੁਰੂ ਜੀ ਅਨੁਸਾਰ ਮਨੁੱਖ ਨੇ ਜਿਸ ਸੰਸਾਰ ਵਿੱਚ ਆਪਣਾ ਮਨ ਲਗਾਇਆ ਹੋਇਆ ਹੈ। ਉਹ ਇੱਕ ਧੂਏ ਦੇ ਪਹਾੜ ਵਾਂਗ ਹੈ ਜਿਸ ਨੂੰ ਹਵਾ ਦਾ ਇੱਕ ਬੁੱਲਾ ਉਡਾ ਕੇ ਲੈ ਜਾਂਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪਰਮਾਤਮਾ ਦੇ ਨਾਮ ਨੂੰ ਆਪਣੀ ਜਿੰਦਗੀ ਵਿੱਚ ਉਸੇ ਤਰਾਂ ਆਸਰਾ ਬਣਾਵੇ ਜਿਵੇਂ ਇੱਕ ਮੱਛੀ ਪਾਣੀ ਨੂੰ ਆਪਣੀ ਜਿੰਦ ਦਾ ਆਸਰਾ ਬਣਾਉਂਦੀ ਹੈ। ਇਸ ਤਰਾਂ ਉਮਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਹੀ ਲੰਘਦੀ ਜਾ ਰਹੀ ਹੈ ਜਿਸ ਪਰਮਾਤਮਾ ਨੇ ਸਰੀਰ, ਧਨ, ਜਾਇਦਾਦ ਸੁੱਖ ਅਤੇ ਸੋਹਣੇ ਘਰ ਬਾਰ ਦਿੱਤੇ ਹਨ। ਉਸ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਉਸ ਦੇ ਬਰਾਬਰ ਹੋਰ ਕੋਈ ਨਹੀਂ ਹੈ ਉਸਦੇ ਨਾਮ ਸਿਮਰਨ ਨਾਲ ਉੱਚੀ ਆਤਮਿਕ ਅਵਸਥਾ ਵੀ ਪ੍ਰਾਪਤ ਹੁੰਦੀ ਹੈ :

ਸਭ ਸੁਖ ਦਾਤਾ ਰਾਮ ਹੈ ਦੂਸਰ ਨਾਹਿਨ ਕੋਇ॥

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥[6]

ਮਨੁੱਖ ਨੂੰ ਆਪਣੇ ਮਨ ਦਾ ਅਹੰਕਾਰ ਛੱਡ ਦੇਣਾ ਚਾਹੀਦਾ ਹੈ ਅਤੇ ਕਾਮ, ਕ੍ਰੋਧ ਵੀ ਬੁਰੇ ਮਨੁੱਖ ਦੀ ਸੰਗਤ ਵਾਂਗ ਹੀ ਹਨ। ਇਸ ਤੋਂ ਵੀ ਹਰ ਸਮੇਂ ਦੂਰ ਰਹਿਣਾ ਚਾਹੀਦਾ ਹੈ ਜਿਹੜਾ ਮਨੁੱਖ ਸੁੱਖ ਦੁੱਖ ਨੂੰ ਇੱਕ ਸਮਾਨ ਸਮਝਦਾ ਹੈ ਆਦਰ ਅਤੇ ਨਿਰਾਦਰ ਨੂੰ ਇੱਕ ਸਮਾਨ ਸਮਝਦਾ ਹੈ ਜਿਹੜਾ ਮਨੁੱਖ ਸੁੱਖ ਸਮੇਂ ਅਹੰਕਾਰ ਵਿੱਚ ਨਹੀਂ ਆਉਂਦਾ, ਦੁੱਖ ਸਮੇਂ ਘਬਰਾਉਂਦਾ ਨਹੀਂ, ਨਾ ਹੀ ਕਿਸੇ ਦੀ ਖੁਸ਼ਾਮਦ ਕਰਦਾ ਹੈ, ਨਾ ਹੀ ਕਿਸੇ ਦੀ ਨਿੰਦਾ ਕਰਦਾ ਹੈ। ਉਸਨੇ ਜਗਤ ਵਿੱਚ ਜੀਵਨ ਦਾ ਭੇਦ ਸਮਝ ਲਿਆ ਹੈ। ਇਸ ਅਵਸਥਾ ਤੱਕ ਗੁਰੂ ਦੀ ਸ਼ਰਨ ਪੈ ਕੇ ਹੀ ਪਹੁੰਚਿਆ ਜਾ ਸਕਦਾ:

ਸਾਧੋ ਮਨ ਕਾ ਮਾਨ ਤਿਆਗਉ॥

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਨਿਸ ਭਾਗੁਉ ॥[7]

ਪਰਮਾਤਮਾ ਦੇ ਨਾਮ ਨਾਲ ਹੀ ਖੋਟੀ ਮੱਤ ਦਾ ਨਾਸ਼ ਹੋ ਸਕਦਾ ਹੈ ਜਿਹੜਾ ਮਨੁੱਖ ਆਪਣੇ ਅੰਦਰੋਂ ਮਾਇਆ ਦਾ ਮੋਹ ਤਿਆਗਦਾ ਹੈ, ਲੋਭ, ਮੋਹ ਅਤੇ ਅਹੰਕਾਰ ਨੂੰ ਦੂਰ ਕਰਦਾ ਹੈ। ਉਹ ਆਪ ਤਾਂ ਸੰਸਾਰ ਸਮੁੰਦਰ ਤੋਂ ਪਾਰ ਲੰਘਦਾ ਹੈ ਨਾਲ ਹੋਰਨਾਂ ਨੂੰ ਵੀ ਵਿਕਾਰਾਂ ਤੋਂ ਬਚਾ ਲੈਂਦੇ ਹੈ। ਇਸ ਸੰਸਾਰ ਦੇ ਪਦਾਰਥ ਸੁਪਨੇ ਵਿਚ ਆਉਣ ਵਾਲੇ ਪਦਾਰਥਾਂ ਦੇ ਸਮਾਨ ਹੀ ਹਨ ਜੋ ਸੁਪਨਾ ਖਤਮ ਹੁੰਦਿਆਂ ਹੀ ਸੁਪਨੇ ਵਾਲੇ ਪਦਾਰਥ ਵੀ ਨਜ਼ਰ ਨਹੀਂ ਆਉਂਦੇ। ਇਸ ਸੰਸਾਰ ਦੀ ਰਚਨਾ ਪਾਣੀ ਦੇ ਬੁਲਬੁਲੇ ਸਮਾਨ ਹੀ ਹੈ ਜਿਵੇਂ ਬੁਲਬੁਲਾ ਪਾਣੀ ਤੋਂ ਪੈਦਾ ਹੋ ਕੇ ਨਾਸ਼ ਹੁੰਦਾ ਹੈ :

ਜੈਸੇ ਜਲ ਤੇ ਬੁਧਬਦਾ ਉਪਜੇ ਬਿਨਸੇ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥[8]

ਜੋ ਪਰਮਾਤਮਾ ਨੂੰ ਚੰਗਾ ਲੱਗਦਾ ਹੈ ਉਹੀ ਹੁੰਦਾ ਹੈ ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਬਹੁਤ ਯਤਨ ਕਰਦਾ ਹੈ ਤੇ ਦੁੱਖਾਂ ਲਈ ਕੋਈ ਯਤਨ ਨਹੀਂ ਕਰਦਾ ਫਿਰ ਵੀ ਦੁੱਖ ਉਸਦੀ ਜ਼ਿੰਦਗੀ ਵਿੱਚ ਆ ਹੀ ਜਾਂਦੇ ਹਨ। ਮਨੁੱਖ ਪਰਮਾਤਮਾ ਦਾ ਭਜਨ ਛੱਡ ਕੇ ਤੀਰਥ ਇਸ਼ਨਾਨ ਕਰਕੇ, ਵਰਤ ਰੱਖ ਕੇ, ਪੁੰਨ ਦਾਨ ਕਰਕੇ ਆਪਣੇ ਮਨ ਵਿੱਚ ਹੰਕਾਰ ਕਰਦਾ ਹੈ ਕਿ ਮੈਂ ਧਰਮੀ ਬਣ ਗਿਆ ਹਾਂ ਪਰ ਉਸ ਦੇ ਇਹ ਕੀਤੇ ਹੋਏ ਕਰਮ ਇਉਂ ਵਿਅਰਥ ਚਲੇ ਜਾਂਦੇ ਹਨ ਜਿਵੇਂ ਹਾਥੀ ਇਸ਼ਨਾਨ ਕਰਕੇ ਫਿਰ ਆਪਣੇ ਉੱਪਰ ਮਿੱਟੀ ਲਗਾ ਲੈਂਦਾ ਹੈ। ਪਰਮਾਤਮਾ ਦੇ ਭਜਨ ਤੋਂ ਬਿਨਾਂ ਮਨੁੱਖ ਦਾ ਜੀਵਨ ਕਿਸੇ ਕੰਮ ਦਾ ਨਹੀਂ ਇਹ ਅੰਤ ਸਮੇਂ ਸਹਾਈ ਹੁੰਦਾ ਹੈ ਕਿਉਂਕਿ ਸੁੱਖ ਸਮੇਂ ਤਾਂ ਬਹੁਤ ਸਾਰੇ ਰਿਸ਼ਤੇ ਨਿਭਦੇ ਹਨ ਪਰ ਦੁੱਖ ਸਮੇਂ ਸਿਰ ਨਾਮ ਹੀ ਨਿਭਦਾ ਹੈ। ਮਨੁੱਖ ਨੇ ਪਰਮਾਤਮਾ ਦੇ ਨਾਮ ਨਾਲ ਹੀ ਨਿਰਵਾਣ ਪਦ ਤੱਕ ਪਹੁੰਚਣਾ ਹੈ। ਇਸ ਚੰਚਲ ਮਨ ਵਿੱਚ ਨਾਮ ਸਿਮਰਨ ਨਾਲ ਹੀ ਠਹਿਰਾਓ ਆਉਂਦਾ ਹੈ ਜੋ ਮਨੁੱਖ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦਾ ਹੈ। ਉਸ ਨੂੰ ਪਰਮਾਤਮਾ ਦਾ ਰੂਪ ਹੀ ਸਮਝਣਾ ਚਾਹੀਦਾ ਹੈ। ਪਰਮਾਤਮਾ ਦੇ ਭਗਤ ਅਤੇ ਪਰਮਾਤਮਾ ਵਿੱਚ ਕੋਈ ਫਰਕ ਨਹੀਂ ਹੁੰਦਾ।

## ਹਵਾਲੇ ਅਤੇ ਟਿੱਪਣੀਆਂ


1. ਡਾ. ਦੀਵਾਨ ਸਿੰਘ ਅਤੇ ਸਤਿੰਦਰ ਸਿੰਘ (ਸੰਪਾਦਕ) ਗੁਰੂ ਤੇਗ ਬਹਾਦਰ ਚਿੰਤਨ ਕਲਾ ਅਤੇ ਬਾਣੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1999, ਪੰਨਾ 51
2. ਗੁਰੂ ਗ੍ਰੰਥ ਸਾਹਿਬ, ਪੰਨਾ 220
3. ਉਹੀ, ਪੰਨਾ 417
4. ਉਹੀ, ਪੰਨਾ 726-27
5. ਉਹੀ, ਪੰਨਾ 830

6. ਉਹੀ, ਪੰਨਾ 1426
7. ਉਹੀ, ਪੰਨਾ 219
8. ਉਹੀ, ਪੰਨਾ 1427

# ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੀ ਸਕਾਰਾਤਮਕ ਦ੍ਰਿਸ਼ਟੀ

ਮੀਨਾ ਰਾਣੀ

ਈਮੇਲ: ranimeena3009@gmail.com

ਸ਼੍ਰੀ ਗੁਰੂ ਤੇਗ਼ ਬਹਾਦਰ ਜੀ, ਜਿਹਨਾਂ ਨੂੰ ਸ਼ਾਂਤੀ ਪੁੰਜ ਵੀ ਕਿਹਾ ਜਾਂਦਾ ਹੈ, ਆਪਣੇ ਚਰਿੱਤਰ ਦੀ ਮਹਾਨਤਾ ਲਈ ਪੂਜਨੀਕ ਹਨ। ਉਹਨਾਂ ਦੇ ਚਰਿੱਤਰ ਦੀ ਇਹ ਮਹਾਨਤਾ ਉਹਨਾਂ ਦੀ ਬਾਣੀ ਵਿਚ ਵੀ ਝਲਕਦੀ ਹੈ। ਉਹਨਾਂ ਦੁਆਰਾ ਲਿਖੇ ਗਏ 57 ਸਲੋਕ ਉਹਨਾਂ ਦੀ ਵਿਚਾਰਧਾਰਾ ਨੂੰ ਮੂਰਤੀਮਾਨ ਕਰਦੇ ਪ੍ਰਤੀਤ ਹੁੰਦੇ ਹਨ। ਉਹਨਾਂ ਦੇ ਸਲੋਕ ਜਿਥੇ ਗੁਰਮਤਿ ਫ਼ਲਸਫ਼ੇ ਦੇ ਧਾਰਨੀ ਹਨ ਉਥੇ ਹੀ ਇਹ ਨੈਤਿਕ ਤੇ ਸਮਾਜਿਕ ਜੀਵਨ ਨੂੰ ਉਜਵਲ ਕਰਨ ਲਈ ਵੀ ਪ੍ਰੇਰਿਤ ਕਰਦੇ ਪ੍ਰਤੀਤ ਹੁੰਦੇ ਹਨ। ਇਹਨਾਂ ਦੀ ਬਾਣੀ ਵੈਰਾਗ, ਭਗਤੀ ਸਿਮਰਨ ਤੇ ਪਰਮਾਤਮਾ ਨਾਲ ਮਿਲਣੀ ਲਈ ਵਿਆਕੁਲਤਾ ਦਰਸਾਉਂਦੀ ਹੈ। ਇਨਾਂ ਦੀ ਬਾਣੀ ਪੜ੍ਹ ਕੇ ਭਾਵੇਂ ਜਗਤ ਦੇ ਨਾਸ਼ਮਾਨ ਸਰੂਪ ਦੀ ਕਠੋਰਤਾ ਦੀ ਸੱਚਾਈ ਨਾਲ ਸ਼ਾਕਸ਼ਾਤਕਾਰ ਹੁੰਦਾ ਹੈ ਪਰ ਫਿਰ ਵੀ ਇਹ ਸੱਚਾਈ ਇਸ ਢੰਗ ਨਾਲ ਪ੍ਰਸਤੁਤ ਕੀਤੀ ਗਈ ਹੈ ਕਿ ਸਕਾਰਾਤਮਕਤਾ ਮਨਫ਼ੀ ਨਹੀਂ ਹੁੰਦੀ ਸਗੋਂ ਹੋਰ ਉਭਰ ਕੇ ਪ੍ਰਸਤੁਤ ਹੁੰਦੀ ਹੈ। 'ਸਕਾਰਾਤਮਕਤਾ', ਆਖ਼ਰ ਕੀ ਹੈ ਸਕਾਰਾਤਮਕਤਾ? ਜੀਵਨ ਦਾ ਹਾਂ-ਪੱਖੀ ਨਜ਼ਰੀਆ ਸਕਾਰਾਤਮਕਤਾ ਦੀ ਮੁੱਖ ਨਿਸ਼ਾਨੀ ਹੈ। ਅਜਿਹਾ ਦ੍ਰਿਸ਼ਟੀਕੋਣ ਜਿਹੜਾ ਸਾਨੂੰ ਹਰ ਇਕ ਵਸਤ ਦੇ ਚੰਗੇ ਪੱਖ ਵੇਖਣ ਲਈ ਉਤਸ਼ਾਹਿਤ ਕਰੇ, ਨਿਰਾਸ਼ਾ ਤੋਂ ਮੁੱਖ ਵਟਾ ਕੇ, ਦੜ ਵੱਟ ਕੇ ਰਹਿਣ ਕਈ ਪ੍ਰੇਰਿਤ ਕਰੇ, ਕੁਝ ਚੰਗਾ ਕਰਨ ਸੁਣਨ ਲਈ ਪ੍ਰੇਰਿਤ ਕਰੇ, ਬਸ ਇਹੀ ਦ੍ਰਿਸ਼ਟੀਕੋਣ ਸਕਾਰਾਤਮਕਤਾ ਦਾ ਧਾਰਨੀ ਹੁੰਦਾ ਹੈ। ਅਜੋਕਾ ਅਧੁਨਿਕਵਾਦੀ ਸੰਸਾਰ, ਜਿਥੇ ਮਨੁੱਖ ਦਾ ਨਿੱਤ ਨਵੀਆਂ ਚੁਣੌਤੀਆਂ ਨਾਲ ਵਾਸਤਾ ਪੈਂਦਾ ਰਹਿੰਦਾ ਹੈ, ਵਿਚ ਮਨੁੱਖ ਦਾ ਸਕਾਰਾਤਮਕ ਰਹਿਣਾ ਬਹੁਤ ਔਖਾ ਹੋ ਗਿਆ ਹੈ। ਜ਼ਿੰਦਗੀ ਨੂੰ ਜਿਊਣ ਲਈ, ਵਕਤ ਦੇ ਹਾਣ ਦਾ ਹੋਣ ਲਈ, ਮਸ਼ੀਨੀਕਰਣ ਨਾਲ 'ਮਸ਼ੀਨ' ਹੋ ਜਾਣ ਲਈ ਮਨੁੱਖ ਖ਼ੁਦ ਨੂੰ ਭੁੱਲ ਗਿਆ ਹੈ। ਉਹ ਮਸ਼ੀਨ ਵਾਂਗ ਬੱਸ 'ਕੰਮ' ਬਾਰੇ ਸੋਚਦਾ ਰਹਿੰਦਾ ਹੈ, ਕੰਮ ਕਰਦਾ ਰਹਿੰਦਾ ਹੈ। ਉਸ ਕੋਲ ਕਿਸੇ ਨਾਲ ਤਾਂ ਕੀ ਆਪਣੇ ਆਪ ਲਈ ਵੀ ਸਮਾਂ ਨਹੀਂ। ਅਜਿਹੀ ਬੋਝਲ ਜ਼ਿੰਦਗੀ ਵਿਚ ਉਸ ਕੋਲ ਸਮਾਂ ਹੀ ਨਹੀਂ ਇਹ ਸੋਚਣ ਦਾ ਕਿ ਉਹ ਕੀ ਕਰ ਰਿਹਾ ਹੈ ਤੇ ਕਿਉਂ। ਬਸ ਉਹ ਤਾਂ ਕਿਸੇ ਬਟਨ ਨਾਲ ਚਲਣ ਵਾਲੀ ਮਸ਼ੀਨ ਵਾਂਗ ਘਰੋਂ ਬਟਨ ਦੱਬ ਕੇ ਬਾਹਰ ਧੱਕ ਦਿੱਤਾ ਜਾਂਦਾ ਹੈ ਤੇ ਘਰ ਵਾਪਸ ਆਉਣ ਤਕ ਉਹਦੀ ਬੈਟਰੀ ਖ਼ਤਮ ਹੋ ਜਾਂਦੀ ਹੈ, ਬਟਨ ਬੰਦ ਕਰ ਦਿੱਤਾ ਜਾਂਦਾ ਹੈ, ਖਾ ਪੀ ਕੇ ਉਹ ਸੋ ਜਾਂਦਾ ਹੈ, ਦੁਬਾਰਾ ਚਾਰਜ ਹੋ ਜਾਂਦਾ ਹੈ ਅਗਲੇ ਦਿਨ ਲਈ, ਤੇ ਬਸ ਇਹੀ ਗਧੀ ਗੇੜ ਚਲਦਾ ਰਹਿੰਦਾ ਹੈ। ਇਸ ਬੋਝਲ, ਉਬਾਉ ਜ਼ਿੰਦਗੀ ਵਿਚਲੀ ਨੀਰਸਤਾ ਬਾਰੇ ਜਦੋਂ ਕਦੇ ਉਹ ਪਲ ਭਰ ਲਈ ਸੋਚਦਾ ਹੈ ਤਾਂ ਉਹ ਨਿਰਾਸ਼ ਹੋ ਜਾਂਦਾ ਹੈ। ਉਸਨੂੰ ਆਪਣਾ 'ਆਪਾ' ਅਰਥਹੀਣ ਜਾਪਦਾ ਹੈ। ਉਹ 'ਖ਼ੁਦ' ਤੋਂ ਲੁਕਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹੈ। ਆਖ਼ਰ ਉਸਦੇ ਅੰਦਰਲਾ ਸਮਾਜਿਕ ਪ੍ਰਾਣੀ ਉਸ ਨੂੰ 'ਝੰਜੋੜਦਾ' ਹੈ, ਇਸ ਮਸ਼ੀਨੀ ਜ਼ਿੰਦਗੀ ਦੀ ਨਿਰੰਤਰਤਾ ਨੂੰ ਭੰਗ ਕਰਨ ਲਈ ਉਸਨੂੰ ਹਲੂਣਦਾ ਹੈ। ਉਹ ਮਸ਼ੀਨੀ ਦੁਨੀਆ

ਤੋਂ ਸਮਾਜਿਕ ਦੁਨੀਆ ਵਿਚ ਪਰਤਣਾ ਲੋਚਦਾ ਹੈ ਪਰ 'ਪੱਛੜ' ਜਾਣ ਦਾ ਡਰ ਉਸ ਨੂੰ ਮਸ਼ੀਨਾਂ ਨਾਲ ਹੀ ਪਰਚਿਆ ਰਹਿਣ ਲਈ ਮਜਬੂਰ ਕਰਦਾ ਹੈ। ਅਜਿਹੇ ਸਮੇਂ ਖ਼ੁਦ ਨੂੰ ਦੁਚਿੱਤੀ ਵਿਚ ਫਸਿਆ, ਦੋਫਾੜ ਹੋਇਆ ਜਾਣ ਕੇ ਮਨੁੱਖ ਨਿਰਾਸਤਾ ਦੇ ਘੇਰੇ ਵਿਚ ਘਿਰਿਆ ਰਹਿੰਦਾ ਹੈ ਤੇ ਕਈ ਸਰੀਰਕ ਤੇ ਮਾਨਸਿਕ ਰੋਗਾਂ ਦੀ ਖਲਜਗਣ ਵਿਚ ਪੈ ਜਾਂਦਾ ਹੈ ਅਜਿਹੇ ਸਮੇਂ ਮਨੁੱਖ 'ਪਰਮਾਤਮਾ' ਦੀ ਸ਼ਰਨ ਲੋਚਦਾ ਹੈ। ਉਸਨੂੰ ਜਾਪਦਾ ਹੈ ਕਿ ਉਸਦੀ ਉਲਝਣ ਦਾ ਹੱਲ ਬਸ ਪਰਮਾਤਮਾ ਕੋਲ ਹੀ ਹੈ। 'ਪਰਮਾਤਮਾ' ਦੀ ਨੇੜਤਾ ਪ੍ਰਾਪਤ ਕਰਨ ਲਈ ਉਹ ਕਿਸੇ 'ਧਰਮ' ਦਾ ਸਹਾਰਾ ਲੈਂਦਾ ਹੈ, ਪ੍ਰਾਰਥਨਾ ਕਰਦਾ ਹੈ। ਪ੍ਰਾਰਥਨਾ ਦੇ ਬਹੁਤ ਚੰਗੇ ਪ੍ਰਭਾਵ ਮਨੁੱਖਾਂ ਦੇ ਵਿਅਕਤਿਤਵ ਵਿਚ ਵਿਖਾਈ ਦਿੰਦੇ ਹਨ। "ਇਕ ਮਸ਼ਹੂਰ ਵਿਗਿਆਨੀ ਕਹਿੰਦਾ ਹੈ, "ਪ੍ਰਾਰਥਨਾ ਸਭ ਤੋਂ ਵੱਡੀ ਸ਼ਕਤੀ ਹੈ ਜੋ ਵਿਅਕਤੀ ਨੂੰ ਆਪਣੀਆਂ ਨਿੱਜੀ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਮਿਲਦੀ ਹੈ। ਇਸਦੀ ਸ਼ਕਤੀ ਮੈਨੂੰ ਹੈਰਾਨ ਕਰਦੀ ਹੈ, """[1] ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਪ੍ਰਾਰਥਨਾ, ਭਜਨ ਬੰਦਗੀ, ਸਿਮਰਨ ਰਾਹੀ ਮਨੁੱਖ ਨੂੰ ਸਕਾਰਾਤਮਕਤਾ ਦਾ ਮਾਰਗ ਵਿਖਾਉਂਦੀ ਹੈ। ਗੁਰੂ ਜੀ ਦੇ ਸਲੋਕ ਭਾਵੇਂ ਵੈਰਾਗ ਤੇ ਜਗਤ ਦੀ ਛਿਣਭੰਗੁਰਤਾ ਬਾਰੇ ਸੁਚੇਤ ਕਰਦੇ ਪ੍ਰਤੀਤ ਹੁੰਦੇ ਹਨ ਪਰ ਇਹਨਾਂ ਦੀ ਮੂਲ ਸੁਰ ਵਿਚ ਸਕਾਰਾਤਮਕਤਾ ਸਾਫ਼ ਝਲਕਦੀ ਹੈ। ਉਦਾਹਰਨ ਵਜੋਂ:

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥[2]

ਪ੍ਰਸਤੁਤ ਸਲੋਕ ਵਿਚ ਗੁਰੂ ਜੀ ਚਾਨਣਾ ਪਾਉਂਦੇ ਹਨ ਕਿ ਸੰਸਾਰ ਵਿਚ ਮਤਲਬ ਪ੍ਰਸਤੀ ਦਾ ਦੌਰ ਹੈ। ਆਪਣਾ-ਆਪਣਾ ਮਤਲਬ ਸਾਧ ਕੇ ਹਰ ਕੋਈ ਤੁਰਦਾ ਬਣਦਾ ਹੈ। ਇਸ ਤਰ੍ਹਾਂ ਮਨੁੱਖ ਜਿਹਨਾਂ ਨੂੰ 'ਆਪਣੇ' ਹੋਣ ਦੇ ਮਾਣ ਨਾਲ ਦੇਖਦਾ ਹੈ ਉਹ ਜਲਦੀ ਹੀ ਆਪਣਾ ਉੱਲੂ ਸਿੱਧਾ ਕਰਕੇ ਉਸ ਨੂੰ ਇਕੱਲਾ ਛੱਡ ਦਿੰਦੇ ਹਨ। ਕੋਈ ਵੀ ਉਸ ਦਾ ਸਾਥ ਨਹੀਂ ਨਿਭਾਉਂਦਾ। ਕੇਵਲ ਪਰਮਾਤਮਾ ਹੀ ਉਹ ਇਕ ਆਸਰਾ ਹੈ ਜਿਹੜਾ ਮਨੁੱਖ ਲਈ ਸਦਾ-ਸਦਾ ਉਪਲਬਧ ਰਹਿੰਦਾ ਹੈ। ਇਉਂ ਬਿਪਤਾ ਵਿਚ ਮਨੁੱਖ ਨੂੰ ਸਿਰਫ ਪਰਮਾਤਮਾ 'ਤੇ ਹੀ ਟੇਕ ਰੱਖਣੀ ਚਾਹੀਦੀ ਹੈ। ਇਸ ਸਲੋਕ ਨੂੰ ਵੇਖਿਆਂ ਇਉਂ ਲਗਦਾ ਹੈ ਕਿ ਇਸ ਵਿਚ ਆਪਣਿਆਂ ਦੇ ਸਵਾਰਥੀਪੁਣੇ ਨੂੰ ਵਿਖਾਇਆ ਗਿਆ ਹੈ ਕਿ ਔਖੇ ਵੇਲੇ ਸਭ ਮਨੁੱਖ ਦਾ ਸਾਥ ਛੱਡ ਦਿੰਦੇ ਹਨ, ਇਸ ਗੱਲ ਤੋਂ ਜਾਪਦਾ ਹੈ ਕਿ ਸਲੋਕ ਵਿਚ ਘੋਰ ਨਿਰਾਸਤਾ ਪ੍ਰਗਟਾਈ ਗਈ ਹੈ ਕਿ ਮੁਸ਼ਕਿਲ ਵੇਲੇ ਉਹ ਇਕੱਲਾ ਰਹਿ ਜਾਵੇਗਾ ਪਰ ਨਾਲ ਹੀ ਸਲੋਕ ਦੀ ਦੂਜੀ ਸਤਰ ਵਿਚ ਮਨੁੱਖ ਨੂੰ ਨਿਰਾਸ਼ ਨਾ ਹੋਣ ਨੂੰ

[1] The Power of Positive Thinking, Norman Vincent Peale. http://dickyricky.com/books/recovery/The%20 Power %20 of 20 of %20 Positive% 20 Thinking %20-%20Norman%20 Vincent%20 Peale.pdf "A Famous Psychologist says, "Prayer is the greatest Power available to the individual in solving his personal problems. Its power astonishes me." (ਮੂਲ ਰੂਪ ਅੰਗਰੇਜ਼ੀ)

[2] ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ (ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1429

ਕਿਹਾ ਗਿਆ ਹੈ ਕਿਉਂਕਿ ਉਸ ਦਾ ਸਾਥ ਭਾਵੇਂ ਕੋਈ ਦੇਵੇ ਜਾਂ ਨਾ ਦੇਵੇ ਪਰ 'ਰਘੁਨਾਥ' ਭਾਵ ਪਰਮਾਤਮਾ, ਸਤਿਗੁਰੂ ਉਸ ਦਾ ਸਾਥ ਹਮੇਸ਼ਾ ਦਿੰਦਾ ਹੈ। ਹੁਣ ਜੇ ਸੰਸਾਰ ਦੀ ਚਲਾਇਮਾਨ ਸ਼ਕਤੀ ਪਰਮਾਤਮਾ, ਸਰਵ ਸਮਰੱਥ ਪ੍ਰਭੂ 'ਆਪ' ਮਨੁੱਖ ਨਾਲ ਹੈ ਤਾਂ ਫਿਰ ਉਸ ਨੂੰ ਕਿਸੇ ਹੋਰ ਦੇ ਸਹਾਰੇ ਦੀ ਭਲਾ ਕੀ ਆਵੱਸ਼ਕਤਾ ਹੋ ਸਕਦੀ ਹੈ। ਉਸਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਸਕਾਰਾਤਮਕ ਰਹਿਣਾ ਚਾਹੀਦਾ ਹੈ ਕਿ ਹੋਰ ਕੋਈ ਭਾਵੇਂ ਉਸਦਾ ਸਾਥ ਦੇਵੇ ਜਾਂ ਨਾ ਦੇਵੇ ਪਰ ਪਰਮਾਤਮਾ ਸਦਾ-ਸਦਾ ਉਸ ਦੇ ਨਾਲ ਹੈ ਅਤੇ ਉਸ ਨੂੰ ਮੁਸ਼ਕਿਲਾਂ ਵਿਚੋਂ ਕੱਢਣ ਲਈ ਇਕ ਪਰਮ ਸ਼ਕਤੀ ਉਸ ਦੀ 'ਟੇਕ' ਬਣੀ ਹੋਈ ਹੈ। ਇਸ ਤਰ੍ਹਾਂ ਸਲੋਕ ਵਿਚ ਨਕਾਰਾਤਮਕਤਾ ਨਹੀਂ ਸਗੋਂ ਭਰਪੂਰ ਸਕਾਰਾਤਮਕਤਾ ਹੈ।

ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਦੇ ਸਾਰੇ ਸੰਗੀ ਸਾਥੀ ਅੰਤ ਉਸ ਨੂੰ ਛੱਡ ਜਾਣਗੇ ਇਸ ਲਈ ਉਸ ਨੂੰ ਇਹਨਾਂ 'ਵਕਤੀ ਰਿਸ਼ਤਿਆਂ' ਦੀ ਜੀ-ਹਜ਼ੂਰੀ ਵਿਚ ਆਪਣੀ ਉਮਰ ਖੋਣ ਦੀ ਜ਼ਰੂਰਤ ਨਹੀਂ ਹੈ। ਉਸ ਨੇ ਬਹੁਤ ਵਕਤ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਚਾਕਰੀ, ਖ਼ੁਸ਼ਾਮਦ ਵਿਚ ਗਵਾ ਕੇ ਸਮਾਂ ਵੰਞਾ ਦਿੱਤਾ ਹੈ। ਉਹ ਬੁਢਾਪੇ ਦੀਆਂ ਲੀਹਾਂ 'ਤੇ ਪਹੁੰਚ ਚੁੱਕਾ ਹੈ, ਉਸਦਾ ਆਖ਼ਰੀ ਸਮਾਂ ਨੇੜੇ ਹੈ, ਉਸਦੇ ਕਿਸੇ ਵੀ ਸੰਗੀ ਸਾਥੀ ਨੇ ਉਸ ਨੂੰ ਨਕਾਰਾ ਹੋਇਆ ਜਾਣ ਕੇ ਸਹਾਰਾ ਨਹੀਂ ਦੇਣਾ, ਉਸ ਨੂੰ ਸੁਖ-ਸ਼ਾਂਤੀ ਲਈ ਪਰਮਾਤਮਾ ਦੀ ਭਜਨ ਬੰਦਗੀ ਕਰਨੀ ਚਾਹੀਦੀ ਹੈ:

ਬਿਰਧ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ॥

ਕਹੁ ਨਾਨਕ ਨਰ ਬਾਵਰੇ, ਕਿਉਂ ਨ ਭਜੈ ਭਗਵਾਨ॥[3]

ਇਉਂ ਮਨੁੱਖ ਨੂੰ ਦੱਸਿਆ ਗਿਆ ਹੈ ਕਿ ਉਸਦੇ ਅੰਤ ਸਮੇਂ ਸਿਰਫ਼ ਪਰਮਾਤਮਾ ਹੀ ਉਸ ਦਾ ਸਹਾਈ ਹੋਵੇਗਾ ਇਸ ਲਈ ਉਸਨੂੰ ਬੰਦਗੀ ਕਰਨੀ ਚਾਹੀਦੀ ਹੈ। ਗੁਰੂ ਜੀ ਮਨੁੱਖ ਨੂੰ ਦੁਨੀਆ ਦੇ ਫਜ਼ੂਲ ਕੰਮਾਂ ਨੂੰ ਛੱਡ ਕੇ ਪਰਮਾਤਮਾ ਦੀ ਬੰਦਗੀ ਕਰਨ ਲਈ ਪ੍ਰੇਰਿਤ ਕਰਕੇ ਉਸਨੂੰ ਦੁਨੀਆ ਦੇ ਮਾਇਆਜਾਲ ਦੀ ਨਕਾਰਾਤਮਕਤਾ ਤੋਂ ਦੂਰ ਕਰਕੇ ਪਰਮਾਤਮਾ ਨੂੰ ਭਜਣ ਦੀ ਸਕਾਰਾਤਮਕਤਾ ਵੱਲ ਪ੍ਰੇਰਿਤ ਕਰਦੇ ਹਨ। ਪਰਮਾਤਮਾ ਦੀ ਬੰਦਗੀ ਮਨੁੱਖ ਨੂੰ ਅੰਦਰੂਨੀ ਸ਼ਕਤੀ ਅਤੇ ਸ਼ਾਂਤੀ ਦਿੰਦੀ ਹੈ ਜਿਸ ਨਾਲ ਮਨੁੱਖ ਦਾ ਚਿੱਤ ਹਮੇਸ਼ਾ ਖਿੜਿਆ ਰਹਿੰਦਾ ਹੈ। ਉਸਨੂੰ ਜਾਪਦਾ ਹੈ ਕਿ ਪਰਮਾਤਮਾ ਸਦਾ ਉਸਦੇ ਨਾਲ ਹੀ ਵੱਸਦਾ ਹੈ। ਇਸ ਗੱਲ ਦੀ ਗਵਾਹੀ ਗੁਰੂ ਸਾਹਿਬ ਆਪ ਵੀ ਭਰਦੇ ਹਨ : -

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥

ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ॥[4]

ਜਿਸ ਨੇ ਆਪਣੇ ਜੀਵਨ ਅਤੇ ਸੋਚ ਨੂੰ ਪਰਮਾਤਮਾ ਦੀ ਬੰਦਗੀ ਨੂੰ ਸਮਰਪਿਤ ਕਰ ਦਿੱਤਾ ਹੈ ਉਸ ਦੇ

[3] ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ(ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1426

[4] ਉਹੀ, ਅੰਗ-1426

ਆਪੇ ਦੀ 'ਪਲੀਤੀ' ਦੂਰ ਹੋ ਜਾਂਦੀ ਹੈ। ਸਰਵ ਸ਼ਕਤੀਮਾਨ ਪ੍ਰਭੂ ਨੂੰ ਆਪਣੇ ਇਰਦ-ਗਿਰਦ ਭਾਸ ਕੇ ਸੰਸਾਰਕ ਰਿਸ਼ਤਿਆਂ ਤੋਂ ਬੇਮੁੱਖ ਜਾਂ ਵਾਂਝਾ ਹੋ ਗਿਆ 'ਅਨਾਥ' ਮਨੁੱਖ ਵੀ ਖ਼ੁਦ ਨੂੰ ਆਪਣੇ ਪ੍ਰਭੂ 'ਨਾਥ' ਦੀ ਸ਼ਰਨ ਹੇਠ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਪਰਮਾਤਮਾ ਦੀ ਗ਼ੈਬੀ ਤਾਕਤ ਦੀ ਸਦੀਵ ਨੇੜਤਾ ਦਾ ਅਹਿਸਾਸ ਮਨੁੱਖ ਨੂੰ ਕਦੇ ਵੀ ਨਕਾਰਾਤਮਕ ਹੋਣ ਨਹੀਂ ਦਿੰਦਾ ਸਗੋਂ ਉਸ ਨੂੰ ਹਾਂ-ਪੱਖੀ ਸਕਾਰਾਤਮਕ ਰਵੱਈਆ ਬਣਾਈ ਰੱਖਣ ਲਈ ਪ੍ਰੇਰਿਤ ਕਰਦਾ ਹੈ।

ਪ੍ਰਭੂ ਨੂੰ ਆਪਣੇ ਇਰਦ-ਗਿਰਦ ਮਹਿਸੂਸ ਕਰਨ ਵਾਲਾ ਵਿਅਕਤੀ ਸਮਾਜ ਦੀਆਂ ਬੁਰਾਈਆਂ ਤੋਂ ਖ਼ੁਦ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਉਹ ਜਾਣਦਾ ਹੁੰਦਾ ਹੈ ਕਿ ਉਸ ਦੇ ਹਰ ਕਰਮ 'ਤੇ ਪਰਮਾਤਮਾ ਦੀ ਨਜ਼ਰ ਹੈ। ਉਸਦੀ ਅੰਤਰ ਆਤਮਾ ਉਸ ਨੂੰ ਬਾਰ-ਬਾਰ ਚਿਤਾਉਂਦੀ ਹੈ ਕਿ ਉਹ ਪਰਮਾਤਮਾ ਦੇ ਜ਼ੇਰ ਓ-ਸਾਏ ਹੇਠ ਹੈ ਉਸ ਨੂੰ ਕਪਟ-ਛਲ ਦੀ ਟੇਕ ਲੈਣ ਦੀ ਕੋਈ ਲੋੜ ਨਹੀਂ। ਇਉਂ ਅਜਿਹਾ ਮਨੁੱਖ ਹਮੇਸ਼ਾ ਸਕਾਰਾਤਮਕ ਸੋਚ ਨਾਲ ਆਪਣੇ ਕਰਮਾਂ ਨੂੰ ਚੰਗੇ ਪਾਸੇ ਲਗਾਉਂਦਾ ਹੈ ਅਤੇ ਬੁਰਾਈਆਂ ਤੋਂ ਦੂਰ ਰਹਿੰਦਾ ਹੈ। ਉਸ ਦੇ ਅੰਦਰ ਸਬਰ ਸ਼ੁਕਰ ਦੇ ਗੁਣ ਉਤਪੰਨ ਹੋ ਜਾਂਦੇ ਹਨ। ਉਹ ਬੁਰਾਈਆਂ ਤੋਂ ਮੂੰਹ ਮੋੜ ਕੇ ਆਪਣੀ ਸੋਚ ਨੂੰ ਨੇਕ ਕਰਮਾਂ ਵਿਚ ਲਗਾਉਂਦਾ ਹੈ। ਮਨ ਸ਼ੈਤਾਨ ਦੇ ਬੁਰਾਈ ਵੱਲ ਭਰਮਾਉਣ 'ਤੇ ਵੀ ਉਹ ਆਪਣੀ ਬਿਰਤੀ ਨਹੀਂ ਤਿਆਗਦਾ ਸਗੋਂ ਸਬਰ ਦਾ ਅਭਿਆਸ ਕਰਦਾ ਰਹਿੰਦਾ ਹੈ। " ਸਬਰ ਦਾ ਅਭਿਆਸ ਸਾਧਕ ਨੂੰ ਜਲਦਬਾਜ਼ੀ ਤੋਂ ਰੋਕਦਾ ਹੈ ਤੇ ਹਰ ਪ੍ਰਕਾਰ ਦੇ ਸੰਘਰਸ਼ ਦੌਰਾਨ ਆਉਣ ਵਾਲੀਆਂ ਔਕੜਾਂ ਦੇ ਸਨਮੁਖ ਵਿਰੋਧਾਂ ਨਾਲ ਟੱਕਰ ਲੈਣਾ ਸਿਖਾਉਂਦਾ ਹੈ। ਸਾਬਤ ਕਦਮ ਹਮੇਸ਼ਾ ਉਹੀ ਹੋਵੇਗਾ ਜੋ ਸਬਰ ਵਾਲਾ ਹੈ। ਸਬਰ ਮਨੁੱਖ ਨੂੰ ਅਜਿਹਾ ਕਰਮਯੋਗੀ ਬਣਾਉਂਦਾ ਹੈ ਜੋ ਫਲ ਵੱਲੋਂ ਨਿਰਮੋਹ ਹੋ ਜਾਂਦਾ ਹੈ ਤੇ ਹਰ ਕੰਮ ਅੱਲਾਹ ਦੇ ਨਮਿੱਤ ਕਰਦਾ ਹੈ। "[5] ਉਸ ਦਾ ਪਰਮਾਤਮਾ ਵਿਚ ਅਟੁੱਟ ਭਰੋਸਾ ਕਾਇਮ ਹੋ ਜਾਂਦਾ ਹੈ। ਉਸ ਦੀ ਕਾਇਆ ਕੰਚਨ ਵਾਂਗ ਨਿਰਮਲ ਹੋ ਜਾਂਦੀ ਹੈ ਜਿਸ ਉਤੇ ਕਿਸੇ ਵੀ ਉਸਤਤ ਨਿੰਦਿਆ ਦੇ ਭਾਵ ਦਾ ਕੋਈ ਅਸਰ ਨਹੀਂ ਹੁੰਦਾ। ਉਸ ਨੂੰ ਉਸਤਤ ਦੇ ਬੋਲ ਝੂਠੀ ਤੇ ਥੋੜ੍ਹ-ਚਿਰੀ ਖ਼ੁਸ਼ੀ ਦੇ ਕੇ ਭਰਮਾ ਨਹੀਂ ਸਕਦੇ ਤੇ ਨਾ ਹੀ ਨਿੰਦਿਆ ਦੇ ਕਟੂਰ ਤੇ ਕਠੋਰ ਸ਼ਬਦ ਉਸ ਦੇ ਮਨ ਨੂੰ ਵਿਆਕੁਲ ਕਰ ਸਕਦੇ ਹਨ। ਉਹ ਇਹਨਾਂ ਸਭ ਭਾਵਾਂ ਤੋਂ ਮੁਕਤ ਹੋ ਜਾਂਦਾ ਹੈ :

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥[6]

ਇਸ ਤਰ੍ਹਾਂ ਪਰਮਾਤਮਾ ਨਾਲ ਲਿਵ ਲਾ ਕੇ ਉਸਤਤ ਨਿੰਦਿਆ ਤੋਂ ਅਣ ਛੁਹਿਆ ਰਹਿਣ ਵਾਲਾ ਮਨੁੱਖ ਉਸਤਤ ਦੀ ਉਤਸੁਕਤਾ ਤੇ ਨਿੰਦਿਆ ਦੀ ਨਿਰਾਸ਼ਾ ਤੋਂ ਨਿਰਲੇਪ ਰਹਿੰਦਾ ਹੋਇਆ ਹਮੇਸ਼ਾ ਸਕਾਰਾਤਮਕ

[5] ਪੰਜਾਬੀ ਸੂਫੀ-ਸਾਹਿਤ ਸੰਦਰਭ ਗ੍ਰੰਥ, ਗੁਰਦੇਵ ਸਿੰਘ(ਸੰਪਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1989 (ਪਹਿਲੀ ਵਾਰ), ਪੰਨਾ ਨੰ:-73

[6] ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ(ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1427

ਰਹਿੰਦਾ ਹੈ। ਗੁਰੂ ਤੇਗ਼ ਬਹਾਦਰ ਬਾਣੀ ਵਿਚ ਮਨੁੱਖ ਨੂੰ ਵਕਤੀ ਭਾਵਾਂ ਨਾਲ ਤਬਦੀਲ ਹੋਣ ਤੋਂ ਵਰਜਿਆ ਗਿਆ ਹੈ ਤਾਂ ਜੋ ਉਸ ਦੀ ਸੋਚ ਦੀ ਸਕਾਰਾਤਮਕਤਾ ਬਣੀ ਰਹੇ ਤੇ ਉਹ ਬਣਾਉਟੀ ਭਾਵਾਂ ਦੀ ਵਲਗਣ ਵਿਚੋਂ ਬਾਹਰ ਹੀ ਰਹੇ। ਉਸ ਲਈ ਹਰਖ, ਸੋਗ, ਵੈਰੀ, ਦੋਸਤ ਸਭ ਕੁਝ ਇਕ ਸਮਾਨ ਹਨ। ਉਸ ਨੂੰ ਪ੍ਰਭੂ ਦੀ ਹਰ ਰਜ਼ਾ ਵਿਚ ਰਾਜ਼ੀ ਰਹਿਣਾ ਆਉਂਦਾ ਹੈ। ਉਹ ਦੁਨਿਆਵੀ ਭਾਵਾਂ ਤੋਂ ਮੁਕਤ ਹੋ ਗਿਆ ਹੈ। ਉਸਨੇ ਆਪਣੀ ਸੋਚ ਵਿਚੋਂ ਨਕਾਰਾਤਮਕਤਾ ਖ਼ਾਰਿਜ ਕਰ ਦਿੱਤੀ ਹੈ। ਉਹ ਸਕਾਰਤਮਕ ਹੋ ਕੇ ਵਿਮੁਕਤ ਹੋ ਗਿਆ ਹੈ:

ਹਰਖ ਸੋਗ ਜਾ ਕੈ ਨਹੀ ਬੈਰੀ ਮੀਤ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੇ ਜਾਨਿ॥[7]

ਪਰਮਾਤਮਾ ਦੀ ਹਰ ਸ਼ੈਅ ਨੂੰ ਪਿਆਰਨ ਵਾਲਾ ਵਿਆਤੀ ਜਿਸ ਲਈ ਖ਼ੁਸ਼ੀ, ਗ਼ਮੀ, ਵੈਰੀ, ਮਿੱਤਰ ਸਭ ਕੁਝ ਇਕ ਸਮਾਨ ਹੈ ਉਸ ਦੇ ਜ਼ਹਿਨ ਵਿਚ ਨਕਾਰਾਤਮਕਤਾ ਭਲਾ ਕਿਵੇਂ ਆ ਸਕਦੀ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਨਿਰਲੇਪ ਰਹਿ ਕੇ ਜੀਵਨ ਜਿਊਣ ਲਈ ਪ੍ਰੇਰਿਤ ਕਰਦੀ ਹੈ ਤਾਂ ਜੋ ਜੀਵਨ ਦੇ ਉਤਰਾਅ-ਚੜਾਅ, ਉਸ ਨੂੰ ਕਦੇ ਵੀ ਢੇਰੀ ਢਾਹੁਣ ਜਾਂ ਨਕਾਰਾਤਮਕ ਸੋਚਣ ਲਈ ਮਜਬੂਰ ਨਾ ਕਰ ਸਕਣ। ਨਿਰਲੇਪ ਮਨੁੱਖ ਹਰ ਇਕ ਸ਼ਖ਼ਸ ਨੂੰ ਇਕ ਸਮਾਨ ਸਮਝਦਾ ਹੈ। ਉਹ ਖ਼ੁਸ਼ ਵਿਅਕਤੀ ਨਾਲ ਖ਼ੁਸ਼ ਹੋ ਕੇ ਉਸਦੀ ਖ਼ੁਸ਼ੀ ਵੰਡਾਉਂਦਾ ਹੈ ਤੇ ਦੁਖੀ ਵਿਅਕਤੀ ਨੂੰ ਧੀਰਜ ਦੇ ਕੇ ਉਸਦਾ ਦਰਦ ਵੰਡਾਉਂਦਾ ਹੈ। ਅਜਿਹੇ ਵਿਅਕਤੀ ਦੀ ਸੇਵਾ ਤੋਂ ਪ੍ਰਭੂ ਬਹੁਤ ਪ੍ਰਸੰਨ ਹੁੰਦਾ ਹੈ। "ਸੇਵਾ ਇਕ ਅਸਲ ਸਾਧਨਾ ਹੈ, ਇਸਦੇ ਕਰਨ ਨਾਲ ਮਨ ਦਾ ਤਨਾਓ ਖ਼ਤਮ ਹੁੰਦਾ ਹੈ, ਭਗਤੀ ਦਾ ਦੁਆਰ ਖੁਲ੍ਹਦਾ ਹੈ।"[8] ਗੁਰੂ ਤੇਗ਼ ਬਹਾਦਰ ਜੀ ਵੀ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਵਿੱਚ ਨਾਮ, ਸਿਮਰਨ, ਭਗਤੀ ਦਾ ਵਾਸ ਹੈ ਅਕਾਲ ਪੁਰਖ ਹਮੇਸ਼ਾ ਉਸ ਦੇ ਨਾਲ ਸਹਾਈ ਹੁੰਦਾ ਹੈ। ਜਿਸ ਵਿਅਕਤੀ ਨੇ ਸ਼ੁਭ ਕਰਮਨ, ਸੇਵਾ ਨੂੰ ਆਪਣਾ ਨਿੱਤ ਨੇਮ ਬਣਾ ਲਿਆ ਹੈ ਜੋ ਪ੍ਰਭੂ ਸਿਮਰਨ 'ਚ ਵਕਤ ਗੁਜ਼ਾਰਦਾ ਹੈ ਉਹ ਪਰਮਾਤਮਾ ਦੀ ਮਿਹਰ ਦੀ ਸਦੀਵੀ ਸਕਾਰਾਤਮਕਤਾ ਹਾਸਿਲ ਕਰ ਲੈਂਦਾ ਹੈ:

ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰੂ ਗੋਬਿੰਦ॥

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥[9]

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਸੇਵਾ, ਸ਼ੁਭ ਕਰਮ ਅਤੇ ਭਜਨ ਬੰਦਗੀ ਨੂੰ ਜੀਵਨ ਵਿਚ ਸਦੀਵੀ, ਚਿਰਜੀਵੀ ਸਕਾਰਾਤਮਕਤਾ ਸਥਾਪਿਤ ਕਰਨ ਵਾਲੇ ਤੱਥ ਦੱਸਦੇ ਹਨ। ਉਹ ਕਹਿੰਦੇ ਹਨ ਕਿ ਮਨੁੱਖ ਨੂੰ

[7] ਉਹੀ, ਅੰਗ-1427

[8] ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ (ਭਾਗ-ਤੀਜਾ), ਡਾ. ਰਤਨ ਸਿੰਘ ਜੱਗੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1999 (ਪਹਿਲੀ ਵਾਰ), ਪੰਨਾ ਨੰ:25

[9] ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ(ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1429

ਸਿਮਰਨ, ਬੰਦਗੀ ਵਿਚ ਆਪਣਾ ਸਮਾਂ ਬਤੀਤ ਕਰਨਾ ਚਾਹੀਦਾ ਹੈ। ਜਿਸ ਮਨੁੱਖ ਦਾ ਧਿਆਨ ਕੇਵਲ ਦੁਨਿਆਵੀ ਕਰਮਾਂ ਵੱਲ ਹੈ, ਜੋ ਸੰਸਾਰ ਵਿਚ ਸੁਖ-ਸੁਵਿਧਾ, ਦੌਲਤ- ਸ਼ੁਹਰਤ ਹਾਸਲ ਕਰਨ ਦੇ ਇਰਾਦੇ ਨਾਲ ਹੀ ਵਿਚਰ ਰਿਹਾ ਹੈ, ਉਸ ਵਿਚ ਸਕਾਰਾਤਮਕਤਾ ਨਹੀਂ ਆ ਸਕਦੀ। ਉਹ ਤਾਂ ਜੀਵਨ ਦੇ ਹਰ ਪਹਿਲੂ ਨੂੰ ਘਾਟੇ ਜਾਂ ਮੁਨਾਫ਼ੇ ਦੇ ਸੰਦਰਭ ਵਿਚ ਹੀ ਵਾਚਦਾ ਰਹੇਗਾ ਨਾ ਕਿ ਸਬਰ ਜਾਂ ਸੁਖ-ਸ਼ਾਂਤੀ ਦੇ ਸੰਦਰਭ ਵਿਚ। ਇਸਦੇ ਉਲਟ ਜਿਸ ਮਨੁੱਖ ਦਾ ਧਿਆਨ ਬੰਦਗੀ ਵੱਲ ਹੈ ਉਹ ਪ੍ਰਭੂ ਦਾ ਨਾਂ ਲਏ ਬਿਨਾ ਉਵੇਂ ਹੀ ਨਹੀਂ ਰਹਿ ਸਕਦਾ ਜਿਵੇਂ ਪਾਣੀ ਬਿਨਾ ਮਛਲੀ ਨਹੀਂ ਰਹਿ ਸਕਦੀ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥[10]

ਇਉਂ ਗੁਰੂ ਜੀ ਸਪਸ਼ਟ ਰੂਪ ਵਿਚ ਦੱਸਦੇ ਹਨ ਕਿ ਜਿਹੜੇ ਵਿਅਕਤੀ ਗੁਰ ਸਿਮਰਨ ਵਿਚ ਧਿਆਨ ਨਹੀਂ ਲਗਾਉਂਦੇ, ਉਹਨਾਂ ਦਾ ਜੀਵਨ ਅਕਾਰਥ/ਵਿਅਰਥ ਹੋ ਜਾਂਦਾ ਹੈ। ਹਮੇਸ਼ਾ ਸਕਾਰਾਤਮਕ ਰਹਿਣ ਲਈ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਪ੍ਰੇਰਿਤ ਕਰਦੇ ਹਨ, ਉਸਨੂੰ ਦੁਨਿਆਵੀ ਝੰਝਟਾਂ ਤੋਂ ਮਨ ਅਸ਼ਾਂਤ ਨਾ ਕਰਨ ਲਈ ਕਹਿੰਦੇ ਹਨ, ਪਰਮਾਤਮਾ ਦੀ ਬੰਦਗੀ ਕਰਕੇ ਮਨ ਨੂੰ ਇਕਾਗਰ ਤੇ ਹਾਂ-ਪੱਖੀ ਰੱਖਣ ਦੀ ਤਾਕੀਦ ਵੀ ਕਰਦੇ ਹਨ ਪਰ ਮਨੁੱਖ ਦਾ ਚੰਚਲ ਮਨ ਗੁਰੂ ਜੀ ਦੀਆਂ ਪ੍ਰੇਰਨਾਵਾਂ ਤੋਂ ਸੰਤੁਸ਼ਟ ਨਹੀਂ ਹੁੰਦਾ। ਦੁਨੀਆ ਦਾਰੀ ਦੇ ਭਰਮ ਜਾਲ ਉਸ ਨੂੰ ਭਰਮਾਉਂਦੇ ਹਨ। ਉਹ ਭਰਮਾਇਆ ਜਾਂਦਾ ਹੈ। "ਮਨੁੱਖ ਸਾਦਾ ਜੀਵਨ ਨਾਲ ਸੰਤੁਸ਼ਟ ਨਹੀਂ ਹੁੰਦਾ, ਉਹ ਮੁਨਾਫ਼ੇ ਦੇ ਇੱਛਾਵਾਨ, ਅੱਗੇ ਵਧਣ ਦੇ ਚਾਹਵਾਨ, ਮੁਕਾਬਲਾ ਕਰਨ ਵਾਲੇ ਅਤੇ ਈਰਖਾਲੂ ਹੁੰਦੇ ਹਨ, ਜੋ ਕੁਝ ਉਹਨਾਂ ਪਾਸ ਹੁੰਦਾ ਹੈ ਉਸ ਤੋਂ ਛੇਤੀ ਅੱਕ ਜਾਂਦੇ ਤੇ ਜੋ ਕੁਝ ਨਹੀਂ, ਉਸ ਲਈ ਹਉਕੇ ਭਰਦੇ ਹਨ। "[11] ਇਉਂ ਇਹ ਮਨੁੱਖ ਦੀ ਫ਼ਿਤਰਤ ਹੀ ਹੈ ਕਿ ਉਹ ਸੰਸਾਰਕ ਸੁਖ ਪਾਉਣ ਲਈ ਹਰ ਸੰਭਵ ਯਤਨ ਕਰਦਾ ਹੈ। ਇਸ ਭੱਜ-ਦੌੜ ਵਿਚ ਉਹ ਕਿਸੇ ਨਾ ਕਿਸੇ ਮੋੜ 'ਤੇ ਅਸਫਲਤਾ ਦਾ ਮੂੰਹ ਵੇਖਦਾ ਹੈ ਤੇ ਨਿਰਾਸ਼ ਹੋ ਜਾਂਦਾ ਹੈ। ਇਸ ਲਈ ਉਸ ਦੀ ਇਹ ਭੱਜ-ਦੌੜ, ਜਿਸ ਲਈ ਉਹ ਆਪਣਾ ਮਾਨਸ ਜੀਵਨ ਵਿਅਰਥ ਗਵਾਉਂਦਾ ਹੈ, ਉਹ ਅੰਤ ਇਸ ਦੇ ਹਿੱਸੇ ਨਿਰਾਸ਼ਾ ਤੇ ਨਕਾਰਾਤਮਕਤਾ ਹੀ ਛੱਡ ਦਿੰਦੀ ਹੈ। ਇਸ ਕਰਕੇ ਉਸ ਨੂੰ ਸਕਾਰਾਤਮਕ ਰਹਿਣ ਲਈ ਪ੍ਰਭੂ-ਸਿਮਰਨ ਦਾ ਮਾਰਗ ਫੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਉਹ ਪ੍ਰਭੂ ਦਾ ਸਿਮਰਨ ਕਰਦਿਆਂ, ਸੇਵਾ ਭਾਵ ਨਾਲ ਆਪਣੇ ਜੀਵਨ ਕਾਰਜ ਸੰਪੂਰਨ ਕਰਦਿਆਂ, ਸਬਰ-ਸੰਤੋਖ ਨਾਲ ਆਪਣਾ ਜੀਵਨ ਗੁਜ਼ਾਰ ਸਕੇ। ਸਿਮਰਨ ਦਾ ਮਾਰਗ ਉਸਨੂੰ ਕਦੇ ਵੀ ਨਿਰਾਸ਼ ਨਹੀਂ ਹੋਣ ਦਿੰਦਾ।

ਪਰ ਮਨੁੱਖ ਆਪਣੀ ਜਨਮ-ਜਾਤ ਫ਼ਿਤਰਤ ਤੋਂ ਖ਼ੁਦ ਨੂੰ ਮੁਕਤ ਕਰਨ ਵਿਚ ਖ਼ੁਦ ਨੂੰ ਨਾਕਾਮ ਸਮਝਦਾ

[10] ਉਹੀ, ਅੰਗ-1426

[11] ਫਿਲਾਸਫ਼ੀ ਦੀ ਕਹਾਣੀ, ਵਿਲ ਦੁਰੰਤ, ਪ੍ਰੋ. ਹਰੀ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016 (ਦੂਜਾ ਸੰਸਕਰਣ), ਪੰਨਾ ਨੰ:19

ਹੈ। ਉਸਨੂੰ ਜਾਪਦਾ ਹੈ ਕਿ ਉਹ ਸਮਾਜ ਵਿਚ ਵਿਚਰਦਿਆਂ ਦੌਲਤ-ਸ਼ੁਹਰਤ ਦੀ ਲਾਲਸਾ, ਮੋਹ, ਅਹੰਕਾਰ, ਕ੍ਰੋਧ ਆਦਿ ਭਾਵਾਂ ਤੋਂ ਮੁਕਤੀ ਹਾਸਿਲ ਨਹੀਂ ਕਰ ਸਕਦਾ। ਉਸਦੀ ਅੰਤਰ ਆਤਮਾ ਇਹ ਜਾਣਦੀ ਹੈ ਕਿ ਉਸਨੂੰ ਇਹ ਮੰਦੇ ਭਾਵ ਤਿਆਗਣੇ ਚਾਹੀਦੇ ਹਨ ਪਰ ਉਹ ਆਪਣੇ ਚੰਚਲ ਮਨ ਅੱਗੇ ਬੇਵਸ ਹੋ ਜਾਂਦਾ ਹੈ ਜੋ ਉਸਨੂੰ ਭਰਮਾਉਂਦਾ ਰਹਿੰਦਾ ਹੈ। ਇਸ ਦਵੰਦ ਵਿਚ ਫਸਿਆ ਉਹ ਨਕਾਰਾਤਮਕ ਸੋਚ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਪਰਮਾਤਮਾ ਅੱਗੇ ਅਰਜੋਈ ਕਰਦਾ ਹੈ:

ਜਤਨ ਬਹੁਤ ਮੈਂ ਕਰ ਰਹਿਓ ਮਿਟਿਓ ਨ ਮਨ ਕੋ ਮਾਨੁ॥

ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨੁ॥[12]

ਉਹ ਪਰਮਾਤਮਾ ਅੱਗੇ ਬੇਨਤੀ ਕਰਦਾ ਹੈ ਕਿ ਉਹ ਬਹੁਤ ਯਤਨ ਕਰਨ ਦੇ ਬਾਵਜੂਦ ਵੀ ਆਪਣੇ ਮਨ ਨੂੰ ਦੁਸ਼-ਪ੍ਰਭਾਵਾਂ ਤੋਂ ਮੁਕਤ ਕਰਨ ਦੀ ਜੁਗਤੀ ਨਹੀਂ ਬਣਾ ਸਕਿਆ, ਹੁਣ ਪਰਮਾਤਮਾ ਹੀ ਉਸਨੂੰ ਦੁਰਮਤਿ ਦੇ ਬੰਧਨ ਵਿਚ ਫਸੇ ਹੋਏ ਨੂੰ ਆਪਣੀ ਮਿਹਰ ਨਾਲ ਬਚਾ ਸਕਦਾ ਹੈ। ਇਹ ਸੋਚ ਕੇ ਕਿ ਉਸਦੀ ਦੁਵਿਧਾ ਦਾ ਹਾਲ ਸਿਰਫ਼ ਭਗਵਾਨ ਕੋਲ ਹੀ ਹੈ ਉਹ ਸਕਾਰਾਤਮਕਤਾ ਨਾਲ, ਹਾਂ-ਪੱਖੀ ਰਵੱਈਆ ਵਰਤਦਾ ਹੋਇਆ ਪ੍ਰਭ ਸਿਮਰਨ ਦੇ ਬਲ ਦਾ ਸਹਾਰਾ ਲੈਂਦਾ ਹੈ। ਇਸ ਦੀ ਸ਼ਕਤੀ ਨਾਲ ਉਸਨੂੰ ਜਾਪਦਾ ਹੈ ਕਿ ਉਹ ਮਨੁੱਖੀ ਬੰਧਨਾਂ ਤੋ ਮੁਕਤ ਹੋ ਰਿਹਾ ਹੈ :

ਬਲ ਹੋਆ ਬੰਧਨ ਛੁਟੇ ਸਤ ਕਿਛੁ ਹੋਤ ਉਪਾਇ॥

ਨਾਨਕ ਸਭ ਕਿਛੁ ਤੁਮਰੈ ਹਾਥ ਐ, ਤੁਮ ਹੀ ਹੋਤ ਸਹਾਇ॥[13]

ਪਰਮਾਤਮਾ ਦੀ ਸ਼ਕਤੀ ਦਾ ਬਲ ਹਾਸਿਲ ਕਰਕੇ ਮਨੁੱਖ ਨੂੰ ਜਾਪਦਾ ਹੈ ਕਿ ਉਸ ਦੀ ਨਕਾਰਾਤਮਕਤਾ ਸਕਾਰਾਤਮਕਤਾ ਵਿਚ ਤਬਦੀਲ ਤੋਂ ਗਈ ਹੈ। ਇਉਂ ਉਹ ਸੰਸਾਰਕ ਔਗੁਣਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਸੰਸਾਰਕ ਦੁਸ਼-ਕਰਮਾਂ ਤੋਂ ਵਿਮੁਕਤ ਹੋਇਆ ਮਨੁੱਖ ਸਕਾਰਾਤਮਕ ਸੋਚ ਨਾਲ ਆਪਣਾ ਜੀਵਨ ਤਾਂ ਸੁਧਾਰਦਾ ਹੀ ਹੈ ਨਾਲ ਹੀ ਹੋਰਾਂ ਦਾ ਜੀਵਨ ਵੀ ਸਫਲ ਕਰਨ ਦਾ ਯਤਨ ਕਰਦਾ ਹੈ :

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥[14]

ਇਸ ਤਰ੍ਹਾਂ ਆਪਣਾ ਭਲਾ ਕਰਨ ਦੇ ਨਾਲ-ਨਾਲ ਉਹ ਦੂਜਿਆਂ ਦਾ ਭਲਾ ਵੀ ਕਰ ਦਿੰਦਾਂ ਹੈ। ਇਸ ਤਰ੍ਹਾਂ ਜਗਤ-ਕਲਿਆਣ ਵੱਲ ਤਤਪਰ ਇਨਸਾਨ ਨੂੰ ਸਮਾਜ ਵਿਚ ਵੀ ਮਾਣ ਸਨਮਾਨ ਮਿਲਦਾ ਹੈ। "ਜਿਹੜੇ

[12] ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ (ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1428

[13] ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ (ਮਹਲਾ 9), ਗੁਰੂ ਤੇਗ਼ ਬਹਾਦਰ ਜੀ, ਅੰਗ-1429

[14] ਉਹੀ, ਅੰਗ-1427

ਲੋਕ ਆਪਣੇ ਆਪ ਨੂੰ ਨਿਜੀ ਖ਼ੁਸ਼ੀ ਤੋਂ ਵਾਂਝਿਆਂ ਰੱਖ ਕੇ ਸੰਸਾਰ ਦੀ ਖ਼ੁਸ਼ੀ ਦੇ ਵਾਧੇ ਵਿਚ ਆਪਣਾ ਹਿੱਸਾ ਪਾਉਂਦੇ ਹਨ, ਉਹਨਾਂ ਲਈ ਸਾਡਾ ਸਿਰ ਮਾਨ ਨਾਲ ਝੁਕ ਜਾਂਦਾ ਹੈ।"[15] ਇਉਂ ਸਰਵ-ਕਲਿਆਣ ਲਈ ਤਤਪਰ ਹਰ ਵਿਅਕਤੀ ਦਾ ਸਮਾਜ ਵਿੱਚ ਬਹੁਤ ਮਾਣ ਹੁੰਦਾ ਹੈ। ਉਹ ਆਪ ਤਾਂ ਸਕਾਰਾਤਮਕ ਸੋਚ ਦਾ ਧਾਰਨੀ ਹੁੰਦਾ ਹੀ ਹੈ ਸਗੋਂ ਉਹ ਆਪਣੇ ਇਰਦ-ਗਿਰਦ ਦੇ ਲੋਕਾਂ ਨੂੰ ਵੀ ਸਹੀ ਤੇ ਸਕਾਰ ਦ੍ਰਿਸ਼ਟੀਕੋਣ ਦੇਣ ਵਿਚ ਸਹਾਈ ਹੁੰਦਾ ਹੈ। ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮੁੱਖ ਰੂਪ ਵਿਚ ਸ਼ਾਂਤੀ, ਵੈਰਾਗ, ਪ੍ਰਭ ਸਿਮਰਨ ਆਦਿ ਵੱਲ ਪ੍ਰੇਰਿਤ ਕਰਦੀ ਹੈ ਪਰ ਜੇ ਵੇਖਿਆ ਜਾਵੇ ਤਾਂ ਇਹ ਤਿੰਨੋ ਹੀ ਮਨੁੱਖ ਨੂੰ ਸਕਾਰਾਤਮਕਤਾ ਦਾ ਸੁਨੇਹਾ ਦਿੰਦੇ ਹਨ। ਉਦਾਹਰਨ ਵਜੋਂ ਜਿਸ ਮਨੁੱਖ ਦੇ ਮਨ ਵਿੱਚ ਸ਼ਾਂਤੀ ਹੋਵੇਗੀ ਉਸਦੀ ਸੋਚ ਨਕਾਰਾਤਮਕ ਹੋ ਹੀ ਨਹੀਂ ਸਕਦੀ। ਦੂਜਾ ਹੈ ਵੈਰਾਗ, ਜਿਸ ਵਿਅਕਤੀ ਦੇ ਦਿਲ ਵਿਚ ਫ਼ਾਲਤੂ ਲਾਲਸਾਵਾਂ ਲਈ ਇੱਛਾ ਹੀ ਉਤਪੰਨ ਹੀਂ ਹੁੰਦੀ, ਜਿਸ ਨੂੰ ਸੰਸਾਰਕ ਸੁੱਖਾਂ ਤੋਂ ਉਪਰਾਮ ਰਹਿਣਾ ਹੀ ਪਸੰਦ ਹੈ ਜਿਸ ਨੂੰ ਕਿਸੇ ਵੀ ਵਸਤ ਨੂੰ ਪਾਉਣ ਲਈ ਲੋਭ ਨਹੀਂ ਤੇ ਨਾ ਹੀ ਕਿਸੇ ਸ਼ੈਅ ਨੂੰ ਗੁਆ ਦੇਣ ਦਾ ਡਰ, ਉਸ ਦੇ ਦਿਲ ਵਿਚ ਵੀ ਨਕਾਰਾਤਮਕਤਾ ਨਹੀਂ ਹੋ ਸਕਦੀ। ਤੀਜੀ ਹੈ ਪ੍ਰਭੂ ਭਗਤੀ, ਸਿਮਰਨ, ਸਿਮਰਨ ਕਰਦਿਆਂ ਵਿਅਕਤੀ ਸ਼ਾਂਤ ਅਵਸਥਾ ਵਿਚ ਹੁੰਦਾ ਹੈ ਉਸਦਾ ਭਰੋਸਾ ਸਰਵ ਸ਼ਕਤੀਮਾਨ 'ਤੇ ਅਟੁੱਟ ਬਣਦਾ ਹੈ। ਉਹ ਰਜ਼ਾ ਵਿਚ ਰਾਜ਼ੀ ਰਹਿਣ ਲੱਗ ਪੈਂਦਾ ਹੈ, ਸਵੈ-ਪੜਚੋਲ ਕਰਕੇ ਆਪਣੀ ਦੁਵਿਧਾ ਦਾ ਹੱਲ ਕਰਨ ਦਾ ਯਤਨ ਕਰਦਾ ਹੈ, ਅਜਿਹਾ ਮਨੁੱਖ ਵੀ ਨਕਾਰਾਤਮਕਤਾ ਦੀ ਵਲਗਣ ਵਿਚੋਂ ਬਾਹਰ ਹੋ ਜਾਂਦਾ ਹੈ। ਇਉਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਹਰ ਪਹਿਲੂ ਸਿੱਧੇ ਜਾਂ ਅਸਿੱਧੇ ਤੌਰ ' ਤੇ ਮਨੁੱਖ ਨੂੰ ਸਕਾਰਾਤਮਕ ਰਹਿਣ ਲਈ ਪ੍ਰੇਰਿਤ ਕਰਦਾ ਹੈ।

ਗੁਰੂ ਕਾਲ ਸਮੇਂ ਹੋਏ ਲਗਭਗ ਸਾਰੇ ਸਾਹਿਤਕਾਰ ਹੀ ਇਸੇ ਮਾਰਗ ਰਾਹੀ ਮਨੁੱਖ ਵਿਚ ਸਕਾਰਾਤਮਕਤਾ ਦਾ ਸੰਚਾਰ ਕਰਦੇ ਸਨ। "ਇਸ ਕਾਲ [ਗੁਰ ਨਾਨਕ ਕਾਲ] ਦੇ ਸਾਹਿਤਕਾਰ ਕੋਈ ਸਾਧਾਰਨ ਵਿਅਕਤੀ ਨਹੀਂ ਸਨ। ਸਿੱਖ ਗੁਰੂਆਂ ਵਰਗੇ ਤੇਜਸਵੀ ਮਹਾਂਪੁਰਸ਼, ਸੂਫ਼ੀ ਦਰਵੇਸ਼ਾਂ ਵਰਗੀਆਂ ਬਿਰਹੋਂ ਕੁੱਠੀਆਂ ਆਤਮਾਵਾਂ, ਭੌਤਿਕ ਰਸ-ਰੰਗ ਨਾਲ ਗੜੁੱਚੇ ਕਿੱਸਾਕਾਰ, ਸ਼ਰਧਾ ਦੀ ਭਾਵਨਾ ਨਾਲ ਭਰਪੂਰ ਗੱਦਕਾਰ ਇਸ ਕਾਲ ਦੀ ਸੀਮਾ ਵਿਚ ਆਉਂਦੇ ਹਨ।"[16] ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਵੀ ਆਪਣੇ ਸਮਕਾਲੀ ਸਾਹਿਤ ਕਾਰਾਂ ਵਾਂਗ ਹੀ ਉਚ ਕੋਟੀ ਦੇ ਸਾਹਿਤਕਾਰ ਸਨ ਜਿਹਨਾਂ ਨੇ ਆਪਣੀ ਬਾਣੀ ਰਾਹੀ ਲੋਕਾਈ ਨੂੰ ਜੋ ਸੁਨੇਹੇ ਉਦੋਂ ਦਿੱਤੇ ਸਨ ਉਹਨਾਂ ਦੀ ਮਹੱਤਤਾ ਹਾਲੇ ਵੀ ਬਣੀ ਹੋਈ ਹੈ। ਇਹ ਉਹਨਾਂ ਦੀ ਦੂਰ-ਦ੍ਰਿਸ਼ਟੀ ਦਾ ਪ੍ਰਮਾਣ ਹੈ। ਉਹ ਅਧਿਆਤਮਕ ਸ਼ਬਦਾਂ ਨਾਲ ਮਨੁੱਖੀ ਸੋਚ ਨੂੰ ਸਕਾਰਾਤਮਕ ਰਹਿਣ ਲਈ ਪ੍ਰੇਰਿਤ ਕਰਦੇ ਹਨ।

[15] ਸਾਹਿਤ ਸਾਗਰ, ਡਾ. ਕੁਲਬੀਰ ਸਿੰਘ ਕਾਂਗ(ਸੰਪਾ.), ਤਿਆਗ, ਡਾ. ਦੀਵਾਨ ਸਿੰਘ ਕਾਲੇਪਾਣੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1991 (ਪਹਿਲੀ ਵਾਰ), ਪੰਨਾ ਨੰ. 103

[16] ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ-ਪੰਜਵਾਂ), ਡਾ. ਰਤਨ ਸਿੰਘ ਜੱਗੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2002 (ਪਹਿਲੀ ਵਾਰ), ਪੰਨਾ ਨੰ. (xv)

# ਗੁਰੂ ਤੇਗ਼ ਬਹਾਦਰ ਦੀ ਬਾਣੀ

# ਨਿਰਲੇਪ ਗ੍ਰਿਹਸਤੀ ਜੀਵਨ ਅਤੇ ਆਤਮਿਕ ਸ਼ਾਂਤੀ ਦਾ ਸੰਦੇਸ਼

ਸੁਖਵਿੰਦਰ ਕੌਰ

ਸਹਾਇਕ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ ਕਾਲਜ, ਬੇਨੜਾ।

ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ (ਪੰਜਾਬ)

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਇੱਕ ਤਪੱਸਵੀ, ਵੈਰਾਗੀ ਤੇ ਭਗਤੀ ਕਰਨ ਵਾਲੀ ਸ਼ਖ਼ਸੀਅਤ ਸਨ। ਉਨ੍ਹਾਂ ਨੇ ਧਰਮ ਇਤਿਹਾਸ ਅੰਦਰ ਜ਼ੁਲਮ ਦੇ ਖਿਲਾਫ਼ ਕੁਰਬਾਨੀ ਦੇ ਕੇ ਜੋ ਇਤਿਹਾਸ ਸਿਰਜਿਆ ਹੈ, ਉਸ ਨੂੰ ਮਨੁੱਖਤਾ ਕਦੇ ਵੀ ਅੱਖੋਂ ਓਹਲੇ ਨਹੀਂ ਕਰ ਸਕਦੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਅੰਮ੍ਰਿਤਸਰ ਵਿਖੇ ਗੁਰਦੁਆਰਾ ਗੁਰੂ ਕੇ ਮਹਿਲ ਦੇ ਸਥਾਨ ਤੇ ਮਾਤਾ ਨਾਨਕੀ ਦੀ ਕੁੱਖੋਂ ਹੋਇਆ।[1] ਆਪ ਜੀ ਦੇ ਚਾਰ ਭਰਾ ਬਾਬਾ ਗੁਰਦਿੱਤਾ, ਸੂਰਜਮੱਲ, ਅਣੀ ਰਾਇ, ਅਟੱਲ ਰਾਏ ਅਤੇ ਇੱਕ ਭੈਣ ਬੀਬੀ ਵੀਰੋ ਸਨ। ਆਪ ਨੇ ਪੜ੍ਹਾਈ ਦੇ ਨਾਲ-ਨਾਲ ਸ਼ਾਸਤਰਾਂ ਤੇ ਘੋੜਸਵਾਰੀ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਆਪ ਜੀ ਨੇ ਮੁਗਲਾਂ ਨਾਲ ਕਰਤਾਰਪੁਰ ਦੀ ਲੜਾਈ ਵਿੱਚ ਬਹਾਦਰੀ ਦਿਖਾਈ। ਇਸ ਲੜਾਈ ਵਿੱਚ ਆਪ ਨੇ ਆਪਣੇ ਆਪ ਨੂੰ ਤਲਵਾਰ ਚਲਾਉਣ ਦਾ ਧਨੀ ਸਾਬਤ ਕੀਤਾ। ਇਸ ਤੋਂ ਹੀ ਆਪ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ਼ ਬਹਾਦਰ ਰੱਖ ਦਿੱਤਾ ਗਿਆ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਗੁਰੂ ਹਰਗੋਬਿੰਦ, ਗੁਰੂ ਹਰਿ ਰਾਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਬਾਣੀ ਦੀ ਰਚਨਾ ਨਹੀਂ ਕੀਤੀ ਸੀ। ਸਿੱਖ ਫ਼ੌਜਾਂ ਦਾ ਧਿਆਨ ਸੈਨਿਕ ਕਾਰਵਾਈਆਂ ਵਿੱਚ ਲੱਗੇ ਰਹਿਣ ਕਾਰਨ ਸਾਹਿਤ ਸਿਰਜਣਾ ਵੱਲ ਬਹੁਤ ਜ਼ਿਆਦਾ ਧਿਆਨ ਨਾ ਦਿੱਤਾ ਗਿਆ। ਗੁਰੂ ਹਰਗੋਬਿੰਦ ਦੇ ਦਰਬਾਰ ਵਿੱਚ ਹਰ ਸ਼ਾਮ ਲੜਾਈ ਲਈ ਯੋਧਿਆਂ ਵਿੱਚ ਜੋਸ਼ ਭਰਨ ਲਈ ਵੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਸਨ। ਇਸ ਕਰਕੇ ਅਲੌਕਿਕ ਸਾਹਿਤ ਰਚੇ ਜਾਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਗਈਆਂ ਸਨ। ਇਨ੍ਹਾਂ ਸੰਭਾਵਨਾਵਾਂ ਨੂੰ ਤੇਗ਼ ਬਹਾਦਰ ਜੀ ਨੇ ਪੁਨਰ ਸੁਰਜੀਤ ਕਰ ਦਿੱਤਾ। [2]

ਗੁਰੂ ਤੇਗ਼ ਬਹਾਦਰ ਜੀ ਨੇ ਵੀ ਗੁਰੂ ਅੰਗਦ ਦੇਵ ਵਾਂਗ ਬਹੁਤੀ ਬਾਣੀ ਦੀ ਰਚਨਾ ਨਹੀਂ ਕੀਤੀ। ਉਨ੍ਹਾਂ ਦੀ ਕੋਈ ਲੰਬੀ ਰਚਨਾ ਵੀ ਨਹੀਂ ਮਿਲਦੀ। ਉਨ੍ਹਾਂ ਨੇ 59 ਪਦੇ ਅਤੇ 57 ਸਲੋਕਾਂ ਦੀ ਰਚਨਾ ਕੀਤੀ।[3] ਉਨ੍ਹਾਂ ਨੇ ਰਾਗ ਮੁਕਤ ਤੇ ਰਾਗਬੱਧ ਦੋਹਾਂ ਕਿਸਮਾਂ ਦੀ ਬਾਣੀ ਲਿਖੀ। ਆਪ ਜੀ ਨੇ 15 ਰਾਗਾਂ ਵਿੱਚ ਬਾਣੀ ਲਿਖੀ। ਇਹ ਰਾਗ ਹਨ : ਗਉੜੀ, ਆਸਾ, ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਦਿ ਗ੍ਰੰਥ ਵਿੱਚ ਸ਼ਾਮਲ ਨਹੀਂ ਸੀ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਭਾਈ ਗੁਰਦਾਸ ਤੋਂ ਲਿਖਵਾਇਆ

ਗਿਆ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਾਲੀ ਬੀੜ ਵਿੱਚ ਭਾਈ ਮਨੀ ਸਿੰਘ ਤੋਂ ਦਰਜ ਕਰਵਾਈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਪੰਜਾਬੀ ਵਿੱਚ ਨਹੀਂ ਸਗੋਂ ਸ਼ੁੱਧ ਹਿੰਦੀ ਵਿੱਚ ਹੈ:[4]

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ॥[5]

ਗੁਰੂ ਤੇਗ਼ ਬਹਾਦਰ ਦੀ ਬਾਣੀ ਦੇ ਪਛਾਣ ਚਿੰਨ੍ਹ ਇਸ ਵਿੱਚ ਆਉਣ ਵਾਲਾ 'ਕਹੁ ਨਾਨਕ ਸੁਨਿ ਰੇ ਮਨਾ' ਅਤੇ 'ਕਹੁ ਨਾਨਕ ਹਰਿ ਭਜੁ ਮਨਾ' ਦਾ ਦੁਹਰਾਓ ਅਨੋਖਾ ਰਸ ਭਰਦਾ ਹੈ।[6] ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਵਿਸ਼ੇਸ਼ ਮੌਕਿਆਂ ਉੱਤੇ ਇੱਕ ਖਾਸ ਸਨਮਾਨ ਪ੍ਰਾਪਤ ਹੈ। ਅਖੰਡ ਪਾਠ ਜਾਂ ਸਹਿਜ ਪਾਠ ਦੇ ਭੋਗ ਤੋਂ ਪਹਿਲਾਂ ਉਨ੍ਹਾਂ ਦੇ ਸਲੋਕ ਲੈਅਬੱਧ ਢੰਗ ਨਾਲ ਉਚਾਰੇ ਜਾਂਦੇ ਹਨ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥[7]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੈਰਾਗਮਈ ਹੈ। ਇਸ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਦਾ ਬਾਰ-ਬਾਰ ਜ਼ਿਕਰ ਮਿਲਦਾ ਹੈ।

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥

ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥[8]

ਗੁਰੂ ਤੇਗ਼ ਬਹਾਦਰ ਜੀ ਨੇ ਸੰਸਾਰਕ ਸੁੱਖਾਂ ਅਤੇ ਰਿਸ਼ਤਿਆਂ ਨੂੰ ਝੂਠ ਦੱਸਿਆ ਹੈ। ਇਹ ਸਭ ਮਿੱਥਿਆ ਹਨ। ਇਹ ਇੱਕ ਸੁਪਨੇ ਮਾਤਰ ਹਨ ਜੋ ਸੋਹਣੇ ਅਤੇ ਸੁਖਦਾਈ ਪ੍ਰਤੀਤ ਹੁੰਦੇ ਹਨ। ਪਰ ਰਾਤ ਦੇ ਖ਼ਤਮ ਹੋਣ ਵਾਂਗ ਇਹ ਸੁਪਨਿਆਂ ਦਾ ਸੰਸਾਰ ਵੀ ਇੱਕ ਦਿਨ ਖ਼ਤਮ ਹੋ ਜਾਣਾ ਹੈ:

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥[9]

ਸੰਸਾਰ ਨੂੰ ਪਾਣੀ ਦੇ ਬੁਲਬੁਲੇ ਦੇ ਪ੍ਰਤੀਕ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ ਜੋ ਕੁਝ ਸਮੇਂ ਲਈ ਪੈਦਾ ਹੁੰਦਾ ਹੈ ਅਤੇ ਫਿਰ ਖ਼ਤਮ ਹੋ ਜਾਂਦਾ ਹੈ। ਇਸ ਪ੍ਰਕਾਰ ਹੀ ਸਾਰੇ ਸੰਸਾਰ ਦੀ ਰਚਨਾ ਹੈ। ਇਸ ਨੇ ਵੀ ਅੰਤ ਸਮੇਂ ਨਾਸ਼ ਹੋਣਾ ਹੀ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥[10]

ਇਹ ਸਲੋਕ ਨਿਰਾਸ਼ਾ ਅਤੇ ਉਪਰਾਮਤਾ ਦਾ ਭੁਲੇਖਾ ਪਾਉਂਦੇ ਹਨ ਪਰ ਅਜਿਹਾ ਨਹੀਂ ਹੈ। ਇਹ ਬਾਣੀ

ਵਿੱਚ ਸ਼ਾਂਤ ਰਸ ਦੀ ਪ੍ਰਧਾਨਤਾ ਕਾਰਨ ਪ੍ਰਤੀਤ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸੰਬੋਧਨੀ ਰੂਪ ਵਿੱਚ ਹੈ। ਇਹ ਮਨੁੱਖ ਨਾਲ ਸਿੱਧਾ ਸੰਵਾਦ ਰਚਾਉਂਦੀ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਇੱਕ ਨਵੇਂ ਰਾਗ ਜੈਜਾਵੰਤੀ ਵਿੱਚ ਬਾਣੀ ਰਚੀ। ਵਿਦਵਾਨਾਂ ਅਨੁਸਾਰ ਜੈਜਾਵੰਤੀ ਰਾਗ ਦੀ ਰਚਨਾ ਵੀ ਗੁਰੂ ਤੇਗ਼ ਬਹਾਦਰ ਜੀ ਨੇ ਆਪ ਹੀ ਕੀਤੀ। ਇਸ ਰਾਗ ਦਾ ਅਨੋਖਾਪਣ ਇਹ ਹੈ ਕਿ ਇਸ ਵਿੱਚ ਦੁੱਖ ਅਤੇ ਸੁੱਖ ਦੋਵਾਂ ਦੇ ਭਾਵ ਨਾਲ-ਨਾਲ ਚਲਦੇ ਹਨ। ਗੁਰੂ ਸਾਹਿਬ ਇਹ ਸਪੱਸ਼ਟ ਕਰਦੇ ਹਨ ਕਿ ਜੀਵਨ ਅੰਦਰ ਦੁੱਖ ਵੀ ਹਨ ਅਤੇ ਸੁੱਖ ਵੀ ਹਨ। ਮਨੁੱਖ ਨੂੰ ਦੁੱਖ-ਸੁੱਖ ਦੇ ਵਿਚਾਰ ਤੋਂ ਉੱਪਰ ਉੱਠ ਕੇ ਆਪਣਾ ਧਰਮ ਨਿਭਾਉਣਾ ਚਾਹੀਦਾ ਹੈ। ਜੀਵ ਨੂੰ ਮਨੁੱਖ ਦਾ ਜਨਮ ਪ੍ਰਭੂ ਦਾ ਸਿਮਰਨ ਕਰਨ ਲਈ ਮਿਲਿਆ ਹੈ। ਉਸ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਸਿਮਰਨ ਵਿੱਚ ਜੁੜਨਾ ਚਾਹੀਦਾ ਹੈ। ਜਗਤ ਦੇ ਸੁੱਖ-ਦੁੱਖ ਸਭ ਝੂਠ ਹਨ। ਪ੍ਰਮਾਤਮਾ ਦੇ ਸਿਮਰਨ ਵਿੱਚ ਹੀ ਆਤਮਿਕ ਸੁੱਖ ਮਿਲ ਸਕਦਾ ਹੈ।

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥[11]

ਗੁਰੂ ਤੇਗ਼ ਬਹਾਦਰ ਜੀ ਸੰਸਾਰਿਕ ਨਾਸ਼ਮਾਨਤਾ ਨੂੰ ਦਰਸਾਉਂਦੇ ਹੋਏ ਮਨੁੱਖ ਨੂੰ ਸੰਸਾਰ ਦਾ ਮੋਹ ਛੱਡ ਕੇ ਪ੍ਰਭੂ ਭਗਤੀ ਦੇ ਵਿੱਚ ਆਪਣਾ ਮਨ ਲਗਾਉਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਅਨੁਸਾਰ ਮੌਤ ਸਮੇਂ ਕੇਵਲ ਪ੍ਰਭੂ ਦਾ ਨਾਮ ਹੀ ਸਾਥ ਦੇਣ ਵਾਲਾ ਹੈ ਕਿਉਂਕਿ ਅੰਤ ਸਮੇਂ ਮਨੁੱਖ ਨੇ ਸਭ ਕੁਝ ਇੱਥੇ ਹੀ ਛੱਡ ਜਾਣਾ ਹੈ। ਉਹ ਸਿੱਖਿਆ ਦਿੰਦੇ ਹਨ ਕਿ ਤੇਰੇ ਜੀਵਨ ਦਾ ਸਮਾਂ ਬੀਤਦਾ ਜਾ ਰਿਹਾ ਹੈ। ਇਸ ਦੀ ਸੰਭਾਲ ਕਰ:

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥

ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥[12]

ਗੁਰੂ ਤੇਗ਼ ਬਹਾਦਰ ਜੀ ਸਿੱਖਿਆ ਦਿੰਦੇ ਹਨ ਕਿ ਸੰਸਾਰਕ ਵਿਕਾਰਾਂ ਲੋਭ, ਲਾਲਚ, ਕਾਮ, ਕ੍ਰੋਧ ਦਾ ਤਿਆਗ ਕਰ ਕੇ ਮਨ ਨੂੰ ਆਤਮਿਕ ਸਥਿਰਤਾ ਵਿੱਚ ਟਿਕਾਉਣਾ ਚਾਹੀਦਾ ਹੈ। ਪ੍ਰਮਾਤਮਾ ਦੀ ਭਗਤੀ ਵਿੱਚ ਆਪਣਾ ਮਨ ਲਗਾ ਕੇ ਹੀ ਉੱਚੀ ਆਤਮਿਕ ਪਦਵੀ ਹਾਸਲ ਕੀਤੀ ਜਾ ਸਕਦੀ ਹੈ। ਇਸ ਦੁਆਰਾ ਹੀ ਸੰਸਾਰਿਕ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ:

ਰੇ ਮਨ ਓਟ ਲੇਹੁ ਹਰਿ ਨਾਮਾ॥

ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥[13]

ਗੁਰੂ ਤੇਗ਼ ਬਹਾਦਰ ਜੀ ਬਾਣੀ ਦੇ ਵਿੱਚ ਪ੍ਰਭੂ ਦੀ ਬੇਅੰਤਤਾ, ਸਰਵਸ਼ਕਤੀਮਾਨਤਾ ਦੱਸਦੇ ਹੋਏ ਮਨੁੱਖ ਨੂੰ ਦੁੱਖ-ਸੁੱਖ ਨੂੰ ਇੱਕ ਸਮਾਨ ਸਮਝਣ ਅਤੇ ਲੋਭ, ਮੋਹ ਛੱਡ ਕੇ ਉਸਨੂੰ ਪ੍ਰਭੂ ਦੇ ਹੁਕਮ ਨੂੰ ਪਛਾਨਣ ਅਤੇ

ਉਸ ਦੀ ਰਜ਼ਾ ਵਿੱਚ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੇ ਹਨ:

ਸੁਖ ਦੁਖ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥[14]

ਉਨ੍ਹਾਂ ਨੇ ਆਪਣੀ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਉੱਪਰ ਜਿੰਨਾ ਜ਼ੋਰ ਦਿੱਤਾ ਹੈ ਓਨਾ ਹੋਰ ਗੁਰੂ ਸਾਹਿਬਾਨਾਂ ਵੱਲੋਂ ਨਹੀਂ ਦਿੱਤਾ ਗਿਆ। ਉਹਨਾਂ ਅਨੁਸਾਰ ਇਹ ਦੁਨੀਆਂ, ਪਰਿਵਾਰ, ਧਨ ਸੰਪਤੀ, ਸੰਸਾਰ ਵਿੱਚ ਜੋ ਵੀ ਪੈਦਾ ਹੋਇਆ ਹੈ, ਜਿਸ ਨੂੰ ਉਹ ਆਪਣਾ ਸਮਝਦਾ ਹੈ। ਇਹਨਾਂ ਵਿੱਚੋਂ ਕਿਸੇ ਨੇ ਵੀ ਨਾਲ ਨਹੀਂ ਨਿਭਣਾ। ਸਭ ਇੱਕ ਦਿਨ ਖ਼ਤਮ ਹੋ ਜਾਣਾ ਹੈ।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥[15]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੈਰਾਗ ਭਰਪੂਰ ਹੈ। ਵੈਰਾਗ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ ਵੈ+ਰਾਗ, ਜਿਸ ਦਾ ਅਰਥ ਹੈ ਰਾਗ ਤੋਂ ਰਹਿਤ। [16] ਭਾਵ ਮੋਹ ਤਿਆਗ ਕੇ ਜੀਵਨ ਜਿਉਣਾ। ਇਸ ਪ੍ਰਕਾਰ ਵੈਰਾਗ ਦਾ ਅਰਥ ਹੈ ਸੰਸਾਰਕ ਭੋਗਾਂ, ਵਿਸ਼ੇ ਵਿਕਾਰਾਂ ਪ੍ਰਤੀ ਪੂਰੀ ਤਰ੍ਹਾਂ ਉਦਾਸੀਨਤਾ ਧਾਰਨ ਕਰ ਲੈਣਾ। ਪਰ ਦੁਚਿੱਤੀ ਵਿੱਚ ਫਸੇ ਰਹਿਣ ਨਾਲ ਵੈਰਾਗ ਪੈਦਾ ਨਹੀਂ ਹੋ ਸਕਦਾ। ਗੁਰੂ ਤੇਗ਼ ਬਹਾਦਰ ਜੀ ਨੇ ਘਰ-ਬਾਰ ਤਿਆਗ ਕੇ ਸੰਨਿਆਸੀ ਬਣਨ ਵਾਲੇ ਵੈਰਾਗ ਦਾ ਖੰਡਨ ਕੀਤਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਸਭ ਦੇ ਅੰਦਰ ਜੋਤ ਰੂਪ ਵਿੱਚ ਸਮਾਇਆ ਹੋਇਆ ਹੈ:

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥[17]

ਗੁਰੂ ਤੇਗ਼ ਬਹਾਦਰ ਜੀ ਨੇ ਸੰਸਾਰ ਵਿੱਚ ਰਹਿੰਦੇ ਹੋਏ ਵਿਕਾਰਾਂ ਤੋਂ ਮੁਕਤ ਹੋ ਕੇ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਧਾਰਮਿਕ ਦਿਖਾਵੇ ਤੇ ਪਾਖੰਡਾਂ ਦਾ ਖੰਡਨ ਕੀਤਾ। ਉਨ੍ਹਾਂ ਅਨੁਸਾਰ ਤੀਰਥਾਂ ਤੇ ਇਸ਼ਨਾਨ ਕਰਨ ਅਤੇ ਬਰਤ ਰੱਖਣਾ ਆਦਿ ਵਿਅਰਥ ਹੈ, ਕਿਉਂਕਿ ਅਜਿਹਾ ਕਰਕੇ ਮਨੁੱਖ ਧਾਰਮਿਕ ਹੋਣ ਦਾ ਹੰਕਾਰ ਧਾਰਨ ਕਰ ਲੈਂਦਾ ਹੈ। ਅਜਿਹਾ ਕਰਨਾ ਹਾਥੀ ਦੇ ਚਿੱਕੜ ਵਿੱਚ ਨਹਾਉਣ ਦੇ ਸਮਾਨ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥[18]

ਵੈਰਾਗ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਹੀ ਸ਼ੁਰੂ ਹੋ ਗਿਆ ਸੀ। ਪਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ ਦਾ ਸੰਕਲਪ ਵਧੇਰੇ ਸਪੱਸ਼ਟ ਰੂਪ ਵਿੱਚ ਸਾਹਮਣੇ ਆਇਆ ਹੈ। ਗੁਰੂ ਤੇਗ਼ ਬਹਾਦਰ ਆਪਣੀ ਬਾਣੀ ਵਿੱਚ ਮੋਹ ਮਾਇਆ ਨੂੰ ਤਿਆਗ ਕੇ ਵੈਰਾਗ ਧਾਰਨ ਕਰਨ ਲਈ ਪ੍ਰੇਰਨਾ ਦਿੰਦੇ ਹਨ। ਜੋ ਜੀਵ ਅਜਿਹਾ ਕਰਦਾ ਹੈ ਉਹ ਇਸ ਜੀਵ ਨੂੰ ਵਡਭਾਗੀ ਕਹਿੰਦੇ ਹਨ:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥[19]

ਗੁਰੂ ਤੇਗ਼ ਬਹਾਦਰ ਅਨੁਸਾਰ ਵੈਰਾਗ ਧਾਰਨ ਕਰਕੇ ਮਨੁੱਖ ਕਾਮ, ਕ੍ਰੋਧ, ਮੋਹ, ਮਾਇਆ ਤੋਂ ਛੁੱਟ ਜਾਂਦਾ ਹੈ। ਉਹ ਆਤਮਿਕ ਤੇ ਬਾਹਰਲੀ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ:

ਹਰਿ ਕੇ ਨਾਮ ਬਿਨਾ ਦੁਖ ਪਾਵੈ॥

ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥[20]

ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਆਤਮਿਕ ਸ਼ਾਂਤੀ ਤੀਰਥਾਂ ਤੇ ਇਸ਼ਨਾਨ ਕਰਨ ਜਾਂ ਵਰਤ ਆਦਿ ਰੱਖਣ ਨਾਲ ਪ੍ਰਾਪਤ ਨਹੀਂ ਹੋ ਸਕਦੀ। ਇਹ ਪ੍ਰਭੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਅਤੇ ਉਸ ਦਾ ਨਾਮ ਸਿਮਰਨ ਕਰਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥[21]

ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਮਨੁੱਖ ਦੁਨਿਆਵੀ ਸੁੱਖਾਂ ਵਿੱਚ ਅਤੇ ਮਾਇਆ ਦੇ ਪਦਾਰਥਾਂ ਵਿੱਚ ਆਨੰਦ ਦੀ ਭਾਲ ਕਰਦਾ ਹੈ ਪਰ ਅੰਤ ਉਸ ਨੂੰ ਅਸ਼ਾਂਤੀ ਹੀ ਮਿਲਦੀ ਹੈ। ਸੰਸਾਰਕ ਸੁੱਖ ਮਿਲ ਜਾਣ ਤੇ ਉਨ੍ਹਾਂ ਦੇ ਖੁੰਝ ਜਾਣ ਦਾ ਡਰ ਬਣ ਜਾਂਦਾ ਹੈ। ਇਹ ਸਾਰੇ ਪਦਾਰਥ ਹਮੇਸ਼ਾਂ ਨਾਲ ਚੱਲਣ ਵਾਲੇ ਨਹੀਂ ਹਨ। ਇਹ ਸਭ ਨਾਸ਼ ਹੋਣ ਵਾਲੇ ਹਨ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ॥[22]

ਹਿੰਦ ਦੀ ਚਾਦਰ ਦੇ ਤੌਰ ਤੇ ਜਾਣੇ ਜਾਂਦੇ ਗੁਰੂ ਤੇਗ਼ ਬਹਾਦਰ ਸ਼ਾਂਤੀ ਦੇ ਪੁੰਜ, ਕੁਰਬਾਨੀ ਦੇ ਪ੍ਰਤੀਕ, ਧਾਰਮਿਕ ਖੁੱਲ੍ਹਦਿਲੀ ਵਾਲੇ ਮਹਾਨ ਗੁਰੂ ਹਨ। ਗੁਰੂ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਅਤੇ ਵੈਰਾਗ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਮਨੁੱਖ ਨੂੰ ਨਿਰਾਸ਼ਾਵਾਦੀ ਬਣਾਉਣਾ ਚਾਹੁੰਦੇ ਸਨ। ਉਹ ਮਨੁੱਖ ਨੂੰ ਸੰਸਾਰ ਵਿੱਚ ਵਿਚਰਦੇ ਹੋਏ ਸੰਸਾਰਿਕ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਦਾ ਤਿਆਗ ਕਰਕੇ ਪ੍ਰਭੂ ਭਗਤੀ ਵਿੱਚ ਆਪਣਾ ਮਨ ਲਗਾਉਣ ਲਈ ਪ੍ਰੇਰਦੇ ਹਨ। ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸੁਚਾਰੂ ਜੀਵਨ ਜਿਉਣ ਅਤੇ ਮਨੁੱਖ ਨੂੰ ਸੰਸਾਰ ਰੂਪੀ ਮਾਇਆ ਦੀ ਠਗਬੂਟੀ ਤੋਂ ਬਚਣ ਦਾ ਸੰਕੇਤ ਦਿੰਦੇ ਹਨ। ਇਸ ਪ੍ਰਕਾਰ ਉਹਨਾਂ ਦੀ ਬਾਣੀ ਵਿੱਚੋਂ ਨਿਰਲੇਪ ਗ੍ਰਿਹਸਤੀ ਜੀਵਨ ਅਤੇ ਆਤਮਿਕ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਉਣ ਲਈ ਧਰਮ ਦੀ ਖਾਤਰ 11 ਨਵੰਬਰ 1675 ਈਸਵੀ ਨੂੰ ਆਪਣੀ ਕੁਰਬਾਨੀ ਦੇ ਦਿੱਤੀ। ਇਹਨਾਂ ਦੀ ਕੁਰਬਾਨੀ ਬਾਰੇ ਬਚਿੱਤਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨ ਹੇਤਿ ਇਤੀ ਜਿਨਿ ਕਰੀ॥

ਸੀਸੁ ਦੀਯਾ ਪਰੁ ਸੀ ਨਾ ਉਚਰੀ॥

ਧਰਮ ਹੇਤ ਸਾਕਾ ਜਿਨਿ ਕੀਆ॥

ਸੀਸੁ ਦੀਆ ਪਰੁ ਸਿਰਰੁ ਨ ਦੀਆ॥[23]

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ: ਬ੍ਰਹਮਜਗਦੀਸ਼ ਸਿੰਘ, ਪ੍ਰੋ: ਰਾਜਬੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2016, ਪੰਨਾ 195
2. ਡਾ. ਰਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2021, ਪੰਨਾ 90
3. ਉਹੀ
4. ਭਗਵੰਤ ਸਿੰਘ, ਪੰਜਾਬੀ ਸਾਹਿਤ ਦਾ ਸੰਕਲਪਮੂਲਕ ਅਧਿਐਨ, ਇੰਟਰਨੈਸ਼ਨਲ ਪਬਲਿਸ਼ਰਜ, ਕੈਲੀਫੋਰਨੀਆ, 2015, ਪੰਨਾ 137; ਡਾ. ਰਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2021, ਪੰਨਾ 90
5. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਗਉੜੀ, ਮਹਲਾ 9, ਪੰਨਾ 219
6. ਭਗਵੰਤ ਸਿੰਘ, ਉਕਤ ਪੁਸਤਕ, ਪੰਨਾ 137
7. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਸਲੋਕ 1, ਪੰਨਾ 1426
8. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ 42, ਪੰਨਾ 1428
9. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ 23, ਪੰਨਾ 1427
10. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ 25, ਪੰਨਾ 1427
11. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਜੈਜਾਵੰਤੀ, ਮਹਲਾ 9, ਪੰਨਾ 1352
12. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਤਿਲੰਗ, ਮਹਲਾ 9, ਪੰਨਾ 727

13. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਰਾਮਕਲੀ, ਮਹਲਾ 9, ਤਿਪਦੇ, ਪੰਨਾ 901

14. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਸਲੋਕ 13, ਪੰਨਾ 1427

15. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ 5, ਪੰਨਾ 1426

16. ਡਾ. ਦਲਜੀਤ ਸਿੰਘ (ਸੰਪਾਦਕ), ਸ੍ਰੀ ਗੁਰੂ ਤੇਗ਼ ਬਹਾਦਰ ਜੀਵਨ, ਯਾਤਰਾਵਾਂ ਅਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ 159

17. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਧਨਾਸਰੀ, ਮਹਲਾ 9, ਪੰਨਾ 684

18. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਸਲੋਕ 46, ਪੰਨਾ 1428

19. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਸਲੋਕ 17, ਪੰਨਾ 1427

20. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਰਾਗ ਬਿਲਾਵਲੁ, ਪੰਨਾ 930

21. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਰਾਗ ਬਿਲਾਵਲੁ, ਪੰਨੇ 930-931

22. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਸਲੋਕ 49, ਪੰਨਾ 1429

23. ਬਚਿੱਤਰ ਨਾਟਕ, ਪੰਨਾ 5

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿੱਚ ਸਤਿ–ਅਸਤਿ ਦਾ ਤੱਤ–ਮੀਮਾਂਸਾਕ ਅਧਿਐਨ

ਅਵਨੀਤ ਕੌਰ
ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਸੁਪਰਵਾਈਜਰ: ਰਾਜ ਸੁਖਵਿੰਦਰ ਸਿੰਘ ਕਲੇਰ
ਡਿਪਾਰਟਮੇਂਟ ਆਫ਼ ਫੂਡ ਸਾਇੰਸ ਐਂਡ ਟੈਕਨਾਲੋਜੀ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਹਿਬ।

ਮਨੁੱਖੀ ਚਿੰਤਨ ਦੇ ਇਤਿਹਾਸ ਵਿੱਚ ਯਥਾਰਥ ਦੇ ਸਰੂਪ ਦਾ ਪ੍ਰਸ਼ਨ ਸਭ ਤੋਂ ਬੁਨਿਆਦੀ, ਸਦੀਵੀ ਅਤੇ ਗੁੰਝਲਦਾਰ ਰਿਹਾ ਹੈ। ਜੋ ਅਸੀਂ ਆਪਣੀਆਂ ਇੰਦਰੀਆਂ ਨਾਲ ਅਨੁਭਵ ਕਰਦੇ ਹਾਂ, ਕੀ ਉਹ ਅੰਤਮ ਸੱਚ ਹੈ, ਜਾਂ ਇਹ ਕਿਸੇ ਗਹਿਰੇ, ਅਦ੍ਰਿਸ਼ਟ ਯਥਾਰਥ ਦਾ ਪਰਛਾਵਾਂ ਮਾਤਰ ਹੈ? ਇਸ ਸਵਾਲ ਨੇ ਦੁਨੀਆ ਭਰ ਦੇ ਦਾਰਸ਼ਨਿਕਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਵੱਖ-ਵੱਖ ਸਭਿਅਤਾਵਾਂ ਵਿੱਚ ਇਸਦੇ ਵੱਖੋ-ਵੱਖਰੇ ਉੱਤਰ ਲੱਭਣ ਦੇ ਯਤਨ ਕੀਤੇ ਗਏ ਹਨ। ਪੱਛਮ ਵਿੱਚ, ਪਲੈਟੋ ਨੇ ਆਪਣੀ 'ਗੁਫ਼ਾ ਦੇ ਮੈਟਾਫਰ" ਰਾਹੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਸਾਡਾ ਅਨੁਭਵੀ ਸੰਸਾਰ ਅਸਲ ਯਥਾਰਥ ਦਾ ਇੱਕ ਪਰਛਾਵਾਂ ਮਾਤਰ ਹੈ, ਜਿਸਨੂੰ ਕੇਵਲ ਗਿਆਨਵਾਨ ਹੀ ਸਮਝ ਸਕਦੇ ਹਨ, ਜਦਕਿ ਆਮ ਮਨੁੱਖ ਪਰਛਾਵਿਆਂ ਨੂੰ ਹੀ ਸੱਚ ਮੰਨ ਕੇ ਜੀਵਨ ਬਤੀਤ ਕਰਦਾ ਹੈ। ਇਸੇ ਤਰ੍ਹਾਂ, ਭਾਰਤੀ ਦਰਸ਼ਨ ਪਰੰਪਰਾ ਵਿੱਚ, ਇਸ ਦੁਬਿਧਾ ਨੂੰ 'ਮਾਇਆ' ਦੇ ਸੰਕਲਪ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਦਰਸ਼ਨ ਅਨੁਸਾਰ ਮਾਯਾ, ਉਹ ਸ਼ਕਤੀ ਹੈ, ਜੋ ਇੱਕ ਪਾਸੇ ਬ੍ਰਹਿਮੰਡ ਦੀ ਰਚਨਾ ਕਰਦੀ ਹੈ ਅਤੇ ਦੂਜੇ ਪਾਸੇ ਜੀਵ ਨੂੰ ਅਸਲ ਸੱਚ ਤੋਂ ਪਰਦੇ ਵਿੱਚ ਰੱਖਦੀ ਹੈ। ਆਦਿ ਸ਼ੰਕਰਾਚਾਰੀਆ ਨੇ ਇਸ ਨੂੰ ਸਿਧਾਂਤਕ ਰੂਪ ਦਿੰਦਿਆਂ "ਬ੍ਰਹਮ ਸਤਯਮ, ਜਗਤ ਮਿਥਯਾ" ਹੈ ਜਿਸਦਾ ਭਾਵ ਕਿ ਕੇਵਲ ਬ੍ਰਹਮ ਹੀ ਸੱਚ ਹੈ ਫਲਸਰੂਪ ਸੰਸਾਰ ਮਿਥਿਆ(ਭਰਮ) ਹੈ। ਇਸੇ ਵਿਸ਼ਵ-ਵਿਆਪੀ ਦਾਰਸ਼ਨਿਕ ਸੰਵਾਦ ਦੇ ਸਿਖਰ 'ਤੇ, ਗੁਰਮਤਿ ਵਿਚਾਰਧਾਰਾ ਵਿਲੱਖਣ, ਅਮਲੀ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ, ਜਿਸਦਾ ਸਭ ਤੋਂ ਸਪੱਸ਼ਟ, ਸੰਖੇਪ ਅਤੇ ਗਹਿਰਾ ਰੂਪ ਨੌਵੇਂ ਪਾਤਸ਼ਾਹ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਿਲਦਾ ਹੈ। ਇਹ ਖੋਜ-ਪੱਤਰ ਇਸੇ ਦਾਰਸ਼ਨਿਕ ਗਹਿਰਾਈ, ਯਾਨੀ *ਸਤਿ* (ਸਦੀਵੀ ਸੱਚ) ਅਤੇ *ਅਸਤਿ* (ਨਾਸ਼ਵਾਨ ਭਰਮ) ਨੂੰ ਸਮਝਣ ਦਾ ਯਤਨ ਹੈ। ਜਿਸਦਾ ਕੇਂਦਰੀ ਸਿਧਾਂਤ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਦਵੈਤਵਾਦੀ ਤੱਤ-ਮੀਮਾਂਸਕ ਪ੍ਰਣਾਲੀ ਪੇਸ਼ ਕਰਦੀ ਹੈ, ਜਿਸ ਵਿੱਚ ਦ੍ਰਿਸ਼ਟਮਾਨ ਸੰਸਾਰ (ਜਗਤ) ਨੂੰ ਅਨੁਭਵ ਦੇ ਪੱਧਰ 'ਤੇ ਸੱਚਾ ਪ੍ਰੰਤੂ

ਤੱਤ ਦੇ ਪੱਧਰ 'ਤੇ ਮਿਥਿਆ (ਸੁਪਨਾ) ਸਮਝਿਆ ਗਿਆ ਹੈ। ਗੁਰੂ ਸਾਹਿਬ ਦਾ ਵਾਕ,

"ਜਗ ਸੁਪਨੇ ਜਿਉ ਜਾਨੁ"[1]

ਇਸ ਪੂਰੇ ਦਰਸ਼ਨ ਦਾ ਧੁਰਾ ਹੈ। ਇਹ ਸਿਰਫ਼ ਇੱਕ ਕਾਵਿਕ ਤੁਲਨਾ ਨਹੀਂ, ਬਲਕਿ ਇੱਕ ਸੰਪੂਰਣ ਤੱਤ-ਮੀਮਾਂਸਕ ਦਰਸ਼ਨ ਹੈ ਜੋ ਮਨੁੱਖ ਨੂੰ ਆਪਣੀ ਹੋਂਦ ਅਤੇ ਆਲੇ-ਦੁਆਲੇ ਦੀ ਦੁਨੀਆ ਪ੍ਰਤੀ ਆਪਣੀ ਸਮਝ ਨੂੰ ਮੁੜ-ਪਰਿਭਾਸ਼ਿਤ ਕਰਨ ਲਈ ਸਯੋਗਤਾ ਦਿੰਦਾ ਹੈ। ਸਤਾਰਵੀਂ ਸਦੀ ਦੇ ਭਾਰਤ ਦੇ ਸਮਾਜਿਕ-ਰਾਜਨੀਤਿਕ ਮਾਹੌਲ ਵਿੱਚ, ਜਿੱਥੇ ਧਾਰਮਿਕ ਕੱਟੜਤਾ ਅਤੇ ਰਾਜ ਦੁਆਰਾ ਦਮਨ ਸਿਖਰ 'ਤੇ ਸੀ, ਗੁਰੂ ਸਾਹਿਬ ਦਾ ਇਹ ਸੰਦੇਸ਼ ਕੇਵਲ ਇੱਕ ਦਾਰਸ਼ਨਿਕ ਵਿਚਾਰ ਨਹੀਂ ਸੀ, ਬਲਕਿ ਮਨੁੱਖ ਨੂੰ ਅੰਦਰੂਨੀ ਤੌਰ 'ਤੇ ਨਿਰਭਉ ਅਤੇ ਨਿਰਵੈਰੁ ਕਰਨ ਦਾ ਇੱਕ ਅਮਲੀ ਮਾਰਗ ਸੀ। ਗੁਰੂ ਤੇਗ ਬਹਾਦਰ ਸਾਹਿਬ ਦਾ ਮਨੋਰਥ ਸੰਸਾਰ ਨੂੰ ਨਕਾਰਨਾ ਜਾਂ ਜੀਵਨ ਤੋਂ ਭੱਜਣ ਦਾ ਉਪਦੇਸ਼ ਦੇਣਾ ਨਹੀਂ ਹੈ ਬਲਕਿ ਸਾਡੀ ਸੰਸਾਰ ਪ੍ਰਤੀ ਦ੍ਰਿਸ਼ਟੀ ਨੂੰ ਬਦਲਣਾ ਹੈ। ਉਹ ਸਾਨੂੰ *ਅਸਤਿ* ਨੂੰ ਸਮਝ ਕੇ *ਸਤਿ* ਨਾਲ ਜੋੜਨਾ ਚਾਹੁੰਦੇ ਹਨ। ਜਦਕਿ ਉਹਨਾਂ ਤੋਂ ਪੂਰਵ ਦਰਸ਼ਨ ਇਸ ਪ੍ਰਤੀ ਵੈਰਾਗ ਬਿਰਤੀ ਰੱਖ ਕੇ ਇਸਦੇ ਵਲ ਤਿਆਗ ਦੀ ਵਿਧੀ ਨੂੰ ਅਮਲ ਕਰਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਵਾਰ-ਵਾਰ ਅਸਤਿ ਦੀ ਨਾਸ਼ਮਾਨਤਾ ਦਾ ਜ਼ਿਕਰ ਆਉਂਦਾ ਹੈ:

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥"[2]

ਇੱਥੇ 'ਜੰਜਾਲ' ਸ਼ਬਦ ਉਹਨਾਂ ਸਾਰੀਆਂ ਸੰਸਾਰਕ ਵਸਤਾਂ ਅਤੇ ਰਿਸ਼ਤਿਆਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੂੰ ਮਨੁੱਖ ਆਪਣਾ ਮੰਨ ਕੇ ਮੋਹ ਦੇ ਬੰਧਨ ਵਿੱਚ ਬੱਝ ਜਾਂਦਾ ਹੈ। 'ਅਸਤਿ' ਦੇ ਇਸ ਸਰੂਪ ਨੂੰ ਕਈ ਪੱਖਾਂ ਤੋਂ ਸਮਝਿਆ ਜਾ ਸਕਦਾ ਹੈ। ਪਹਿਲਾ ਹੈ ਨਾਸ਼ਮਾਨਤਾ। ਗੁਰਬਾਣੀ ਸੰਸਾਰ ਦੀ ਅਸਥਿਰਤਾ ਨੂੰ ਦਰਸਾਉਣ ਲਈ ਸ਼ਕਤੀਸ਼ਾਲੀ ਬਿੰਬਾਂ ਦੀ ਵਰਤੋਂ ਕਰਦੀ ਹੈ। ਇਸਨੂੰ ਕਦੇ "ਰੇਤ ਕੀ ਭੀਤਿ" (ਰੇਤ ਦੀ ਕੰਧ), ਕਦੇ "ਕਾਗਦ ਕੋ ਕੋਟੁ" (ਕਾਗਜ਼ ਦਾ ਕਿਲ੍ਹਾ), ਕਦੇ "ਬਾਦਰ ਕੀ ਛਾਇਆ" (ਬੱਦਲ ਦਾ ਪਰਛਾਵਾਂ) ਅਤੇ ਕਦੇ "ਪਰਬਤ ਕੇਰਾ ਧੂੰਆਂ" ਕਿਹਾ ਗਿਆ ਹੈ। ਇਹ ਸਾਰੇ ਬਿੰਬ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਜੋ ਕੁਝ ਵੀ ਦਿਸਦਾ ਹੈ, ਉਹ ਪਲ-ਪਲ ਬਦਲ ਰਿਹਾ ਹੈ ਅਤੇ ਅੰਤ ਵਿੱਚ ਨਾਸ਼ ਹੋ ਜਾਵੇਗਾ:

"ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥"[3]

ਇਸ ਤੁਕ ਵਿੱਚ ਜੀਵਨ ਦੀ ਤੁਲਨਾ ਪਾਣੀ ਦੇ ਬੁਲਬੁਲੇ ਨਾਲ ਕੀਤੀ ਗਈ ਹੈ, ਜੋ ਬਣਦਾ ਹੈ ਅਤੇ ਤੁਰੰਤ ਮਿਟ ਜਾਂਦਾ ਹੈ। ਦੂਜਾ ਪੱਖ ਹੈ ਮੋਹ। ਮਨੁੱਖ ਦਾ ਦੁੱਖ ਇਸ ਲਈ ਹੈ ਕਿਉਂਕਿ ਉਹ ਆਪਣੀ ਪੂਰੀ ਚੇਤਨਾ *ਅਸਤਿ* ਨਾਲ ਜੋੜ ਕੇ ਬੈਠਾ ਹੈ। ਉਹ ਸੁਪਨੇ ਨੂੰ ਸੱਚ ਮੰਨ ਕੇ ਉਸਦੇ ਪਾਤਰਾਂ ਅਤੇ ਵਸਤੂਆਂ ਨਾਲ ਮੋਹ ਪਾ ਲੈਂਦਾ ਹੈ ਅਤੇ ਜਦੋਂ ਸੁਪਨਾ ਟੁੱਟਦਾ ਹੈ ਤਾਂ ਦੁਖੀ ਹੁੰਦਾ ਹੈ:

"ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥"[4]

ਇਹ ਵਾਕ ਸਪੱਸ਼ਟ ਕਰਦਾ ਹੈ ਕਿ ਮਾਇਆ ਦਾ ਅਸਲ ਰੂਪ ਇਹੀ ਮੋਹ ਅਤੇ 'ਮੇਰੀ-ਮੇਰੀ' ਦੀ ਭਾਵਨਾ ਹੈ ਜੋ ਮਨੁੱਖ ਨੂੰ ਸੱਚ ਦੇ ਮਾਰਗ 'ਤੇ ਚੱਲਣ ਨਹੀਂ ਦਿੰਦੀ। ਤੀਜਾ ਅਤੇ ਸਭ ਤੋਂ ਮਹੱਤਵਪੂਰਨ ਪੱਖ ਹੈ ਹਉਮੈ। ਹਉਮੈ ਇਸ ਸੁਪਨੇ ਦਾ ਕੇਂਦਰੀ ਥੰਮ੍ਹ ਹੈ। ਇਹ 'ਮੈਂ' ਅਤੇ 'ਮੇਰਾ' ਦੀ ਭਾਵਨਾ ਪੈਦਾ ਕਰਦੀ ਹੈ, ਜੋ ਵਿਅਕਤੀ ਨੂੰ ਸਮੁੱਚੀ ਹੋਂਦ ਤੋਂ ਵੱਖਰਾ ਕਰਦੀ ਹੈ। ਜਵਾਨੀ ਦਾ ਜੋਸ਼, ਸਰੀਰਕ ਤਾਕਤ ਅਤੇ ਬੁੱਧੀ ਦਾ ਹੰਕਾਰ ਵੀ ਇਸੇ ਸੁਪਨੇ ਦਾ ਹਿੱਸਾ ਹਨ, ਜਿਵੇਂ ਗੁਰੂ ਸਾਹਿਬ ਫੁਰਮਾਉਂਦੇ ਹਨ:

"ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥"[5]

ਇਹ ਤੁਕ ਮਨੁੱਖ ਦੀ ਬੇਵਸੀ ਨੂੰ ਦਰਸਾਉਂਦੀ ਹੈ ਜਦੋਂ ਮਾਇਆ ਦੇ ਸਹਾਰੇ ਟੁੱਟ ਜਾਂਦੇ ਹਨ। ਅੰਤ ਵਿੱਚ, ਪੰਜ ਵਿਕਾਰ(ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਇਸ ਸੁਪਨੇ ਨੂੰ ਹੋਰ ਗੂੜ੍ਹਾ ਕਰਦੇ ਹਨ ਅਤੇ ਆਤਮਾ ਨੂੰ ਆਪਣੇ ਅਸਲ ਸਰੂਪ ਤੋਂ ਬੇਮੁਖ ਕਰਦੇ ਹਨ। ਇਹ ਮਨ ਨੂੰ ਬਾਹਰਮੁਖੀ ਬਣਾਉਂਦੇ ਹਨ ਅਤੇ ਸੱਚ ਦੀ ਖੋਜ ਤੋਂ ਰੋਕਦੇ ਹਨ। ਜੇ ਸੰਸਾਰ ਇੱਕ ਸੁਪਨਾ ਹੈ, ਤਾਂ ਇਸ ਤੋਂ ਜਾਗਣ ਦਾ ਤਰੀਕਾ ਕੀ ਹੈ? ਗੁਰੂ ਸਾਹਿਬ ਇਸ ਦਾ ਸਪੱਸ਼ਟ ਅਤੇ ਅਮਲੀ ਉੱਤਰ ਦਿੰਦੇ ਹਨ: ਹਰਿ ਗੁਣ ਗਾਇਨ ਕਰਨਾ ਅਤੇ ਨਾਮ ਦਾ ਸਿਮਰਨ ਕਰਨਾ। ਨਾਮ ਸਿਮਰਨ ਸਿਰਫ਼ ਸ਼ਬਦਾਂ ਦਾ ਦੁਹਰਾਓ ਨਹੀਂ, ਬਲਕਿ ਇੱਕ ਨਿਰੰਤਰ, ਚੇਤੰਨ ਅਵਸਥਾ ਹੈ ਜਿਸ ਰਾਹੀਂ ਮਨੁੱਖ ਆਪਣੀ ਸੁਰਤ ਨੂੰ ਮਾਇਆ ਦੇ ਪਸਾਰੇ ਤੋਂ ਹਟਾ ਕੇ ਸਦੀਵੀ ਸੱਚ ਨਾਲ ਜੋੜਦਾ ਹੈ। ਇਹ ਇੱਕ ਤਰ੍ਹਾਂ ਨਾਲ ਅਧਿਆਤਮਿਕ ਜਾਗ੍ਰਿਤੀ ਹੈ:

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥"[6]

ਇਹ ਮਾਰਗ ਸੰਸਾਰ ਦੇ ਤਿਆਗ ਦਾ ਨਹੀਂ, ਬਲਕਿ ਮਾਇਆ ਦੇ ਸੰਗ ਭਾਵ ਮੋਹ ਦੇ ਤਿਆਗ ਦਾ ਹੈ। ਜਿਸ ਵਿਅਕਤੀ ਨੂੰ ਇਹ ਗਿਆਨ ਹੋ ਜਾਂਦਾ ਹੈ, ਉਹ *ਗੁਰਮੁਖ* ਜਾਂ *ਬ੍ਰਹਮ ਗਿਆਨੀ* ਬਣ ਜਾਂਦਾ ਹੈ। ਉਹ ਸੰਸਾਰ ਵਿੱਚ ਰਹਿੰਦਾ ਹੋਇਆ ਵੀ ਇਸ ਤੋਂ ਨਿਰਲੇਪ ਰਹਿੰਦਾ ਹੈ। ਉਸ ਲਈ ਸੁੱਖ ਅਤੇ ਦੁੱਖ, ਸੋਨਾ ਅਤੇ ਮਿੱਟੀ, ਉਸਤਤ ਅਤੇ ਨਿੰਦਿਆ ਇੱਕ ਸਮਾਨ ਹੋ ਜਾਂਦੇ ਹਨ।

ਸੁਖੁ ਦੁਖੁ ਜਿਹ ਪਰਸੈ ਨਹਨਿ ਲੋਭੁ ਮੋਹੁ ਅਭਿਮਾਨੁ ॥

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥[7]

ਇਹ ਉਸ ਅਵਸਥਾ ਦਾ ਵਰਣਨ ਹੈ ਜਿੱਥੇ ਮਨੁੱਖ ਸੁਪਨੇ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਉਹ ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ (ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥)। ਇਹ ਨਿਰਭਉ ਅਤੇ ਨਿਰਵੈਰ ਅਵਸਥਾ ਹੀ ਜੀਵਨ ਦਾ ਅਸਲ ਮਨੋਰਥ ਹੈ। ਅਜਿਹਾ

ਵਿਅਕਤੀ ਸੰਸਾਰਕ ਪਦਾਰਥਾਂ ਨੂੰ ਵਰਤਦਾ ਹੈ ਪ੍ਰੰਤੂ ਉਹਨਾਂ ਦਾ ਗੁਲਾਮ ਨਹੀਂ ਬਣਦਾ। ਉਸਦੀ ਚੇਤਨਾ ਹਮੇਸ਼ਾ ਅਕਾਲ ਪੁਰਖ ਵਿੱਚ ਜੁੜੀ ਰਹਿੰਦੀ ਹੈ। ਇਸ ਮਾਰਗ 'ਤੇ ਚੱਲਣ ਲਈ ਗੁਰੂ ਦੀ ਅਗਵਾਈ ਅਤੇ ਸਾਧ ਸੰਗਤ ਦਾ ਸਾਥ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਮਨੁੱਖ ਨੂੰ ਹਉਮੈ ਅਤੇ ਮਾਇਆ ਦੇ ਹਮਲਿਆਂ ਤੋਂ ਬਚਾਉਂਦੇ ਹਨ। ਇੱਥੇ ਇੱਕ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ: ਜੇ ਸੰਸਾਰ ਇੱਕ ਸੁਪਨਾ ਹੀ ਹੈ, ਤਾਂ ਫਿਰ ਇਸ ਵਿੱਚ ਨੈਤਿਕ ਅਤੇ ਸਮਾਜਿਕ ਕਾਰਜਾਂ ਦੀ ਕੀ ਮਹੱਤਤਾ ਹੈ? ਕੀ ਇਹ ਦਰਸ਼ਨ ਮਨੁੱਖ ਨੂੰ ਕਰਮਹੀਣ ਅਤੇ ਸਮਾਜ ਤੋਂ ਉਪਰਾਮ ਨਹੀਂ ਕਰ ਦਿੰਦਾ? ਗੁਰਮਤਿ ਇਸ ਨਕਾਰਾਤਮਕ ਵਿਆਖਿਆ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦਾ ਆਪਣਾ ਜੀਵਨ ਅਤੇ ਉਹਨਾਂ ਦੀ ਸ਼ਹਾਦਤ ਇਸ ਗੱਲ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਉਹਨਾਂ ਨੇ ਸੰਸਾਰ ਨੂੰ ਮਿਥਿਆ ਜਾਣਦੇ ਹੋਏ ਵੀ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ ਹੈ। ਉਹਨਾਂ ਦੀ ਸ਼ਹਾਦਤ ਕਸ਼ਮੀਰੀ ਪੰਡਤਾਂ ਲਈ ਸੀ, ਜੋ ਉਹਨਾਂ ਦੇ ਆਪਣੇ ਧਰਮ ਦੇ ਪੈਰੋਕਾਰ ਨਹੀਂ ਸਨ, ਇਹ ਦਰਸਾਉਂਦਾ ਹੈ ਕਿ ਗੁਰਮਤਿ ਦਾ 'ਜਗਤ-ਸੁਪਨਾ' ਸਿਧਾਂਤ ਕਰਮ-ਤਿਆਗ ਦਾ ਨਹੀਂ, ਬਲਕਿ ਨਿਸ਼ਕਾਮ ਕਰਮ ਦਾ ਸੰਦੇਸ਼ ਦਿੰਦਾ ਹੈ। ਸਿੱਖ ਆਦਰਸ਼ ਗੁਰਮੁਖ ਸੰਸਾਰ ਵਿੱਚ ਰਹਿੰਦਿਆਂ ਆਪਣੇ ਸਾਰੇ ਫਰਜ਼ ਨਿਭਾਉਂਦਾ ਹੈ, ਪ੍ਰੰਤੂ ਉਹਨਾਂ ਦੇ ਫਲ ਦੀ ਇੱਛਾ ਨਹੀਂ ਰੱਖਦਾ। ਉਸਦੇ ਕਾਰਜ ਹਉਮੈ ਤੋਂ ਪ੍ਰੇਰਿਤ ਨਹੀਂ ਹੁੰਦੇ, ਬਲਕਿ ਧਰਮ ਅਤੇ ਪਰਉਪਕਾਰ ਦੀ ਭਾਵਨਾ ਨਾਲ ਕੀਤੇ ਜਾਂਦੇ ਹਨ। ਇਸ ਲਈ, ਇਹ ਦਰਸ਼ਨ ਸੰਸਾਰ ਤੋਂ ਭੱਜਣ ਦਾ ਨਹੀਂ, ਸਗੋਂ ਸੰਸਾਰ ਵਿੱਚ ਰਹਿ ਕੇ ਇਸ ਨੂੰ ਜਿੱਤਣ ਦਾ ਮਾਰਗ ਹੈ। ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਸਭ ਕੁਝ ਉਸੇ ਇੱਕ ਪਰਮਾਤਮਾ ਦਾ ਪਸਾਰਾ ਹੈ, ਤਾਂ ਉਹ ਸਮਾਜਿਕ ਜ਼ਿੰਮੇਵਾਰੀਆਂ ਨੂੰ ਰੱਬੀ ਹੁਕਮ ਸਮਝ ਕੇ ਪੂਰਾ ਕਰਦਾ ਹੈ। ਉਸਦਾ ਟੀਚਾ ਨਿੱਜੀ ਲਾਭ ਨਹੀਂ, ਬਲਕਿ *ਸਰਬੱਤ ਦਾ ਭਲਾ* ਹੁੰਦਾ ਹੈ। ਇਹ ਸਿਧਾਂਤ ਗੁਰਮਤਿ ਨੂੰ ਦੂਜੇ ਤਿਆਗਵਾਦੀ ਦਰਸ਼ਨਾਂ ਤੋਂ ਵੱਖਰਾ ਕਰਦਾ ਹੈ ਅਤੇ ਇਸਨੂੰ ਇੱਕ ਸਮਾਜਿਕ ਤੌਰ 'ਤੇ ਉਸਾਰੂ ਵਿਚਾਰਧਾਰਾ ਬਣਾਉਂਦਾ ਹੈ।

ਜੇਕਰ ਇਸ ਦਰਸ਼ਨ ਦੀ ਤੁਲਨਾ ਭਾਰਤੀ ਦਰਸ਼ਨ ਦੀਆਂ ਹੋਰ ਧਾਰਾਵਾਂ ਨਾਲ ਕੀਤੀ ਜਾਵੇ, ਤਾਂ ਗੁਰਮਤਿ ਦੀ ਵਿਲੱਖਣਤਾ ਹੋਰ ਸਪੱਸ਼ਟ ਹੁੰਦੀ ਹੈ। ਅਦਵੈਤ ਵੇਦਾਂਤ ਨਾਲ ਤੁਲਨਾ ਕਰਦਿਆਂ, ਦੋਵੇਂ ਹੀ ਇੱਕ ਅੰਤਮ ਸੱਚ (ਬ੍ਰਹਮ/ਅਕਾਲ ਪੁਰਖ) ਨੂੰ ਮੰਨਦੇ ਹਨ ਅਤੇ ਸੰਸਾਰ ਨੂੰ ਉਸਦੇ ਮੁਕਾਬਲੇ ਮਿਥਿਆ ਸਮਝਦੇ ਹਨ। ਪਰ, ਜਿੱਥੇ ਆਦਿ ਸ਼ੰਕਰਾਚਾਰੀਆ ਦਾ ਅਦਵੈਤ ਵੇਦਾਂਤ ਸੰਨਿਆਸ ਅਤੇ ਕਰਮ-ਤਿਆਗ 'ਤੇ ਵਧੇਰੇ ਜ਼ੋਰ ਦਿੰਦਾ ਹੈ, ਉੱਥੇ ਗੁਰਮਤਿ ਗ੍ਰਿਹਸਥ ਜੀਵਨ ਵਿੱਚ ਰਹਿ ਕੇ ਅਧਿਆਤਮਿਕ ਉੱਨਤੀ ਕਰਨ ਨੂੰ ਤਰਜੀਹ ਦਿੰਦੀ ਹੈ। ਗੁਰਮਤਿ ਵਿੱਚ ਪਰਮਾਤਮਾ ਨਿਰਗੁਣ ਹੋਣ ਦੇ ਨਾਲ-ਨਾਲ ਸਰਗੁਣ ਵੀ ਹੈ, ਅਤੇ ਉਸਦੀ ਪ੍ਰਾਪਤੀ ਲਈ ਗਿਆਨ ਦੇ ਨਾਲ-ਨਾਲ ਪ੍ਰੇਮਾ-ਭਗਤੀ ਅਤੇ ਰੱਬੀ ਮਿਹਰ (ਨਦਰਿ) ਨੂੰ ਵੀ ਜ਼ਰੂਰੀ ਮੰਨਿਆ ਗਿਆ ਹੈ। ਬੁੱਧ ਦਰਸ਼ਨ ਦੇ 'ਅਨਿੱਤ' (impermanence) ਅਤੇ 'ਦੁੱਖ' (suffering) ਦੇ ਸਿਧਾਂਤ ਗੁਰਮਤਿ ਦੇ ਨਾਸ਼ਮਾਨਤਾ ਦੇ ਸੰਕਲਪ ਨਾਲ ਮਿਲਦੇ-ਜੁਲਦੇ ਹਨ। ਦੋਵੇਂ ਮੰਨਦੇ ਹਨ ਕਿ ਸੰਸਾਰਕ ਵਸਤਾਂ ਨਾਲ ਮੋਹ ਹੀ ਦੁੱਖ ਦਾ ਕਾਰਨ ਹੈ। ਪਰ, ਜਿੱਥੇ ਬੁੱਧ ਧਰਮ ਦਾ ਅੰਤਮ ਟੀਚਾ 'ਨਿਰਵਾਣ' (cessation) ਹੈ, ਉੱਥੇ ਗੁਰਮਤਿ ਦਾ ਟੀਚਾ ਇੱਕ ਪ੍ਰੇਮ-ਸਰੂਪ, ਸਿਰਜਣਹਾਰ ਪਰਮਾਤਮਾ ਨਾਲ ਮਿਲਾਪ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਹੈ। ਪੱਛਮੀ ਦਰਸ਼ਨ ਵਿੱਚ, ਗੁਰੂ ਸਾਹਿਬ ਦਾ ਦਰਸ਼ਨ ਕੁਝ

ਪੱਛਮੀ ਵਿਚਾਰਧਾਰਾਵਾਂ, ਜਿਵੇਂ ਕਿ ਸਟੋਇਕਵਾਦ (Stoicism) ਨਾਲ ਵੀ ਸੰਵਾਦ ਰਚਾਉਂਦਾ ਹੈ। ਸਟੋਇਕ ਦਾਰਸ਼ਨਿਕ ਵੀ ਸੁੱਖ-ਦੁੱਖ ਤੋਂ ਨਿਰਲੇਪ ਰਹਿਣ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਜਿਉਣ ਦੀ ਗੱਲ ਕਰਦੇ ਹਨ। ਪਰ, ਗੁਰਮੁਖ ਦੀ ਨਿਰਲੇਪਤਾ ਕੇਵਲ ਤਰਕ ਜਾਂ ਸਵੈ-ਅਨੁਸ਼ਾਸਨ ਤੋਂ ਨਹੀਂ, ਬਲਕਿ ਪਰਮਾਤਮਾ 'ਤੇ ਅਟੁੱਟ ਵਿਸ਼ਵਾਸ ਅਤੇ ਹੁਕਮ ਦੀ ਰਜ਼ਾ ਵਿੱਚ ਰਹਿਣ ਤੋਂ ਪੈਦਾ ਹੁੰਦੀ ਹੈ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੁਆਰਾ ਪੇਸ਼ ਕੀਤਾ ਗਿਆ 'ਜਗਤ-ਸੁਪਨੇ' ਦਾ ਸੰਕਲਪ ਇੱਕ ਡੂੰਘਾ ਅਤੇ ਨਵੀਨ ਵਿਚਾਰ ਹੈ। ਇਹ ਮਨੁੱਖ ਨੂੰ ਸੰਸਾਰਕ ਪਦਾਰਥਾਂ ਅਤੇ ਨਾਸ਼ਵਾਨ ਰਿਸ਼ਤਿਆਂ ਦੀ ਪਕੜ ਤੋਂ ਆਜ਼ਾਦ ਕਰਕੇ ਇੱਕ ਸਦੀਵੀ ਅਤੇ ਅਨੰਦਮਈ ਯਥਾਰਥ ਨਾਲ ਜੋੜਦਾ ਹੈ। ਅੱਜ ਦੇ ਪਦਾਰਥਵਾਦੀ ਅਤੇ ਤਣਾਅ-ਗ੍ਰਸਤ ਯੁੱਗ ਵਿੱਚ, ਜਿੱਥੇ ਮਨੁੱਖ ਆਪਣੀ ਹੋਂਦ ਦੇ ਅਰਥ ਲੱਭ ਰਿਹਾ ਹੈ, ਉੱਥੇ ਗੁਰੂ ਸਾਹਿਬ ਦਾ ਇਹ ਸੰਦੇਸ਼ ਇੱਕ ਰੌਸ਼ਨੀ ਦੀ ਕਿਰਨ ਵਾਂਗ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਅਸਲ ਸ਼ਾਂਤੀ ਅਤੇ ਖੁਸ਼ੀ ਬਾਹਰੀ ਪ੍ਰਾਪਤੀਆਂ ਵਿੱਚ ਨਹੀਂ, ਬਲਕਿ ਅੰਦਰੂਨੀ ਸਥਿਰਤਾ, ਨਿਰਭੈਤਾ ਅਤੇ ਸੱਚ ਦੀ ਪਛਾਣ ਵਿੱਚ ਹੈ। ਜੋ ਮਨੁੱਖ ਨੂੰ ਮਾਨਸਿਕ ਬੇਚੈਨੀ ਅਤੇ ਅਸਤਿਤਵਵਾਦੀ ਸੰਕਟ ਤੋਂ ਬਾਹਰ ਕੱਢਣ ਵਿੱਚ ਸਹਾਇਤਾ ਕਰ ਸਕਦਾ ਹੈ

**ਸੰਦਰਭ ਸੂਚੀ :**


1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 1429
2. ਉਹੀ
3. ਉਹੀ
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1426
5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429
6. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1352
7. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427

# ਪ੍ਰਸੰਗ: ਸ਼ਹੀਦੀ ਗੁਰੂ ਤੇਗ਼ ਬਹਾਦਰ

## (ਢਾਡੀ ਸੋਹਣ ਸਿੰਘ ਸੀਤਲ)

ਪਰਮਿੰਦਰ ਸਿੰਘ

ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਸਿੱਖ ਸੰਗਤਾਂ ਨੂੰ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦੇ ਵਖਿਆਨ ਕਰਨ ਵਿਚ ਸਮਰਪਿਤ ਕੀਤਾ। ਉਹ ਆਪਣੇ ਸਮੇਂ ਦੇ ਵੱਡੇ ਤੇ ਪ੍ਰਸਿੱਧ ਨਾਮੀ ਢਾਡੀ ਸਨ। ਉਹ ਸਟੇਜ ਦੇ ਧਨੀ ਸਨ ਅਤੇ ਉਨ੍ਹਾਂ ਦੀ ਲੇਖਣੀ ਵਿਚ ਅਥਾਹ ਜੋਸ਼ ਸੀ। ਉਨ੍ਹਾਂ ਨੇ ਕਵਿਤਾ ਤੇ ਵਾਰਤਕ ਦੋਨਾਂ ਵਿਧਾਵਾਂ ਵਿਚ ਸਿੱਖ ਇਤਿਹਾਸ ਦੇ ਕਈ ਪੱਖਾਂ ਉੱਤੇ ਵਿਸਥਾਰ ਪੂਰਵਕ ਸਾਹਿਤ ਲਿਖਿਆ ਹੈ, ਜੋ ਸਾਹਿਤਕ ਤੇ ਇਤਿਹਾਸਿਕ ਪੱਖੋਂ ਬਹੁਤ ਮੁਲਵਾਨ ਹੈ। ਪ੍ਰਸੰਗ ਤੋਂ ਭਾਵ ਇਤਿਹਾਸ ਵਿਚੋਂ ਲਈ ਘਟਨਾ ਦੀ ਉਹ ਵਿਸਤ੍ਰਿਤ ਵਿਆਖਿਆ ਹੈ, ਜਿਸ ਵਿਚ ਇੱਕ ਪਾਸੇ ਇਤਿਹਾਸ ਨੂੰ ਪੇਸ਼ ਕੀਤਾ ਜਾਂਦਾ ਹੈ, ਤੇ ਦੂਜੇ ਪਾਸੇ ਉਸ ਵਿਚ ਸੁਹਜ-ਸੁਆਦ ਭਰ ਕੇ ਪਾਠਕਾਂ ਸਰੋਤਿਆਂ ਦੀ ਸੁਹਜ ਭਾਵਨਾ ਨੂੰ ਸ਼ਾਂਤ ਕੀਤਾ ਜਾਂਦਾ ਹੈ।

ਸੋਹਣ ਸਿੰਘ ਸੀਤਲ ਨੇ ਬਹੁਤ ਸਾਰੇ ਪ੍ਰਸੰਗ ਲਿਖੇ ਹਨ, ਜਿਨ੍ਹਾਂ ਵਿਚ ਗੁਰ ਇਤਿਹਾਸ ਜਾਂ ਸਿੱਖ ਇਤਿਹਾਸ ਵਿਚੋਂ ਕੋਈ ਘਟਨਾ ਨੂੰ ਲੈ ਕੇ ਉਸ ਦਾ ਵਿਸਥਾਰ ਸਹਿਤ ਵਰਨਣ ਕੀਤਾ ਹੈ। ਉਨ੍ਹਾਂ ਨੇ "ਸਭ ਤੋਂ ਪਹਿਲਾ ਪ੍ਰਸੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਬਾਰੇ 'ਦਸ਼ਮੇਸ਼ ਆਗਮਨ' ੧.੧.੧੯੩੫ ਈ. ਨੂੰ ਲਿਖਿਆ।"[1] ਇਸ ਤੋਂ ਪਿੱਛੋਂ ਸੀਤਲ ਜੀ ਨੇ ੧੯੭੯ ਈ. ਤੱਕ ਲਗਾਤਾਰ ਪ੍ਰਸੰਗ ਲਿਖੇ ਜਿਨ੍ਹਾਂ ਦੀ ਗਿਣਤੀ ੭੮ ਦੇ ਕਰੀਬ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਨੂੰ ਸੀਤਲ ਜੀ ਨੇ ੧੮ ਪੁਸਤਕਾਂ ਵਿਚ ਪ੍ਰਕਾਸ਼ਿਤ ਕੀਤਾ ਅਤੇ ਹੁਣ ਇਹ ਸਮੁੱਚੇ ਪ੍ਰਸੰਗ **'ਮੇਰੀਆਂ ਢਾਡੀ ਵਾਰਾਂ'** ਦੇ ਸਿਰਲੇਖ ਹੇਠ ਚਾਰ ਭਾਗਾਂ ਵਿਚ ਪ੍ਰਾਪਤ ਹੁੰਦੇ ਹਨ। ਸੋਹਣ ਸਿੰਘ ਸੀਤਲ ਪੰਜਾਬੀ ਦਾ ਬਹੁਪੱਖੀ ਲੇਖਕ ਸੀ। ਉਹ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ "ਸਭ ਤੋਂ ਪਹਿਲਾਂ ਮੈਂ ਢਾਡੀ ਹਾਂ, ਫਿਰ ਸਿੱਖ ਇਤਿਹਾਸ ਦਾ ਲੇਖਕ, ਤੇ ਫਿਰ ਨਾਵਲਕਾਰ"[2] ਸੀਤਲ ਜੀ ਨੇ ਜਿੱਥੇ ਢਾਡੀ ਰੂਪ ਵਿਚ ਵਾਰਾਂ ਨੂੰ ਲਿਖਿਆ ਤੇ ਗਾਵਿਆ, ਉੱਥੇ ਸਾਹਿਤ ਸਿਰਜਣਾ ਵੀ ਕੀਤੀ ਇੱਕ ਕਵੀ ਵਜੋਂ ਉਨ੍ਹਾਂ ਗੀਤ ਵੀ ਲਿਖੇ, ਗਲਪਕਾਰ ਦੇ ਰੂਪ ਵਿਚ ਨਾਵਲ ਤੇ ਕਹਾਣੀਆਂ ਲਿਖੀਆਂ ਅਤੇ ਇਤਿਹਾਸਕਾਰ ਦੇ ਰੂਪ ਵਿਚ ਸਿੱਖ-ਇਤਿਹਾਸ ਦੀ ਪੜਤਾਲ ਕਰਕੇ ਅਨੇਕਾਂ ਇਤਿਹਾਸਕ ਪੁਸਤਕਾਂ ਲਿਖੀਆਂ ਤੇ ਸਿੱਖ ਸਾਹਿਤ ਨੂੰ ਅਮੀਰ ਬਣਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਮਹੱਲਾ ਨੌਵਾਂ' ਦੇ ਸਿਰਲੇਖ ਹੇਠ ਦਰਜ ਹੈ। ਆਪ ਜੀ ਦੁਆਰਾ ਉਚਾਰਨ ੫੯ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿੱਚ ੧੫ ਰਾਗਾਂ ਵਿਚ ਦਰਜ ਹਨ।

ਅਤੇ ਪ੭ ਸਲੋਕ, 'ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਦਰਜ ਹਨ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੈਰਾਗ ਦੀ ਮੂਰਤੀ ਸਨ। ਜਿਨ੍ਹਾਂ ਨੇ ਇਸ ਜਗਤ ਨੂੰ ਨਾਸ਼ਵਾਨ ਦੱਸ ਕੇ ਇਸ ਨਾਲ ਮੋਹ ਤੋੜ੍ਹਨ ਤੇ ਸੱਤ ਦੀ ਪ੍ਰਾਪਤੀ ਲਈ ਸਰਗਰਮ ਹੋਣ ਦਾ ਉਪਦੇਸ਼ ਦਿੱਤਾ। ਸਤਿਗੁਰੂ ਜੀ ਨੇ ਮਾਨਵਤਾ, ਮਨੁੱਖੀ ਹੱਕਾਂ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ। ਔਰੰਗਜ਼ੇਬ ਵਰਗੇ ਹੈਂਕੜਬਾਜ ਬਾਦਸ਼ਾਹ ਦੀ ਈਨ ਨਹੀਂ ਮੰਨੀ। ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੇ ਲਿਖਤ ਪ੍ਰਸੰਗਾਂ ਵਿਚੋਂ, ਦੋ ਪ੍ਰਸੰਗ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਕੀਤੇ ਹਨ। ਜਿਨ੍ਹਾਂ ਤੋਂ ਸਤਿਗੁਰੂ ਦੀ ਵਡਿਆਈ ਪ੍ਰਗਟ ਹੁੰਦੀ ਹੈ।

**ਪਹਿਲਾ ਪ੍ਰਸੰਗ,** ਸ਼ਹੀਦੀ ਗੁਰੂ ਤੇਗ ਬਹਾਦਰ, ੧੨. ੧੨. ੧੯੩੯ ਈ. ਵਿਚ ਉਨ੍ਹਾਂ ਦੁਆਰਾ ਲਿਖਿਆ ਗਿਆ।[3]

**ਦੂਸਰਾ ਪ੍ਰਸੰਗ,** ਗੁਰੂ ਤੇਗ ਬਹਾਦਰ ਜੀ ਦਾ ਗੁਰਗੱਦੀ ਬੈਠਣਾ, ੨੭.੬.੧੯੫੭ ਈ. ਵਿਚ ਲਿਖਿਆ ਗਿਆ।[4]

## ਪ੍ਰਸੰਗ: ਸ਼ਹੀਦੀ ਗੁਰੂ ਤੇਗ ਬਹਾਦਰ ਜੀ

ਸੀਤਲ ਜੀ ਦੀ ਗਾਇਕੀ ਤੇ ਲਿਖਣ ਦੀ ਵਿਲੱਖਣਤਾ ਹੈ ਕਿ ਉਹ ਸਮਕਾਲੀ ਢਾਡੀਆਂ ਤੋਂ ਵੱਖਰੇ ਹੋ ਕੇ ਚੱਲਦੇ ਸਨ। ਉਨ੍ਹਾਂ ਦੇ ਸਮਕਾਲੀਆਂ ਦੇ ਪ੍ਰਸੰਗ ਤੇ ਵਿਆਖਿਆ ਦੇ ਢੰਗ ਪੁਰਾਣੇ ਸਨ। ਉਹ ਪਹਿਲਾਂ ਸਾਜ਼ਾਂ ਨਾਲ ਰਲ ਕੇ ਪਉੜੀ ਗਾਉਂਦੇ, ਫਿਰ ਆਗੂ ਕਵਿਤਾ ਨੂੰ ਸਧਾਰਨ ਢੰਗ ਨਾਲ ਦੁਹਰਾਉਂਦਾ ਸੀ। ਪਰ ਸੋਹਣ ਸਿੰਘ ਸੀਤਲ ਜੀ ਨੇ ਪਹਿਲੀ ਵਾਰ ਕਵਿਤਾ ਦੇ ਨਾਲ ਵਾਰਤਕ ਦਾ ਨਮੂਨਾ ਪੇਸ਼ ਕਰਕੇ ਲਿਖਣ ਕਾਰਜ ਸ਼ੁਰੂ ਕੀਤਾ। ਇਸ ਕਾਰਜ ਦੇ ਸ਼ੁਰੂ ਵਿਚ ਪੁਸਤਕਾਂ ਦੀ ਪ੍ਰਕਾਸ਼ਨਾ ਸਮੇਂ ਉਨ੍ਹਾਂ ਨੂੰ ਕੁਝ ਮੁਸ਼ਕਿਲ ਵੀ ਆਈ। ਪਰ ਬਾਅਦ ਵਿਚ ਇਹੀ ਤਰੀਕਾ ਉਨ੍ਹਾਂ ਤੋਂ ਬਾਅਦ ਆਉਣ ਵਾਲੇ ਸਾਰੇ ਢਾਡੀਆਂ ਨੇ ਅਪਣਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪ੍ਰਸੰਗ, ਵਿਚ ਉਨ੍ਹਾਂ ਦੁਆਰਾ ਵਾਰਤਕ ਦੇ ਨਾਲ-ਨਾਲ ਕਾਵਿ ਦੇ ਵੱਖ-ਵੱਖ ਛੰਦਾਂ 'ਤੇ ਪ੍ਰਚਲਿਤ ਲੋਕ-ਧੁਨਾਂ ਤੇ ਰਚਨਾ ਕੀਤੀ। ਜਿਵੇਂ ਰੁਬਾਈ, ਸਾਕਾ, ਬੈਂਤ, ਕਬਿਤ, ਕਲੀ, ਕੋਰੜਾ, ਗੱਡੀ ਛੰਦ, ਵਾਰ, ਮਿਰਜਾ, ਜੰਗਲਾ, ਆਦਿ।

**ਸਮਕਾਲੀ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਤੁਅੱਸਬੀ ਸੁਭਾਅ:** ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਵਰਨਣ ਤੋਂ ਪਹਿਲਾਂ ਔਰੰਗਜ਼ੇਬ ਦੇ ਕੱਟੜ ਕਿਸਮ ਦੇ ਸੁਭਾਅ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ ਹੈ। ਕਿ ਕਿਵੇਂ ਉਸਨੇ ਆਪਣੇ ਪਿਤਾ ਤੇ ਭਰਾਵਾਂ ਨਾਲ ਧੋਖਾ ਅਤੇ ਕਤਲੋ-ਗ਼ਾਰਤ ਕਰਕੇ ਦਿੱਲੀ ਦੇ ਤਖ਼ਤ ਨੂੰ ਹਥਿਆਇਆ। ਉਸ ਦਾ ਪਿਤਾ ਸ਼ਾਹਜਹਾਨ ਸੀ। ਸ਼ਾਹਜਹਾਂ ਦੇ ਚਾਰ ਪੁੱਤਰ 'ਤੇ ਦੋ ਧੀਆਂ ਸਨ। ਸਭ ਤੋਂ ਵੱਡਾ ਦਾਰਾ ਸ਼ਿਕੋਹ, ਉਸ ਤੋਂ ਛੋਟਾ ਸੁਜ਼ਾਹ, ਔਰੰਗਜ਼ੇਬ

ਅਤੇ ਮੁਰਾਦ ਸਨ। ਦੋ ਲੜਕੀਆਂ ਜਹਾਨਆਰਾ ਤੇ ਰੋਸ਼ਨਾਰਾ ਸਨ। ਸ਼ਾਹਜਹਾਨ ਦੀ ਬਿਮਾਰੀ ਦੇ ਵਖ਼ਤ ਹਕੂਮਤ ਦਾ ਸਾਰਾ ਕੰਮ ਦਾਰਾ ਸ਼ਿਕੋਹ ਚਲਾਉਂਦਾ ਸੀ। ਸੁਜ਼ਾਹ ਬੰਗਾਲ ਦਾ ਗਵਰਨਰ ਸੀ, ਅਤੇ ਮੁਰਾਦ ਗੁਜਰਾਤ ਦਾ ਗਵਰਨਰ ਸੀ। ਉਸ ਵਕਤ ਔਰੰਗਜ਼ੇਬ ਦੱਖਣ ਵਿਚ ਰਹਿ ਰਿਹਾ ਸੀ। ਆਪਣੇ ਪਿਤਾ ਦੀ ਸਿਹਤ ਖ਼ਰਾਬ ਦਾ ਸੁਨੇਹਾ ਸੁਣਦਿਆਂ ਔਰੰਗਜ਼ੇਬ ਨੇ ਮੁਰਾਦ ਨੂੰ ਆਪਣੇ ਨਾਲ ਗੰਢਿਆ 'ਤੇ ਉਸਨੂੰ ਕਿਹਾ ਕਿ ਉਸ ਨੂੰ ਦਾਰਾ ਸ਼ਿਕੋਹ ਦਾ ਵਫਾਦਾਰ ਨਹੀਂ ਬਣਨਾ ਚਾਹੀਦਾ। ਮੈਂ ਤਾਂ ਫਕੀਰ ਆਦਮੀ ਹਾਂ ਤੇ ਤੈਨੂੰ (ਮੁਰਾਦ) ਨੂੰ ਤਖ਼ਤ ਦਵਾ ਕੇ ਮੱਕੇ ਨੂੰ ਚਲਾ ਜਾਵਾਂਗਾ। ਭਰਾਵਾਂ ਵਿਚ ਹੋਈ ਆਪਸੀ ਜੰਗ ਵਿਚੋਂ ਔਰੰਗਜ਼ੇਬ ਤੇ ਮੁਰਾਦ ਇਸ ਲੜਾਈ ਵਿੱਚ ਜਿੱਤੇ, ਅਤੇ ਦਾਰਾ ਸ਼ਿਕੋਹ ਜਾਨ ਬਚਾ ਕੇ ਪੰਜਾਬ ਨੂੰ ਨੱਸ ਗਿਆ। ਔਰੰਗਜ਼ੇਬ ਨੇ ਆਗਰਾ ਦੇ ਵਿਚ ਦਾਖਲ ਹੁੰਦਿਆਂ ਹੀ ੯ ਜੂਨ ੧੬੮੫ ਈ. ਨੂੰ ਸ਼ਾਹਜਹਾਨ ਨੂੰ ਕੈਦ ਕੀਤਾ। ਜੋ ਅੱਠ ਸਾਲ ਕੈਦ

ਗਿਆਨੀ ਸੀਤਲ ਜੀ ਲਿਖਦੇ ਹਨ ਕਿ ਆਪਣੇ ਪਰਿਵਾਰਕ ਮੈਂਬਰਾਂ ਉੱਪਰ ਏਨਾ ਜਬਰ-ਜ਼ੁਲਮ ਕਰਨ ਉਪਰੰਤ ਔਰੰਗਜ਼ੇਬ ਨੂੰ ਇਹ ਫਿਕਰ ਬਣੀ ਕਿ ਕਿਵੇਂ ਇਸਲਾਮ ਦੇ ਦਾਇਰੇ ਵਿਚ ਆਪਣੀ ਥਾਂ ਬਣਾਵੇ। ਕਾਜ਼ੀਆਂ ਮੁਲਾਣਿਆਂ ਨੂੰ ਖੁਸ਼ ਕਰਨ ਬਦਲੇ ਉਸ ਨੇ ਹਿੰਦੂਆਂ ਤੇ ਜ਼ੁਲਮ ਕਰਨੇ ਆਰੰਭ ਕਰ ਦਿੱਤੇ। ਬਾਦਸ਼ਾਹ ਅਕਬਰ ਦੁਆਰਾ ਮਾਫ਼ ਕੀਤਾ ਹੋਇਆ ਜਜੀਆ(ਟੈਕਸ) ਉਸਨੇ ਨਵੇਂ ਸਿਰੋਂ ਹਿੰਦੂਆਂ ਤੇ ਲਗਾ ਦਿੱਤਾ। ਇਸ ਦਾ ਮਤਲਬ ਇਹ ਸੀ ਕਿ ਹਰ ਤਰ੍ਹਾਂ ਦਬਾਅ ਪਾ ਕੇ ਹਿੰਦੂਆਂ ਨੂੰ ਮੁਸਲਮਾਨ ਕੀਤਾ ਜਾਵੇ। ਦੇਸ਼ ਦੇ ਮੁੱਲਾਂ ਕਾਜ਼ੀਆਂ ਨੂੰ ਔਰੰਗਜ਼ੇਬ ਨੇ ਦਿਲ ਖੋਲ ਕੇ ਪੈਸੇ ਵੰਡੇ। ਔਰੰਗਜ਼ੇਬ ਦੇ ਹੁਕਮ ਨਾਲ ਸਾਰੇ ਦੇਸ਼ ਵਿਚ ਹਨੇਰ ਮੱਚ ਗਿਆ। ਬਦੋ-ਬਦੀ ਗ਼ਰੀਬ ਹਿੰਦੂ ਮੁਸਲਮਾਨ ਕਰਨੇ ਸ਼ੁਰੂ ਕਰ ਦਿੱਤੇ ਗਏ। ਮੰਦਰ ਤੇ ਸ਼ਿਵਾਲੇ ਢਾਹ ਕੇ ਉਨ੍ਹਾਂ ਦੀ ਥਾਂਵੇਂ ਮਸੀਤਾਂ ਬਣਨ ਲੱਗੀਆਂ। ਅਹਿਲਕਾਰ ਬਾਦਸ਼ਾਹ ਨਾਲੋਂ ਵੀ ਦਸ ਕਦਮ ਅੱਗੇ ਵਧ ਗਏ, ਖਾਸ ਕਰਕੇ ਬੰਗਾਲ ਤੇ ਕਸ਼ਮੀਰ ਦੇ ਹਾਕਮਾਂ ਨੇ ਜ਼ੁਲਮਾਂ ਦੀ ਅੱਤ ਕਰ ਦਿੱਤੀ। ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫਗਾਨ ਹਿੰਦੂਆਂ ਲਈ ਕਾਲ ਬਣ ਕੇ ਉਭਰਿਆ। ਉਥੋਂ ਦੇ ਪੰਡਿਤ ਪ੍ਰਾਰਥਨਾ ਕਰ ਥਕੇ ਪਰ ਕਿਸੇ ਨੇ ਉਨ੍ਹਾਂ ਦੀ ਬਹੁੜੀ ਨਾ ਕੀਤੀ।

**ਸਾਕਾ**

ਮੁਗਲਾਂ ਤੇਗ਼ਾਂ ਚੁੱਕੀਆਂ ਬਹੁ ਮੰਦਰ ਢਾਹੇ

ਨਾਲੇ ਵਹਿੰਦੇ ਖ਼ੂਨ ਦੇ ਹਿੰਦੂ ਕੁਰਲਾਏ

ਔਰੰਗਜ਼ੇਬੀ ਜ਼ੁਲਮ ਦੇ ਹਿੰਦ ਬੱਦਲ ਛਾਏ

ਸ਼ੇਰ ਅਫਗਾਨ ਕਸ਼ਮੀਰ ਦੇ ਫੜ ਆਹੂ ਲਾਹੇ

ਪੰਡਿਤ ਰਲ ਕਸ਼ਮੀਰ ਦੇ ਅਨੰਦਪੁਰ ਆਏ

ਚਰਨੀਂ ਢਹਿ ਕੇ ਗੁਰਾਂ ਦੀ ਦੁਖੀਏ ਕੁਰਲਾਏ[5]

**ਕਸ਼ਮੀਰੀ ਪੰਡਤਾਂ ਦਾ ਫਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਉਣਾ:** ਕਸ਼ਮੀਰ ਦੇ ਪੰਡਤਾਂ ਦੀ ਅਨੰਦਪੁਰ ਸਾਹਿਬ ਫਰਿਆਦ ਲੈ ਕੇ ਪਹੁੰਚਣ ਤੋਂ ਪਹਿਲਾਂ ਗੁਰੂ ਜੀ ਪੂਰਬ ਦੀ ਪ੍ਰਚਾਰ ਯਾਤਰਾ ਦਾ ਦੌਰਾ ਖਤਮ ਕਰ ਚੁੱਕੇ ਸਨ। ਅਤੇ ਅਨੰਦਪੁਰ ਵਿਖੇ ਬਿਰਾਜਮਾਨ ਹੋ ਰਹੇ ਸਨ। ਗਿਆਨੀ ਜੀ ਲਿਖਦੇ ਹਨ ਕਸ਼ਮੀਰ ਦੇ ਦੁਖੀਆਂ ਨੇ ਆਣ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਧਰਮ ਦੇ ਬਚਾਅ ਵਾਸਤੇ ਫਰਿਆਦ ਕੀਤੀ। ਗੁਰੂ ਦਾਤਾ ਜੀ ਸੋਚਣ ਲੱਗੇ ਕਿ ਇਨ੍ਹਾਂ ਸਤਾਇਆਂ ਹੋਇਆਂ ਦਾ ਕਿਵੇਂ ਭਲਾ ਹੋਵੇ? ਆਪ ਇਸ ਵਿਚਾਰ ਵਿਚ ਬੈਠੇ ਸਨ ਕਿ ਬਾਹਰੋਂ ਹੱਸਦੇ-ਖੇਡਦੇ ਸ੍ਰੀ ਗੋਬਿੰਦ ਰਾਏ ਜੀ ਆਏ ਤੇ ਆਉਂਦੇ ਹੀ ਪਿਤਾ ਜੀ ਦੀ ਗੋਦੀ ਵਿਚ ਬੈਠ ਗਏ। ਆਪ ਨੇ ਸਾਰੀ ਸੰਗਤ ਨੂੰ ਤੱਕਿਆ, ਸਾਰੇ ਕਿਸੇ ਚਿੰਤਾ ਵਿੱਚ ਸਨ। ਕੁਝ ਨਵੇਂ ਬੰਦੇ ਵੀ ਦੇਖੇ, ਜਿਨ੍ਹਾਂ ਦੇ ਚਿਹਰਿਆਂ ਉੱਤੇ ਮੁਰਦੇਹਾਨੀ ਵਰਤੀ ਹੋਈ ਸੀ। ਉਨ੍ਹਾਂ ਦੇ ਅੰਦਰ 'ਆਸ' ਤੇ 'ਨਿਰਾਸਤਾ' ਦਾ ਘੋਲ ਹੋ ਰਿਹਾ ਜਾਪਦਾ ਸੀ। ਉਹ ਭਿਖਾਰੀ ਵਾਲੀਆਂ ਨਜ਼ਰਾਂ ਨਾਲ ਮਹਾਰਾਜ ਵੱਲ ਤੱਕ ਰਹੇ ਸਨ। ਉਨ੍ਹਾਂ ਦੇ ਡੁਬ੍ਹਕਦੇ ਨੈਣਾਂ ਵਿਚ ਫ਼ਰਿਆਦ ਦੇ ਹੰਜੂ ਸਨ। ਉਹ ਆਸਾਂ ਦੀਆਂ ਝੋਲੀਆਂ ਫੈਲਾਈ ਸਹਾਇਤਾ ਦੀ ਭਿੱਛਿਆ ਵਾਸਤੇ ਵਿਲ੍ਹਕ ਰਹੇ ਸਨ। ਹਜੂਰ ਇਹ ਵੇਖ ਕੇ ਸਹਾਰ ਨਾ ਸਕੇ। ਬਾਲ ਗੋਬਿੰਦ ਰਾਏ ਦੇ ਪੁੱਛਣ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ, ਕਸ਼ਮੀਰ ਦੇ ਹਿੰਦੂਆਂ ਤੇ ਹਾਕਮਾਂ ਦਾ ਸਾਰਾ ਹਾਲ ਸ੍ਰੀ ਗੋਬਿੰਦ ਰਾਏ ਜੀ ਨੂੰ ਕਹਿ ਸੁਣਾਇਆ, ਅਤੇ ਆਖ

**ਬੈਂਤ**

ਦਸਵੇਂ ਗੁਰੂ ਉਪਕਾਰ ਦੇ ਪੁੰਜ ਬੋਲੇ

ਹੋਰ ਤੁਸਾਂ ਜੇਹਾ ਕਲਾਵਾਨ ਕੋਈ ਨਹੀ

ਵਲੀ, ਪੀਰ, ਧਰਮਾਤਮਾ ਆਪ ਜੇਹਾ

ਨਜ਼ਰ ਆਵੰਦਾ ਵਿੱਚ ਜਹਾਨ ਕੋਈ ਨਹੀਂ

ਦੁਖੀਆਂ ਲਈ ਜੋ ਆਪਣਾ ਖੂਨ ਡੋਹਲੇ

ਦਿਸਦਾ ਹੋਰ ਉਪਕਾਰੀ ਇਨਸਾਨ ਕੋਈ ਨਹੀਂ

ਤੁਸੀਂ ਸੀਸ ਦੇ ਹਿੰਦ ਦੀ ਲਾਜ ਰੱਖੋ

ਇਸ ਜਿਹਾ ਉਪਕਾਰ ਮਹਾਨ ਕੋਈ ਨਹੀਂ[6]

**ਗੁਰੂ ਜੀ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਪ੍ਰਚਾਰ ਫ਼ੇਰੀ (ਅਨੰਦਪੁਰ ਤੋਂ ਆਗਰੇ ਤੱਕ):** ਗੁਰੂ ਜੀ ਨੇ

ਦੁਖੀਆਂ ਦੀ ਫਰਿਆਦ ਸੁਣਨ ਉਪਰੰਤ ਆਖਿਆ "ਗੁਰੂ ਕਰਤਾਰ ਤੁਹਾਡੀ ਸਹਾਇਤਾ ਕਰੇਗਾ। ਅਸੀਂ ਤੁਹਾਡੇ ਦੁੱਖ ਆਪਣੇ ਸਿਰ ਲੈਂਦੇ ਹਾਂ।" ਕਸ਼ਮੀਰੀ ਬ੍ਰਾਹਮਣ ਬੜੀ ਖੁਸ਼ੀ ਵਿਚ ਵਾਪਸ ਮੁੜੇ ਤੇ ਸੂਬੇਦਾਰ ਕਸ਼ਮੀਰ ਨੂੰ ਜਾ ਕੇ ਕਿਹਾ ਕਿ ਜੇਕਰ ਤੁਸੀਂ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਕਰ ਲਵੋ ਤਾਂ ਅਸੀਂ ਸਾਰੇ ਮੁਸਲਮਾਨ ਹੋ ਜਾਵਾਂਗੇ। ਇਸ ਭਾਵ ਦਾ ਇੱਕ ਚਿੱਠਾ (ਮੇਜਰਨਾਮਾ) ਲਿਖ ਕੇ ਥੱਲੇ ਸਾਰਿਆਂ ਨੇ ਸਹੀ ਪਾ ਦਿੱਤੀ। ਕਸ਼ਮੀਰ ਦੇ ਸੂਬੇਦਾਰ ਨੇ ਉਹ ਚਿੱਠਾ ਔਰੰਗਜ਼ੇਬ ਦੇ ਹਜ਼ੂਰ ਭੇਜ ਦਿੱਤਾ। ਅਤੇ ਦੂਸਰੇ ਪਾਸੇ ਮਹਾਰਾਜ ਨੂੰ ਲਾਉਣ ਵਾਸਤੇ ਅਹਿਦੀਏ ਆਨੰਦਪੁਰ ਨੂੰ ਤੋਰ ਦਿੱਤੇ। ਕਸ਼ਮੀਰ ਦੇ ਸੂਬੇਦਾਰ ਦਾ ਮੁਰਾਸਲਾ ਪੜ੍ਹ ਕੇ ਬਾਦਸ਼ਾਹ ਔਰੰਗਜ਼ੇਬ ਨੇ ਉਸ ਦੀ ਮਨਜ਼ੂਰੀ ਦੇ ਦਿੱਤੀ। ਔਰੰਗਜ਼ੇਬ ਨੇ ਸੋਚਿਆ, 'ਇਕ ਆਦਮੀ ਨੂੰ, ਭਾਵੇਂ ਉਹ ਕਿਤੇ ਵੀ ਮਹਾਨ ਸ਼ਖਸ਼ੀਅਤ ਦਾ ਮਾਲਕ ਹੋਵੇ, ਡਰਾ-ਧਮਕਾ ਤੇ ਲਾਲਚ ਦੇ ਕੇ ਮਨਾ ਲੈਣਾ ਮੁਸ਼ਕਿਲ ਨਹੀਂ। ਗੁਰੂ ਤੇਗ ਬਹਾਦਰ ਜੀ ਨੂੰ ਹਰ ਕੀਮਤ ਉੱਤੇ ਮੁਸਲਮਾਨ ਬਣਾ ਲਿਆ ਜਾਵੇਗਾ, ਭਾਵੇਂ ਉਸਦਾ ਕਿੰਨਾ ਵੀ ਮੁੱਲ ਤਾਰਨਾ ਪਵੇ, ਜਾਂ ਕਿੰਨਾ ਵੀ ਜ਼ੁਲਮ ਕਰਨਾ ਪਵੇ, ਇੱਕ ਤਾਂ ਸਾਰੇ ਹਿੰਦੂ ਆਪਣੇ ਆਪ ਮੁਸਲਮਾਨ ਬਣ ਜਾਣਗੇ ਤੇ ਦੂਸਰੇ ਸਾਰੇ ਦੇਸ਼ ਵਿਚ ਇੱਕੋ-ਇੱਕ ਜਥੇਬੰਦ ਲਹਿਰ ਸਦਾ ਵਾਸਤੇ ਖ਼ਤਮ ਹੋ ਜਾਵੇਗੀ।

ਦੂਸਰੇ ਪਾਸੇ ਗੁਰੂ ਮਹਾਰਾਜ ਵੀ ਸਰਕਾਰੀ ਸੱਦੇ ਦੀ ਉਡੀਕ ਵਿਚ ਤਿਆਰੀ ਕਰ ਰਹੇ ਸਨ। ਸੰਗਤਾਂ ਵਿਚ ਰੋਜ਼ ਪ੍ਰਚਾਰ ਹੁੰਦਾ। ਗੁਰੂ ਮਹਾਰਾਜ ਨੇ ਜੋ ਜ਼ਿੰਮੇਵਾਰੀ ਚੁੱਕੀ ਸੀ, ਉਸਦਾ ਸਾਫ਼ ਅਰਥ ਸੀ ਕੁਰਬਾਨੀ, ਸ਼ਹੀਦੀ। ਇਸ ਵਰਤਣ ਵਾਲੇ ਭਾਣੇ ਦਾ ਸਭ ਨੂੰ ਯਕੀਨ ਸੀ। ਮਹਾਰਾਜ ਸਭ ਨੂੰ ਉਪਦੇਸ਼ ਦਿੰਦੇ, 'ਇਨਸਾਨ ਦਾ ਸਭ ਤੋਂ ਉੱਤਮ ਧਰਮ ਹੈ ਆਪਣਾ ਫ਼ਰਜ਼ ਨਿਭਾਉਣਾ। ਫ਼ਰਜ਼ ਦੀ ਪਾਲਣਾ ਕਰਦਿਆਂ ਸੀਸ ਜਾਵੇ, ਤਾਂ ਚਿੰਤਾ ਨਹੀਂ ਕਰਨੀ ਚਾਹੀਦੀ। ਭਾਵੇਂ ਭਾਣੇ ਵਿੱਚ ਰਾਜ਼ੀ ਰਹਿਣਾ ਹੀ ਧਰਮ ਹੈ।' ਦਿੱਲੀ ਤੋਂ ਅਨੰਦਪੁਰ ਆਏ ਹੋਏ ਸਰਕਾਰੀ ਅਹਿਦੀਆਂ ਨੂੰ ਗੁਰੂ ਜੀ ਨੇ ਆਖਿਆ 'ਸਾਡੇ ਵੱਲੋਂ ਬਾਦਸ਼ਾਹ ਨੂੰ ਸੁਨੇਹਾ ਪੁਚਾ ਦੇਣਾ। ਅਸੀਂ ਸੰਗਤਾਂ ਦੇ ਦਰਸ਼ਨ ਕਰਦੇ ਆ ਰਹੇ ਹਾਂ। ਅਸੀਂ ਆਪ ਇਸ ਬਾਦਸ਼ਾਹ ਨੂੰ ਮਿਲ ਕੇ ਇਸ ਮਸਲੇ ਨੂੰ ਸੁਲਝਾਉਣਾ ਚਾਹੁੰਦੇ ਹਾਂ। ਅਸੀਂ ਛੇਤੀ ਤੋਂ ਛੇਤੀ ਬਾਦਸ਼ਾਹ ਕੋਲ ਪੁੱਜਣ ਦਾ ਯਤਨ ਕਰਾਂਗੇ।" ਇਸ ਤੋਂ ਅੱਗੇ ਗਿਆਨੀ ਸੋਹਣ ਸਿੰਘ ਸੀਤਲ ਜੀ ਗੁਰੂ ਤੇਗ ਬਹਾਦਰ ਜੀ ਦਾ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਣ ਦਾ ਜ਼ਿਕਰ ਕਰਦੇ ਹਨ। ਆਪ ਨੇ ਪੰਜ ਸਿੱਖ (ਭਾਈ ਮਤੀ ਦਾਸ ਦੀਵਾਨ, ਭਾਈ ਗੁਰਦਿੱਤਾ ਜੀ, ਭਾਈ ਉਦਾ ਜੀ, ਭਾਈ ਜੈਤਾ ਜੀ, ਭਾਈ ਦਿਆਲਾ ਜੀ) ਨੂੰ ਨਾਲ ਲਿਆ ਅਤੇ ਕੀਰਤਪੁਰ, ਭਰਤਗੜ, ਰੋਪੜ, ਮਕਾਰਾਂਪੁਰ, ਕਬੋਲਪੁਰ, ਨਨਹੇੜੀ, ਸੈਫ਼ਾਬਾਦ(ਜਿਥੇ ਸੈਫ ਅਲੀ ਖਾਂ ਸੱਯਦ ਨੇ ਗੁਰੂ ਜੀ ਦੀ ਬੜੀ ਸੇਵਾ ਕੀਤੀ) ਪਟਿਆਲਾ, ਸਮਾਣਾ, ਕਰਹਾਲੀ, ਚੀਕਾ, ਕਰਹਾਲੀ, ਪਹੋਆ, ਰੁਹੇੜਾ, ਲਾਖਣ ਮਾਜਰਾ, ਰੋਹਤਕ, ਕਨੌੜ ਆਦਿ ਥਾਵਾਂ ਦੀ ਸੰਗਤ ਨੂੰ ਉਪਦੇਸ਼ ਕਰਦੇ ਹੋਏ ਗੁਰੂ ਜੀ ਆਗਰੇ ਪੁੱਜ ਗਏ। ਮਹਾਰਾਜ ਜੀ ਦਾ ਅਗਲੇ ਪੁੱਜਣ ਦੇ ਦੋ ਕਾਰਨ ਸਨ। ਇੱਕ ਤਾਂ ਉਸ ਵੇਲੇ ਬਾਦਸ਼ਾਹ ਆਗਰੇ ਸੀ ਅਤੇ ਦੂਸਰਾ ਉਸ ਵਖ਼ਤ ਬਾਦਸ਼ਾਹ ਕਦੇ ਦਿੱਲੀ ਰਿਹਾ ਕਰਦਾ ਸੀ, ਤੇ ਕਦੇ ਆਗਰੇ। ਗੁਰੂ ਜੀ ਦੇ ਪ੍ਰਚਾਰ ਤੋਂ ਸਿਰਫ ਸਿੱਖ ਹੀ ਪ੍ਰਭਾਵਿਤ ਨਹੀਂ ਸਨ, ਕਈ ਖੁੱਲ੍ਹੇ ਦਿਲ ਵਾਲੇ ਮੁਸਲਮਾਨ ਵੀ ਗੁਰੂ ਜੀ ਦੇ ਸ਼ਰਧਾਲੂ ਸਨ। ਮੁਸਲਮਾਨਾਂ ਵਿਚ ਗੁਰੂ ਜੀ ਦਾ ਅਸਰ-ਰਸੂਖ਼ ਔਰੰਗਜ਼ੇਬ ਨੂੰ ਵਧੇਰੇ ਰੜਕਦਾ ਸੀ। ਔਰੰਗਜ਼ੇਬ ਅਜਿਹੀ ਤੁਅੱਸਬ ਵਾਲੀ ਨੀਤੀ ਅਖ਼ਤਿਆਰ ਨਾ ਕਰਦਾ, ਤਾਂ ਸਿੱਖ ਧਰਮ,

ਮੁਸਲਮਾਨਾਂ ਤੇ ਹਿੰਦੂਆਂ ਵਿਚ ਮਿਲਾਪ ਪੈਦਾ ਕਰਨ ਦਾ ਸਭ ਤੋਂ ਵੱਡਾ ਵਸੀਲਾ ਸਾਬਿਤ ਹੁੰਦਾ ! ਗੁਰੂ ਜੀ ਦੀ ਇਸੇ ਪ੍ਰਚਾਰ ਯਾਤਰਾ ਦੌਰਾਨ ਬਾਦਸ਼ਾਹ ਨੇ ਕੁਝ ਸਮਾਂ ਉਡੀਕ ਕੇ ਦੁਬਾਰਾ ਅਹਿਦੀਏ ਸ੍ਰੀ ਅਨੰਦਪੁਰ ਤੇ ਅੰਮ੍ਰਿਤਸਰ ਵੱਲ ਭੇਜੇ, ਪਰ ਉਹ ਖ਼ਾਲੀ ਵਾਪਸ ਆ ਗਏ। ਗਿਆਨੀ ਸੋਹਣ ਸਿੰਘ ਸੀਤਲ ਜੀ ਜ਼ਿਕਰ ਕਰਦੇ ਹਨ, ਕਿ ਰਾਮਰਾਏ ਜੋ ਸ੍ਰੀ ਗੁਰੂ ਹਰਿਰਾਏ ਸਾਹਿਬ ਦਾ ਵੱਡਾ ਪੁੱਤਰ ਹੋਣ ਦੇ ਨਾਤੇ ਗੁਰਗੱਦੀ ਉਤੇ ਆਪਣਾ ਹੱਕ ਸਮਝਦਾ ਸੀ। ਉਸਨੇ ਵੀ ਗੁਰੂ ਤੇਗ ਬਹਾਦਰ ਸਾਹਿਬ ਦੇ ਵਿਰੁੱਧ ਬਾਦਸ਼ਾਹ ਪਾਸ ਅਪੀਲ ਕੀਤੀ, ਤੇ ਕਸ਼ਮੀਰੀ ਪੰਡਤਾਂ ਦੇ ਮੇਜਰਨਾਵੇਂ ਦੀ ਖ਼ਬਰ ਸੁਣ ਕੇ ਵੀ ਉਹਨੇ ਗੁਰੂ ਮਹਾਰਾਜ ਦੇ ਵਿਰੁੱਧ ਜ਼ਹਿਰ ਉਗਲਿਆ। ਆਗਰੇ ਦੀ ਧਰਤੀ ’ਤੇ ਸਈਅਦ ਹਸਨ ਅਲੀ ਅਤੇ ਮਾਤਾ ਭਾਗੋ ਦੋਵੇਂ ਹੀ ਗੁਰੂ ਸਾਹਿਬ ਜੀ ਨੂੰ ਯਾਦ ਕਰਦੇ ਹੋਏ ਦਰਸਾਏ ਹਨ।

**ਕਲੀ**

ਬੈਠੀ ਆਗਰੇ ਵਿੱਚ ਯਾਦ ਕਰਦੀ ਸਤਿਗੁਰ ਨੂੰ

ਮਾਤਾ ਭਾਗੋ ਬਿਰਤੀ ਚਰਨਾਂ ਵਿੱਚ ਟਿਕਾ ਕੇ

ਦੂਜਾ ਹਸਨ ਅਲੀ ਅਰਜ਼ੋਈ ਨਿਤ ਹੀ ਕਰਦਾ ਸੀ...

ਸਈਅਦ ਤੱਕ ਕੇ ਨੂਰ ਇਲਾਹੀ ਗੁਰ ਦੇ ਚਿਹਰੇ ਤੇ

ਡਿੱਗਾ ਚਰਨਾਂ ਉੱਤੇ ਗਲ ਵਿੱਚ ਪੱਲਾ ਪਾ ਕੇ

ਕਹਿੰਦਾ ਮੈਂ ਤਾਂ ਤੇਰਾ ਹੋ ਗਿਆ, ਮਾਲਕਾ ਮੇਰਿਆ

ਮਿਟ ਗਈ ਮਾਇਆ ਦੀ ਭੁੱਖ ਨਾਮ ਪਦਾਰਥ ਪਾ ਕੇ

ਤੇਰੇ ਚਰਨਾਂ ਨੂੰ ਛੋਹ ਪੱਥਰ ਪਾਰਸ ਹੋ ਗਏ ਨੇ

ਪਾਪੀ ਤਰ ਗਏ ‘ਸੀਤਲ’ ਧੂੜ ਮੱਥੇ ’ਤੇ ਲਾ ਕੇ[7]

ਜਦੋਂ ਬਾਦਸ਼ਾਹੀ ਅਹਿਦੀਏ ਸ੍ਰੀ ਅਨੰਦਪੁਰ ਪੁੱਜੇ, ਤਾਂ ਮਹਾਰਾਜ ਉੱਥੋਂ ਰਵਾਨਾ ਹੋ ਚੁੱਕੇ ਸਨ। ਅਹਿਦੀਏ ਖਾਲੀ ਹੱਥ ਦਿੱਲੀ ਮੁੜੇ। ਬਾਦਸ਼ਾਹ ਸੁਣ ਕੇ ਬੜਾ ਗੁੱਸੇ ਹੋਇਆ। ਹੋ ਸਕਦਾ ਹੈ, ਉਸਨੇ ਸਮਝਿਆ ਹੋਵੇ ਕਿ ਮਹਾਰਾਜ ਸਰਕਾਰ ਤੋਂ ਲੁਕ ਕੇ ਕੋਈ ਫ਼ਸਾਦ ਖੜਾ ਕਰਨ ਵਾਲੇ ਹਨ। ਉਸ ਨੇ ਝੱਟ-ਪੱਟ ਸਾਰੇ ਪਾਸੀਂ ਹੁਕਮ ਜਾਰੀ ਕਰ ਦਿੱਤੇ ਤੇ ਗ੍ਰਿਫ਼ਤਾਰੀ ਵਾਸਤੇ ਸਾਰਿਆਂ ਨੂੰ ਖਬਰਦਾਰ ਕਰ ਦਿੱਤਾ। ਗੁਰੂ ਮਹਾਰਾਜ ਵੀ ਇਸ ਖ਼ਬਰਾਂ ਤੋਂ ਜਾਣੂ ਸਨ। ਮਹਾਰਾਜ ਨੇ ਸਈਅਦ ਹਸਨ ਅਲੀ ਦੇ ਘਰ ਬਹਿ ਕੇ ਕਿਲ੍ਹੇਦਾਰ ਆਗਰੇ ਨੂੰ ਖ਼ਬਰ ਦਿੱਤੀ। ਉਸ ਨੇ ਹਜ਼ੂਰ ਨੂੰ ਗ੍ਰਿਫਤਾਰ ਕਰਕੇ ਬਾਦਸ਼ਾਹ ਨੂੰ ਪਤਾ ਭੇਜਿਆ। ਅਤੇ ਦਿੱਲੀਓਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਲਿਆਉਣ ਵਾਸਤੇ ਸਦਰਦੀਨ ਨੂੰ ਫੌਜ ਦੇ ਕੇ ਭੇਜ ਦਿੱਤਾ ।

**ਗ੍ਰਿਫਤਾਰੀ ਦਾ ਵਰਨਣ:** ਗੁਰੂ ਜੀ ਦੀ ਗ੍ਰਿਫਤਾਰੀ ਦੀ ਖ਼ਬਰ ਜਦ ਦਿੱਲੀ ਪੁੱਜੀ, ਤਾਂ ਬਾਦਸ਼ਾਹ ਨੇ ਫੌਜਦਾਰ ਸਦਰਦੀਨ ਨੂੰ ਬਾਰਾਂ ਸੌ ਅਸਵਾਰ ਦੇ ਕੇ ਭੇਜਿਆ। ਬਾਦਸ਼ਾਹ ਨੂੰ ਇਸ ਗੱਲ ਦਾ ਵੀ ਭੈ ਸੀ ਕਿ ਗੁਰੂ ਜੀ ਦਾ ਜਾਟਾਂ ਤੇ ਰਾਜਪੂਤਾਂ ਵਿਚ ਬੜਾ ਅਸਰ-ਰਸੂਖ਼ ਸੀ। ਉਹ ਡਰਦਾ ਸੀ ਕਿ ਕਿਤੇ ਉਹ ਬਲਵਾ ਕਰ ਕੇ ਗੁਰੂ ਜੀ ਨੂੰ ਛਡਾ ਨਾ ਲੈਣ। ਦਿੱਲੀ ਲਿਆ ਕੇ ਗੁਰੂ ਜੀ ਨੇ ਇੱਕ ਸੁੰਞੀ ਹਵੇਲੀ ਵਿਚ ਭੁੱਖੇ-ਤਿਹਾਏ ਕੈਦ ਰੱਖਿਆ ਗਿਆ। ਔਰੰਗਜ਼ੇਬ ਆਪਣੇ ਨਾਲ ਮੁਲਾਕਾਤ ਦਾ ਸਮਾਂ ਦੇਣ ਤੋਂ ਪਹਿਲਾਂ ਗੁਰੂ ਜੀ ਨਾਲ ਕੁਝ ਸਖ਼ਤੀ ਦਾ ਵਰਤਾਓ ਕਰਨਾ ਚਾਹੁੰਦਾ ਸੀ।

### ਕਬਿੱਤ

ਫ਼ੌਜ ਲੈ ਕੇ ਸਦਰਦੀਨ ਆਗਰੇ ਨੂੰ ਆਇਆ ਝੱਟ

ਗੁਰੂ ਜੀ ਨੂੰ ਨਾਲ ਲੈ ਕੇ ਦਿੱਲੀ ਚ ਪਹੁੰਚਾਇਆ ਜੀ

ਕਹਿੰਦੇ ਸੀ ਮੁਗਲ ਜਿੱਥੇ ਭੂਤ ਤੇ ਪਰੇਤ ਰਹਿੰਦੇ

ਉਸ ਘਰ ਵਿੱਚ ਡੇਰਾ ਗੁਰਾਂ ਦਾ ਕਰਾਇਆ ਜੀ[8]

**ਔਰੰਗਜ਼ੇਬ ਨਾਲ ਮੁਲਾਕਾਤ:** ਦਿੱਲੀ ਪਹੁੰਚਣ ਦੇ ਦੋ ਦਿਨਾਂ ਪਿੱਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਰਬਾਰ ਵਿੱਚ ਬੁਲਾਇਆ। ਨੀਤੀਵਾਨ ਬਾਦਸ਼ਾਹ ਗੁਰੂ ਜੀ ਦੇ ਸਾਹਮਣੇ ਬੜੀ ਨਰਮੀ ਨਾਲ ਪੇਸ਼ ਆਇਆ। ਇਹ ਉਸ ਦੀ ਚਲਾਕੀ ਸੀ। ਉਨ੍ਹੇ ਬੜੇ ਆਦਰ-ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਮੁਰਸ਼ਦ ਵਾਲੀ ਚੰਦਨ ਦੀ ਚੌਂਕੀ ਤੇ ਬਿਠਾਇਆ। ਤੇ ਆਖਣ ਲੱਗਾ, 'ਆਪ ਠੀਕ ਹੀ ਇੱਕ ਮਹਾਨ ਪੁਰਸ਼ ਹੋ। ਦੇਸ਼ ਦੇ ਸਾਰੇ ਹਿੰਦੂ ਆਪ ਨੂੰ ਗੁਰੂ ਮੰਨਦੇ ਹਨ। ਮੇਰੀ ਖਾਹਿਸ਼ ਹੈ ਕਿ ਆਪ ਹਿੰਦੂਆਂ ਦੇ ਨਾਲ-ਨਾਲ ਮੁਸਲਮਾਨਾਂ ਦੇ ਵੀ ਪੀਰ ਬਣ ਜਾਓ। ਇਸ ਤਰ੍ਹਾਂ ਆਪਣਾ ਸਾਰਿਆਂ ਦਾ ਭਲਾ ਹੈ, ਸਗੋਂ ਸਾਰੇ ਦੇਸ਼ ਦਾ ਭਲਾ ਹੈ। ਮੇਰੀ ਖਾਹਿਸ਼ ਹੈ ਕਿ ਆਪ ਸੱਚਾ ਦੀਨ ਇਸਲਾਮ ਪ੍ਰਵਾਨ ਕਰ ਲਵੋ, ਤਾਂ ਸਾਰੇ ਹਿੰਦੂ ਮੁਸਲਮਾਨ ਹੋ ਜਾਣਗੇ। ਫਿਰ ਸਾਰੇ ਦੇਸ਼ ਦਾ ਇੱਕੋ ਮਜ਼ਹਬ ਹੋਵੇਗਾ ਆਪ ਸਾਰੀ ਇਸਲਾਮੀ ਦੁਨੀਆਂ ਦੇ ਪੀਰ ਹੋਵੋਗੇ। ਗੁਰੂ ਜੀ ਨੇ ਬਾਦਸ਼ਾਹ ਦੀ ਗੱਲ ਸੁਣ ਕੇ ਬੜੇ ਨਾਲ ਉਤਰ ਦਿੱਤਾ "ਆਪ ਜੋ ਚਾਹੁੰਦੇ ਉਹ ਅਸਾਂ ਸਮਝ ਲਿਆ ਹੈ। ਹਰ ਇਨਸਾਨ ਆਪਣੀ ਮਰਜ਼ੀ ਦਾ ਬਹੁਤ ਕੁਝ ਚਾਹੁੰਦਾ ਹੈ। ਪਰ ਹੁੰਦਾ ਉਹ ਹੈ, ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ। ਉਹ ਸਾਥੋਂ ਬਹੁਤ ਵੱਡਾ ਹੈ। ਹਿੰਦੂ ,ਮੁਸਲਮਾਨ,ਸਿੱਖ, ਬੋਧੀ ਸਭ ਉਸਦੇ ਪੈਦਾ ਕੀਤੇ ਹਨ। ਜੇਕਰ ਉਸਨੂੰ ਨਾ ਭਾਵੇ, ਤਾਂ ਕੋਈ ਵੀ ਇੱਕ ਪਲ ਨਹੀਂ ਰਹਿ ਸਕਦਾ। ਜੇ ਉਸ ਨੂੰ ਇਹ ਮਨਜ਼ੂਰ ਹੁੰਦਾ ਕਿ ਸਭ ਲੋਕ ਇੱਕੋ ਮਜ਼ਹਬ ਨੂੰ ਮੰਨਣ ਵਾਲੇ ਹੋਣ, ਤਾਂ ਸ਼ੁਰੂ ਤੋਂ ਇੱਕੋ ਹੀ ਮਜ਼ਹਬ ਹੁੰਦਾ ! ਦੂਸਰਾ ਕੋਈ ਧਰਮ ਵਜੂਦ ਵਿੱਚ ਹੀ ਨਾ ਆਉਂਦਾ।

ਅਸਲ ਵਿੱਚ ਮਜ਼ਹਬ ਤਾਂ ਇੱਕ ਰਸਤਾ ਹੈ, ਪੰਥ ਹੈ, ਉਸ ਸਰਬ ਸ਼ਕਤੀਮਾਨ ਦੇ ਦਰ ਘਰ ਤੱਕ ਪਹੁੰਚਣ

ਦਾ। ਤੇ ਆਪਣਾ-ਆਪਣਾ ਰਸਤਾ ਭਾਵ ਪੰਥ ਪਿਆਰਾ ਹੁੰਦਾ ਹੈ। ਰੱਬ ਦੂਸਰੇ ਦੇ ਰਾਹ ਵਿੱਚ ਰੁਕਾਵਟ ਪਾਉਣ ਵਾਲੇ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਦੂਸਰੇ ਦੇ ਖਿਆਲਾਂ ਨੂੰ ਬਰਦਾਸ਼ਤ ਕਰਨ ਵਿੱਚ ਰਾਜ਼ੀ ਹੁੰਦਾ ਹੈ। ਸਾਡੇ ਵਿਚਾਰ ਅਨੁਸਾਰ ਹਰ ਇੱਕ ਨੂੰ ਆਪਣੇ-ਆਪਣੇ ਨਿਸ਼ਚੇ ਮੁਤਾਬਿਕ ਉਸ ਦੀ ਅਰਾਧਨਾ ਕਰਨ ਦਾ ਹੱਕ ਹੈ। ਬਾਦਸ਼ਾਹ ਤਾਂ ਪਰਜਾ ਦਾ ਪਿਤਾ ਹੁੰਦਾ ਹੈ। ਉਸ ਨੂੰ ਆਪਣੇ ਸਾਰੇ ਬੱਚਿਆਂ ਨੂੰ ਇੱਕੋ ਜਿਹਾ ਸਮਝਣਾ ਚਾਹੀਦਾ, ਸਭ ਨੂੰ ਇੱਕੋ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ। ਅਸੀਂ ਤੁਹਾਡੇ ਪਾਸ ਇਹੋ ਹੀ ਆਸ ਲੈ ਕੇ ਆਏ ਹਾਂ। ਸਭ ਤੁਹਾਡੀ ਪਰਜਾ ਹਨ, ਆਪ ਨੂੰ ਚਾਹੀਦਾ ਸਭ ਨੂੰ ਇੱਕੋ ਜਿਹਾ ਸਮਝੋ। ਕਿਸੇ ਨਾਲ ਵੀ ਧੱਕਾ ਜਾਂ ਵਿਤਕਰਾ ਸ਼ੋਭਾ ਨਹੀਂ ਦਿੰਦਾ। ਬਾਦਸ਼ਾਹ ਆਖਣ ਲੱਗਾ ਆਪ ਤਾਂ ਇੱਕ ਨਿਰੰਕਾਰ ਦੇ ਪੁਜਾਰੀ ਤੌਹੀਦਪ੍ਰਸਤ। ਫਿਰ ਆਪ ਪੱਥਰ ਪੂਜ ਹਿੰਦੂਆਂ ਦੀ ਸਿਫਾਰਿਸ਼ ਕਿਉਂ ਕਰਦੇ ਹੋ? ਗੁਰੂ ਜੀ ਨੇ ਆਖਿਆ, "ਠੀਕ ਹੈ ਨਾ ਅਸੀਂ ਬੁੱਤ ਪੂਜਦੇ ਹਾਂ, ਪਰ ਅਸੀਂ ਕਹਿੰਦੇ ਹਾਂ ਕਿ ਜਿਵੇਂ ਮੋਮਨ ਨੂੰ ਸੰਗਿ-ਅਸਵਦ ਨਾਲ ਅਕੀਦਤ ਹੈ, ਉਸੇ ਤਰ੍ਹਾਂ ਹਿੰਦੂ ਨੂੰ ਆਪਣੇ ਠਾਕਰਾਂ ਵਿੱਚ ਸ਼ਰਧਾ ਹੈ। ਦੂਸਰਾ, ਦੂਸਰੇ ਦੀ ਸ਼ਰਧਾ ਵਿੱਚ ਕਿਉਂ ਦਖਲ ਦੇਵੇ? ਸਾਡੀ ਰਾਏ ਅਨੁਸਾਰ ਧਰਮ ਦੇ ਮਸਲੇ ਵਿਚ ਹਰ ਇੱਕ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ। ਧਰਮ ਇਨਸਾਨ ਦੀ ਨਿੱਜੀ ਵਸਤੂ ਹੈ। ਧੱਕੇ ਨਾਲ ਕਿਸੇ ਦਾ ਧਰਮ ਖੋਹਣਾ ਇਨਸਾਫ਼ ਨਹੀਂ।" ਬਾਦਸ਼ਾਹ ਦੀਆਂ ਗੱਲਾਂ ਸੁਣ ਕੇ ਅੱਗੋਂ ਗੁਰੂ ਜੀ ਨੇ ਜਵਾਬ ਦਿੱਤਾ

**ਬੈਂਤ**

ਅੱਗੋਂ ਸਤਿਗੁਰਾਂ ਮੋੜ ਜਵਾਬ ਦਿੱਤਾ

ਸਾਨੂੰ ਨਹੀਂ ਇਸਲਾਮ ਪ੍ਰਵਾਨ ਸ਼ਾਹਾ

ਨਹੀਂ ਲੋੜ ਜਗੀਰ ਤੇ ਮਰਤਬੇ ਦੀ

ਜਾਣਾ ਜਾਣ ਤੋਂ ਵੱਧ ਈਮਾਨ ਸ਼ਾਹਾ

ਦੇ ਕੇ ਲਾਲ ਵਿਹਾਜ ਲਏ ਕੱਚ ਜਿਹੜਾ

ਐਸਾ ਜੱਗ ਤੇ ਕੌਣ ਇਨਸਾਨ ਸ਼ਾਹਾ?

ਜੋਰ, ਜ਼ੁਲਮ, ਤਕੱਬਰੀ ਠੀਕ ਨਾਹੀਂ

ਭਾਵੇ ਰੱਬ ਨੂੰ ਨਹੀਂ ਅਭਿਮਾਨ ਸਾਹਾ

ਕੀਤਾ ਦੋਹਾਂ ਤੋਂ ਇੱਕ ਤੂੰ ਲੋੜਦਾ ਏਂ

ਕਰਨੇ ਦੋਹਾਂ ਤੋਂ ਤਿੰਨ ਭਗਵਾਨ ਸ਼ਾਹਾ

ਦਿੱਤਾ ਰੱਬ ਨੇ ਰਾਜ ਤਾਂ ਅਦਲ ਕਰ ਤੂੰ

ਕਰ ਲੈ ਜ਼ੁਲਮ ਦੀ ਤੇਗ ਮਿਆਨ ਸ਼ਾਹਾ[9]

ਗੁਰੂ ਜੀ ਦੇ ਨਿਰਭੈਤਾ ਭਰੇ ਬਚਨ ਸੁਣ ਕੇ ਬਾਦਸ਼ਾਹ ਦੇ ਗੁੱਸੇ ਦਾ ਪਾਰਾ ਚੜ੍ਹ ਗਿਆ। ਆਖਣ ਲੱਗਾ, "ਮੈਂ ਆਪ ਨੂੰ ਆਪਣੇ ਮੁਰਸ਼ਦ ਵਾਲੀ ਚੌਂਕੀ ਤੇ ਬਿਠਾਇਆ ਹੈ ਤੇ ਸਦਾ ਵਾਸਤੇ ਆਪਣਾ ਮੁਰਸ਼ਦ ਬਣਾਉਣਾ ਚਾਹੁੰਦਾ ਹਾਂ। ਤੁਹਾਨੂੰ ਇਸਲਾਮੀ ਦੁਨੀਆਂ ਤੇ ਪੀਰ ਬਣਾ ਦਿਆਂਗਾ ਆਪ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਹਾਂ। ਲੱਖਾਂ ਦੀ ਮੌਤ ਤੇ ਜ਼ਿੰਦਗੀ ਦਾ ਮਾਲਕ ਹਾਂ। ਮੈਨੂੰ ਨਾਰਾਜ਼ ਕਰਕੇ ਬਿਪਤਾ ਨਾ ਸਹੇੜੋ।" ਗੁਰੂ ਜੀ ਨੇ ਉਸ ਦਾ ਜਵਾਬ ਪੂਰੀ ਗੰਭੀਰਤਾ ਨਾਲ ਦਿੱਤਾ, "ਬਾਦਸ਼ਾਹ! ਅਸੀਂ ਸਭ ਕੁਝ ਜਾਣਦੇ ਹਾਂ। ਬਾਦਸ਼ਾਹ ਦਾ ਧਰਮ ਇਨਸਾਫ ਕਰਨਾ ਹੈ। ਉਹ ਇਨਸਾਫ਼ ਨਾ ਕਰੇ ਤਾਂ ਕਸਾਈ ਸਮਝਿਆ ਜਾਂਦਾ ਹੈ। ਆਪਣੇ ਜੁਲਮਾਂ ਤੋਂ ਤੌਬਾ ਕਰ, ਤੇ ਦੁਖੀ ਗਰੀਬਾਂ ਨੂੰ ਸਤਾਉਣਾ ਛੱਡ ਦਿਓ। ਅੰਤ ਖ਼ੁਦਾ ਦੇ ਸਾਹਮਣੇ ਹਾਜ਼ਰ ਹੋਣਾ ਹੈ। ਕੀ ਇਹ ਕਾਲੀਆਂ ਕਰਤੂਤਾਂ ਵਾਲਾ ਮੂੰਹ ਲੈ ਕੇ ਅੱਲਾਹ ਦੇ ਹਜੂਰ ਜਾਓਗੇ?"

ਗਿਆਨੀ ਜੀ ਜ਼ਿਕਰ ਕਰਦੇ ਹਨ ਕਿ ਬਾਦਸ਼ਾਹ ਵੱਲੋਂ ਗੁਰੂ ਜੀ ਦੇ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਧਾਰਨ ਕਰੋ, ਕਰਾਮਾਤ ਵਿਖਾਓ ਜਾਂ ਮੌਤ ਕਬੂਲ ਕਰੋ। ਗੁਰੂ ਜੀ ਨੇ ਫਰਮਾਇਆ, "ਬਾਦਸ਼ਾਹ! ਤੇਰੀਆਂ ਪਹਿਲੀਆਂ ਦੋਵੇਂ ਸ਼ਰਤਾਂ ਸਾਨੂੰ ਪ੍ਰਵਾਨ ਨਹੀਂ। ਧਰਮ ਛੱਡਣਾ ਪਾਪ ਤੇ ਕਾਇਰਤਾ ਹੁੰਦਾ ਹੈ। ਕਰਾਮਾਤ ਵਿਖਾਉਣੀ ਖ਼ੁਦਾ ਵੱਲੋਂ ਨਾਫ਼ਰਮਾਨੀ ਤੇ ਬਗਾਵਤ ਸਮਝੀ ਜਾਂਦੀ ਹੈ। ਅਤੇ ਤੇਰੀ ਤੀਸਰੀ ਸ਼ਰਤ ਸਾਨੂੰ ਮਨਜ਼ੂਰ ਹੈ"। ਇਸ ਘਟਨਾ ਉਪਰੰਤ ਗੁਰੂ ਜੀ ਨੂੰ ਕੋਤਵਾਲੀ ਵਿੱਚ ਲੋਹੇ ਦੇ ਪਿੰਜਰੇ ਤੇ ਸਖਤ ਪਹਿਰੇ ਵਿਚ ਰੱਖਣ ਦਾ ਹੁਕਮ ਦਿੱਤਾ ਗਿਆ। ਮਹਾਰਾਜ ਨੂੰ ਸਿੱਖਾਂ ਸਣੇ ਚਾਂਦਨੀ ਚੌਂਕ ਵਿਚ ਕੈਦ ਰੱਖਿਆ ਗਿਆ। ਸਖ਼ਤ ਲੋਹੇ ਦੀਆਂ ਸੀਖਾਂ ਵਾਲਾ ਪਿੰਜਰਾ ਸੀ। ਜਿਸ ਅੰਦਰ ਲੋਹੇ ਦੇ ਕੁੰਡੇ ਮੁੜੇ ਹੋਏ ਸਨ ਤੇ ਬੜੀ ਔਖਿਆਈ ਨਾਲ ਆਦਮੀ ਕੁਬਾ ਹੋ ਕੇ ਖੜਾ ਹੋ ਸਕਦਾ ਸੀ। ਪਰ ਗੁਰੂ ਜੀ ਇਸ ਸਭ ਨੂੰ ਖਿੜੇ ਮੱਥੇ ਸਹਾਰਦੇ ਰਹੇ। ਗੁਰੂ ਮਹਾਰਾਜ ਜੀ ਦੀ ਸ਼ਾਂਤ ਅਵਸਥਾ ਦਾ ਅਸਰ ਜੇਲ ਦੇ ਦਰੋਗਾ ਖਵਾਜਾ ਅਬਦੁਲਾ ਤੇ ਉਸਦੇ ਮਾਤਹਿਤ ਮੈਂਮੂੰ ਖਾਂ ਉੱਤੇ ਬਹੁਤ ਜਿਆਦਾ ਅਸਰ ਹੋਇਆ। ਉਹ ਦਿਲੋਂ ਗੁਰੂ ਜੀ ਦੇ ਸ਼ਰਧਾਲੂ ਹੋ ਗਏ, ਪਰ ਬਾਦਸ਼ਾਹ ਤੇ ਉਸਦੇ ਸੂਹੀਆਂ ਤੋਂ ਡਰਦੇ ਵਧੇਰੇ ਕੁਝ ਨਹੀਂ ਸਨ ਕਰ ਸਕਦੇ।

**ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਦੀ ਸ਼ਹਾਦਤ:** ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਹੈ। ਭਾਈ ਮਤੀ ਦਾਸ ਜੀ ਨੂੰ ਸ਼ਹੀਦ ਕਰਨ ਵੇਲੇ ਦਿਲ ਦਹਿਲਾ ਦੇਣ ਵਾਲਾ ਸਾਕਾ ਹੋਇਆ। ਜੱਲਾਦਾਂ ਨੇ ਭਾਈ ਮਤੀਦਾਸ ਨੂੰ ਲੱਕੜੀ ਦੇ ਦੋ ਫੱਟਿਆਂ ਵਿਚ ਕੱਸ ਕੇ ਬੰਨ੍ਹ ਦਿੱਤਾ ਅਤੇ ਆਖਰੀ ਵਾਰ ਉਨ੍ਹਾਂ ਨੂੰ ਇਸਲਾਮ ਜਾਂ ਮੌਤ ਵਿਚੋਂ ਚੋਣ ਕਰਨ ਵਾਸਤੇ ਕਿਹਾ ਗਿਆ। ਭਾਈ ਮਤੀ ਦਾਸ ਨੇ ਉੱਤਰ ਦਿੱਤਾ, "ਧਰਮ ਵਾਸਤੇ ਸ਼ਹੀਦ ਹੋਣ ਵਾਲੇ ਕਦੇ ਡੋਲਦੇ ਨਹੀਂ। ਤੁਸੀਂ ਛੇਤੀ ਆਪਣਾ ਕਾਰਜ ਕਰੋ। ਅਜਿਹੀ ਮੌਤ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ਇਸ ਤਰਾਂ ਜਲਾਦਾਂ ਨੇ ਆਰਾ ਖਿੱਚਣਾ ਸ਼ੁਰੂ ਕੀਤਾ ਤੇ ਸਿੱਖ ਨੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਖ਼ੂਨ ਦੀਆਂ ਧਾਰਾਂ ਵਹਿ ਤੁਰੀਆਂ। ਲੱਕੜ ਵਾਂਗ ਭਾਈ ਮਤੀ ਦਾਸ ਜੀ ਨੂੰ

ਦੋ-ਫਾੜ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਉਪਰੰਤ ਭਾਈ ਦਿਆਲਾ ਜੀ ਦੀ ਸ਼ਹਾਦਤ ਵਾਸਤੇ ਫਤਵਾ ਸੁਣਾ ਦਿੱਤਾ ਗਿਆ। ਉਨ੍ਹਾਂ ਨੂੰ ਜਿਉਂਦੇ ਜੀਅ ਦੇਗ ਵਿੱਚ ਬਿਠਾ ਕੇ ਉਬਾਲ ਦਿੱਤਾ ਗਿਆ। ਭਾਈ ਸਾਹਿਬ ਜੀ ਦਾ ਮਾਸ ਹੱਡੀਆਂ ਨਾਲੋਂ ਅਲੱਗ ਹੋ ਗਿਆ ਪਰ ਉਹਨਾਂ ਨੇ ਮੁੱਖੋਂ 'ਸੀਅ' ਨਹੀਂ ਕੀਤੀ। ਇਹ ਜ਼ੁਲਮ ਵੇਖ ਕੇ ਸਾਰਾ ਸ਼ਹਿਰ ਕੰਬ ਉੱਠਿਆ। ਸਿੱਖ ਤਵਾਰੀਖ਼ ਭਾਈ ਸਤੀ ਦਾਸ ਜੀ ਦਾ ਸ਼ਹੀਦ ਹੋਣ ਦਾ ਜ਼ਿਕਰ ਵੀ ਕਰਦੀ ਹੈ। ਇਨ੍ਹਾਂ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਸੀ। ਇਹ ਜਿਉਂਦੇ ਹੀ ਭੁੱਜ ਗਏ ਸੀ। ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਛੋਟੇ ਭਰਾ ਸਨ।[10] ਭਾਈ ਸਤੀਦਾਸ, ਬਾਬਾ ਹੀਰਾਮਲ ਦੇ ਸਪੁੱਤਰ, ਮਤੀਦਾਸ ਦੇ ਛੋਟੇ ਭਰਾ ਸਨ। ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ "ਇਹ ਫ਼ਾਰਸੀ ਦਾ ਅੱਛਾ ਵਿਦਵਾਨ ਸੀ ਗੁਰੂ ਜੀ ਦੀ ਬਾਣੀ ਫ਼ਾਰਸੀ ਅੱਖਰਾਂ ਵਿਚ ਲਿਖਕੇ ਸੰਭਾਲ ਲਿਆ ਕਰਦਾ ਸੀ। ਇਹ ਸਦਾ ਗੁਰਿਆਈ ਦੇ ਦਸ ਵਰ੍ਹਿਆਂ ਸਮੇਂ ਗੁਰੂ ਜੀ ਦੇ ਅੰਗ-ਸੰਗ ਰਿਹਾ। ਅੰਤ ਮੱਘਰ ਸੁਦੀ ਪੰਚਮੀ 1732.ਬਿ. ਨੂੰ ਦਿੱਲੀ ਇਸਨੂੰ ਰੂੰ ਵਿਚ ਲਪੇਟ ਕੇ ਜਿਉਂਦਿਆਂ ਸਾੜ ਦਿਤਾ ਗਿਆ। ਆਮ ਇਤਿਹਾਸਾਂ ਵਿਚ ਭਾਈ ਮਤੀਦਾਸ ਜੀ ਦੀ ਸ਼ਹੀਦੀ ਦਾ ਜ਼ਿਕਰ ਮਿਲਦਾ ਹੈ ਪਰੰਤੂ ਭੱਟ ਵਹੀਆਂ ਵਿਚ ਸਾਫ਼ ਲਿਖਿਆ ਹੈ ਕਿ ਭਾਈ ਸਤੀਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ ਸੀ।"[11]

**ਵਾਰ**

ਗੱਲਾਂ ਸੁਣ ਕੇ ਕਾਜ਼ੀ ਵਾਲੀਆਂ

ਗ਼ੁੱਸੇ ਵਿੱਚ ਭਰ ਗਿਆ ਬਾਦਸ਼ਾਹ

ਉਸੇ ਵਕਤ ਬੁਲਾ ਕੇ ਮਤੀ ਦਾਸ ਨੂੰ

ਕਹਿੰਦਾ ਅੱਖੀਆਂ 'ਚੋਂ ਅੱਗ ਬਰਸਾਅ

'ਸਿੱਖਾ! ਦਿੱਲੀ ਤੇ ਲਾਹੌਰ ਮੇਰੇ ਸਾਹਮਣੇ

ਹੁਣ ਕਰਕੇ ਗਰਕ ਦਿਖਾਅ

ਨਹੀਂ ਤਾਂ ਤੇਰੇ ਮੈਂ ਸਰੀਰ ਦੀਆਂ ਬੋਟੀਆਂ

ਦੇਂਦਾ ਤੂੰਬਿਆਂ ਦੇ ਵਾਂਗ ਉਡਾਅ.......

ਇਨੇ ਸੁਣ ਲੱਗੀ ਅੱਗ ਬਾਦਸ਼ਾਹ ਨੂੰ

ਦਿੱਤਾ ਹੁਕਮ ਜਲਾਦ ਬੁਲਾਅ

ਇਹਦੇ ਸਿਰ 'ਤੇ ਆਰਾ ਰੱਖ ਕੇ

ਦਿਓ ਚੀਰ ਕੇ ਦੋ ਉਇ ਬਣਾ

ਹੁਣੇ ਵੇਖ ਲਾਂ ਸਿੱਖੀ ਮੈਂ ਇਸ ਦੀ

ਇਹਦੇ ਖ਼ੂਨ ਵਿੱਚ ਇਸ ਨੂੰ ਨੁਹਾਅ[12]

**ਕੋਰੜਾ**

ਆਖਦਾ ਜਲਾਦ ਨੂੰ, 'ਸੁਣੀ ਖਿਆਲ ਦੇ

ਦੇਗ ਵਿੱਚ ਘਾਤ ਇਸ ਨੂੰ ਉਬਾਲ ਦੇ'

ਸੁਣ ਕੇ ਜਲਾਦਾਂ ਫੜਿਆ ਦਿਆਲੇ ਨੂੰ

ਦੇਗ ਚ ਬਿਠਾ ਕੇ ਦੇਵੰਦੇ ਉਬਾਲੇ ਨੂੰ

ਭਾਣਾ ਕਰਤਾਰ ਦਾ ਦਿਆਲਾ ਮੰਨਦਾ

ਠੀਕਰਾ ਸਰੀਰ ਪਾਪੀ ਸਿਰ ਭੰਨਦਾ[13]

ਬਾਦਸ਼ਾਹ ਨਾਲ ਗੁਰੂ ਜੀ ਦੀ ਮੁੜ ਮੁਲਾਕਾਤ :- ਭਾਵੇਂ ਅਨੰਦਪੁਰ ਤੋਂ ਚੱਲਣ ਲੱਗੇ ਗੁਰੂ ਤੇਗ ਬਹਾਦਰ ਸਾਹਿਬ ਜੀ ਅਮਲੀ ਤੌਰ ਤੇ ਸਾਹਿਬਜ਼ਾਦੇ ਸ੍ਰੀ ਗੋਬਿੰਦ ਰਾਏ ਜੀ ਨੂੰ ਗੱਦੀ ਸੌਂਪ ਆਏ ਸਨ। ਪਰ ਰਸਮ ਪੂਰੀ ਕਰਨ ਵਾਸਤੇ ਗੁਰੂ ਜੀ ਨੇ ਦਿੱਲੀ ਤੋਂ ਸਿੱਖਾਂ ਹੱਥ ਪੰਜ ਪੈਸੇ ਦਾ ਹੁਕਮ ਕੀਤਾ। ਅਤੇ ਨਾਲ ਹੀ ਮਹਾਰਾਜ ਨੇ ਆਨੰਦਪੁਰ ਵੱਲ ਮੁੱਖ ਕਰਕੇ ਸੀਸ ਝੁਕਾ ਦਿੱਤਾ । ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਪੰਜ ਪੈਸੇ ਤੇ ਗੁਰਿਆਈ ਦਾ ਆਸ਼ੀਰਵਾਦ ਦੇ ਕੇ ਭਾਈ ਗੁਰਦਿੱਤਾ ਜੀ ਨੂੰ ਅਨੰਦਪੁਰ ਵੱਲ ਤੋਰ ਦਿੱਤਾ। ਇਸ ਤੋਂ ਉਪਰੰਤ ਕੁਝ ਦਿਨਾਂ ਪਿੱਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਫਿਰ ਸਾਹਮਣੇ ਬੁਲਾਇਆ। ਜਿਸ ਪੇਸ਼ੀ ਵਿੱਚ ਕੁਝ ਸਵਾਲ-ਜਵਾਬ ਦੁਹਰਾਏ ਗਏ। ਔਰੰਗਜ਼ੇਬ ਕਹਿਣ ਲੱਗਾ, 'ਕਿ ਤੁਹਾਡੇ ਮਨ ਵਿੱਚ ਭੈ ਨਹੀਂ? ਤਾਂ ਸਤਿਗੁਰੂ ਜੀ ਨੇ ਕਿਹਾ "ਗੁਰੂ ਨਾਨਕ ਦੀ ਕਿਰਪਾ ਨਾਲ ਸਾਨੂੰ ਕੁਝ ਗਿਆਨ ਹੋ ਗਿਆ ਹੈ ਤੇ ਗਿਆਨ ਪੁਰਸ਼ ਨਾ ਕਿਸੇ ਤੋਂ ਡਰਦਾ ਹੈ, ਨਾ ਹੀ ਕਿਸੇ ਨੂੰ ਡਰਾਉਂਦਾ ਹੈ।"

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥[14]

ਔਰੰਗਜ਼ੇਬ ਨੇ ਮੁੜ ਆਪਣੀਆਂ ਸ਼ਰਤਾਂ ਦੁਹਰਾਈਆਂ। ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ, ਜਾਂ ਮੌਤ ਕਬੂਲ ਕਰੋ। ਗੁਰੂ ਜੀ ਨੇ ਬੜੀ ਦ੍ਰਿੜਤਾ ਨਾਲ ਜਵਾਬ ਦਿੱਤਾ "ਐ ਬਾਦਸ਼ਾਹ! ਜੋ ਆਇਆ ਸੀ ਸ਼ਹੀਦ ਹੋਣ ਵਾਸਤੇ ਹੈ, ਉਸ ਨੂੰ ਵਾਰ-ਵਾਰ ਇਹ ਸਵਾਲ ਪੁੱਛਣਾ ਦਾ ਕੀ ਅਰਥ? ਅਸੀਂ ਤਿਆਰ ਹਾਂ। ਇਨਸਾਨੀ ਜੀਵਨ ਦੀ ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਆਪਣੇ ਧਰਮ ਬਦਲੇ ਜਾਣ ਦੇ ਦਿੱਤੀ ਜਾਵੇ।

**ਗੁਰੂ ਜੀ ਦੀ ਸ਼ਹਾਦਤ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ, ਜਿੱਥੇ ਅੱਜ-ਕੱਲ ਗੁਰਦੁਆਰਾ ਸੀਸ ਗੰਜ ਸਾਹਿਬ ਹੈ। ਉਸ ਜਗ੍ਹਾ ਤੇ ਸ਼ਹੀਦ ਹੋਣ ਵਾਸਤੇ ਲਿਆਂਦਾ ਗਿਆ। ਉਸ ਦਿਨ ਵੀਰਵਾਰ, ਸੰਮਤ ੧੭੩੨ ਬਿ.੧੧ ਨਵੰਬਰ ੧੬੭੫ ਈ. ਦਾ ਦਿਨ ਸੀ।[15] ਗੁਰੂ ਸਾਹਿਬ ਜੀ ਸਵੇਰ ਤੋਂ ਹੀ ਇਸ਼ਨਾਨ ਤੇ ਪਾਠ ਕਰਕੇ ਤਿਆਰ ਸਨ। ਉਦਾਲੇ ਪੁਲਿਸ ਦਾ ਸਖ਼ਤ ਪਹਿਰਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਵੇਖਣ ਵਾਲੇ ਲੋਕ ਉਦਾਲੇ ਸਹਿਮੇ ਖੜ੍ਹੇ ਸਨ। ਰਿਵਾਜ ਪੂਰਾ ਕਰਨ ਵਾਸਤੇ ਮੁਫ਼ਤੀ ਨੇ ਇੱਕ ਵਾਰ ਮੁੜ ਸ਼ਰਤਾਂ ਦੁਹਰਾਈਆਂ। ਤਦ ਗੁਰਦੇਵ ਆਖਰੀ ਵਾਰ ਬੋਲੇ, "ਐ ਔਰੰਗਜ਼ੇਬ! ਤੁਸਾਂ ਆਪਣੀ ਸਾਰੀ ਤਾਕਤ ਲਾ ਕੇ ਵੇਖ ਲਈ ਹੈ। ਧੱਕੇ ਤੇ ਜ਼ੁਲਮ ਨਾਲ ਕਿਸੇ ਦਾ ਧਰਮ ਨਹੀਂ ਖੋਇਆ ਜਾ ਸਕਦਾ। ਕੀ ਹੁਣ ਸਾਡੀ ਸ਼ਰਤ ਅਨੁਸਾਰ ਨਿਤਾਣਿਆਂ ਤੇ ਜੁਲਮ ਕਰਨਾ ਛੱਡ ਦਿਓਗੇ? ਨਹੀਂ ਛੱਡੋਗੇ, ਤਾਂ ਕੁਦਰਤ ਆਪ ਐਸੇ ਹਾਲਾਤ ਪੈਦਾ ਕਰ ਦੇਵੇਗੀ। ਯਾਦ ਰੱਖੋ, ਰੱਬ ਨੂੰ ਜ਼ੁਲਮ ਕਦੇ ਨਹੀਂ ਭਾਉਂਦਾ। ਅਸੀਂ ਸ਼ਹੀਦੀ ਲਈ ਤਿਆਰ ਹਾਂ। ਤਦ ਬਾਦਸ਼ਾਹ ਦਾ ਇਸ਼ਾਰਾ ਪਾ ਕੇ ਸਮਾਣੇ ਦੇ ਰਹਿਣ ਵਾਲੇ ਸੱਯਦ ਜਲਾਲਦੀਨ ਨੇ ਇੱਕ ਵਾਰ ਨਾਲ ਮਹਾਰਾਜ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਵਰਨਣ ਗੱਡੀ ਛੰਦ ਵਿੱਚ ਇਸ ਪ੍ਰਕਾਰ ਬਿਆਨ ਕੀਤਾ ਹੈ।

**ਗੱਡੀ**

ਵੀਰਵਾਰ ਦਾ ਨਿਭਾਗਾ ਦਿਨ ਚੜ੍ਹਿਆ

ਜਾਲਮਾਂ ਦੇ ਜੜ ਪੁੱਟਣੇ

ਵਿੱਚ ਚਾਂਦਨੀ ਚੌਂਕ ਦੇ ਆਂਦਾ

ਪਾਪੀਆਂ ਨੇ ਗੁਰੂ ਸਾਹਿਬ ਨੂੰ

ਆ ਕੇ ਸਾਹਮਣੇ ਔਰੰਗਜ਼ੇਬ ਕਹਿੰਦਾ

ਅਜੇ ਵੀ ਸਮਝ ਮਨ ਮੇ

ਜਾਨ ਰੱਖ ਲੈ ਮੁਹੰਮਦੀ ਬਣ ਕੇ

ਬੀਤੇ ਸਮਾਂ ਨਹੀਂ ਲੱਭਣਾ'

ਅੱਗੋਂ ਹੱਸ ਕੇ ਸਤਿਗੁਰੂ ਬੋਲੇ,

ਲੋੜ ਨਹੀਂ ਹੋਰ ਕਹਿਣ ਦੀ

ਅਸਾਂ ਰੱਖਣਾ ਧਰਮ ਸਿਰ ਦੇ ਕੇ

ਤੇਗ ਅਜ਼ਮਾ ਲੈ ਆਪਣੀ

ਤੇਰੇ ਪਾਪ ਦਾ ਭਰ ਗਿਆ ਬੇੜਾ

ਅੱਜ ਕੱਲ ਡੁੱਬ ਜਾਏਗਾ

ਇਨੀ ਸੁਣ ਕੇ ਲੱਗੀ ਅੱਗ ਸ਼ਾਹ ਨੂੰ

ਹੁਕਮ ਜਲਾਦ ਨੂੰ ਕਰੇ

ਤੇਗ ਮਾਰ ਕੇ ਉਡਾ ਦੇ ਸਿਰ ਇਸ ਦਾ

ਨਿਤ ਦਾ ਕਲੇਸ਼ ਮੁੱਕ ਜਾਏ

ਤੇਗ਼ ਖਿੱਚ ਕੇ ਜਲਾਦ ਸੁਣਾਇਆ

'ਯਾਦ ਕਰ ਲਓ ਜੀ ਰੱਬ ਨੂੰ'

ਪਾਠ 'ਜਪੁ' ਜੀ ਦਾ ਕਰ ਗੁਰ ਮੇਰੇ

ਸਤਿਨਾਮ ਬੋਲੇ ਗੱਜ ਕੇ

ਤੇਗ ਜ਼ੋਰ ਦੀ ਕਸਾਈ ਮਾਰੀ

ਧੜੋਂ ਸੀਸ ਵੱਖ ਹੋ ਗਿਆ

ਕਾਰਾ ਵੇਖ ਇਹ ਛਿਪ ਗਿਆ ਸੂਰਜ

ਅੰਬਰ ਨੇ ਰੰਗ ਵੱਟਿਆ

ਝੱਟ ਹੋ ਗਿਆ ਹਨੇਰਾ ਸਾਰੇ

ਕਹਿਰ ਦੀ ਹਨੇਰੀ ਚੱਲ ਪਈ।[16]

ਸੋ ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ੪੩ ਸਾਲ, ੧੧ ਮਹੀਨੇ ਤੇ ੧੯ ਦਿਨ ਦੀ ਆਪਣੀ ਸੰਸਾਰਕ ਆਯੂ ਦੌਰਾਨ ੧੦ ਸਾਲ, ੦੭ ਮਹੀਨੇ ਤੇ ੧੮ ਦਿਨ ਗੁਰਿਆਈ ਕਰਕੇ ਸ਼ਹੀਦ ਹੋਏ।[17] ਇਸ ਮਹਾਨ ਸਾਕੇ ਬਾਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿੱਚ ਫਰਮਾਉਂਦੇ ਹਨ।

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਆ ਪਜਾਨ

ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥[18]

ਗੁਰੂ ਤੇਗ ਬਹਾਦਰ ਜੀ ਦੇ ਦੋ ਸ਼ਰਧਾਲੂ ਸਿੱਖਾਂ ਵਿੱਚੋਂ ਭਾਈ ਜੈਤਾ ਜੀ ਸਿਪਾਹੀਆਂ ਤੋਂ ਅੱਖ ਬਚਾ ਕੇ, ਸੀਸ ਚੁੱਕ ਕੇ ਅਨੰਦਪੁਰ ਸਾਹਿਬ ਜਾ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਛਾਤੀ ਨਾਲ ਲਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਅਤੇ ਇੱਥੇ ਬੜੀ ਸ਼ਾਨ ਨਾਲ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ

ਗਿਆ। ਠੀਕ ਇਸੇ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਭਾਈ ਲੱਖੀ ਸ਼ਾਹ ਵਣਜਾਰਾ ਜੋ ਗੁਰੂ ਜੀ ਦਾ ਸਿੱਖ ਸੀ। ਗੱਡਿਆਂ ਦਾ ਲਾਰਾ ਲੈ ਕੇ ਚਾਂਦਨੀ ਚੌਂਕ ਵਿੱਚ ਦੀ ਲੰਘਿਆ। ਤੇ ਮਹਾਰਾਜ ਦਾ ਧੜ੍ਹ ਗੱਡੇ ਉੱਤੇ ਰੱਖ ਕੇ ਲੈ ਗਿਆ। ਉਸਨੇ ਆਪਣੇ ਘਰ ਰਾਏ ਸੀਨਾ ਨਵੀਂ ਦਿੱਲੀ ਵਿੱਚ ਗੁਰੂ ਸਾਹਿਬ ਜੀ ਦਾ ਧੜ ਰੱਖ ਕੇ ਸਤਿਕਾਰ ਨਾਲ ਸਸਕਾਰ ਕੀਤਾ। ਇੱਥੇ ਅੱਜ ਕੱਲ੍ਹ ਗੁਰਦੁਆਰਾ ਰਕਾਬਗੰਜ ਸੁਭਾਇਮਾਨ ਹੈ। ਦੁਨੀਆਂ ਵਿਚ ਮਨੁੱਖੀ ਹੱਕਾਂ ਦੇ ਵਿਸ਼ਵਾਸ਼ ਵਿਚ ਹੱਕ ਦੀ ਰਖਵਾਲੀ ਲਈ ਗੁਰੂ ਸਾਹਿਬ ਦੀ ਸ਼ਹਾਦਤ ਇੱਕ ਮੀਲ-ਪੱਥਰ ਵਾਂਗ ਹੈ। ੨੦੨੫ ਵਿੱਚ ਸਮੁੱਚਾ ਖਾਲਸਾ ਪੰਥ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹਾਦਤ ਦਿਵਸ ਗੁਰਪੁਰਬ ਨੂੰ ਮਨਾ ਰਿਹਾ ਹੈ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਹੈ।

**ਹਵਾਲੇ**


1. ਸੋਹਣ ਸਿੰਘ ਸੀਤਲ, **ਮੇਰੀ ਸਾਹਿਤਿਕ ਸ੍ਵੈਜੀਵਨੀ**, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੮੫, ਪੰਨਾ ੩੬-੩੭.
2. ਉਹੀ, ਪੰਨਾ ੨੫.
3. ਸੋਹਣ ਸਿਘ ਸੀਤਲ, **ਮੇਰੀਆਂ ਢਾਡੀ ਵਾਰਾਂ**, (ਭਾਗ ਪਹਿਲਾ) ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੧, ਪੰਨਾ ੧੨੩.
4. ਉਹੀ, ਪੰਨਾ ੧੫੩.
5. ਉਹੀ, ਪੰਨਾ ੧੧੧-੧੧੨.
6. ਉਹੀ, ਪੰਨਾ ੧੧੩.
7. ਉਹੀ, ਪੰਨਾ ੧੧੪.
8. ਉਹੀ, ਪੰਨਾ ੧੧੫.
9. ਉਹੀ, ਪੰਨਾ ੧੧੬.
10. ਡਾ. ਰਤਨ ਸਿੰਘ ਜੱਗੀ, **ਸਿੱਖ ਪੰਥ ਵਿਸ਼ਵਕੋਸ਼**, (ਭਾਗ ਦੂਜਾ) ਗੁਰ ਰਤਨ ਪਬਲਿਸ਼ਰਜ, ਪਟਿਆਲਾ, ੨੦੦੫, ਪੰਨਾ ੫੬੮.
11. ਡਾ. ਤਾਰਨ ਸਿੰਘ (ਸੰਪਾ.), **ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 193.
12. ਉਹੀ, ਪੰਨਾ ੧੧੮.

13. ਉਹੀ, ਪੰਨਾ ੧੧੯.

14. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੨੬.

**15.** ਸਿਮਰਜੀਤ ਸਿੰਘ (ਸੰਪਾ.), **ਢਾਡੀ ਸੋਹਣ ਸਿੰਘ ਸੀਤਲ**, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ੨੦੨੧, ਪੰਨਾ 156.

16. ਸੋਹਣ ਸਿੰਘ ਸੀਤਲ, **ਮੇਰੀਆਂ ਢਾਡੀ ਵਾਰਾਂ**, (ਭਾਗ ਪਹਿਲਾ) ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੧, ਪੰਨਾ ੧੨੧-੨੨.

17. ਉਹੀ, ਪੰਨਾ ੧੨੧.

18. **ਬਚਿਤਰ ਨਾਟਕ**,ਅ.ਪ.

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ

ਪਰਮਜੀਤ ਸਿੰਘ 'ਸੁਚਿੰਤਨ'

ਲੁਧਿਆਣਾ (ਪੰਜਾਬ)

ਸੰਪਰਕ: 97791-24500

ਔਰੰਗਜ਼ੇਬ ਬਹੁਤ ਜ਼ਾਲਮ ਬਾਦਸ਼ਾਹ ਸੀ, ਉਸ ਨੇ ਧਰਮ ਦੀ ਆੜ੍ਹ ਥੱਲੇ ਸਿਆਸੀ ਤੌਰ 'ਤੇ ਬਹੁਤ ਜ਼ੁਲਮ ਕੀਤੇ। ਤਖ਼ਤ ਹਥਿਆਉਣ ਲਈ, ਆਪਣੇ ਦੋ ਭਰਾਵਾਂ (ਦਾਰਾ ਤੇ ਮੁਰਾਦ) ਦਾ ਕਤਲ ਕਰਵਾ ਦਿੱਤਾ ਤੇ ਇੱਕ ਭਰਾ (ਸ਼ੁਜਾਹ) ਨੂੰ ਦੇਸ਼ ਨਿਕਾਲਾ ਦੇ ਦਿੱਤਾ। ਆਪਣੀ ਭੈਣ ਰੌਸ਼ਨ ਆਰਾ ਨੂੰ ਥੋੜ੍ਹਾ-ਥੋੜ੍ਹਾ ਜ਼ਹਿਰ (Slow Poisioning) ਦੇ ਕੇ ਮਾਰ ਦਿੱਤਾ। ਆਪਣੇ ਪਿਤਾ ਸ਼ਾਹਜਹਾਂ ਨੂੰ ਉਸਦੇ ਅੰਤਿਮ ਸਮੇਂ ਤੱਕ ਕੈਦ ਕਰਕੇ ਰੱਖਿਆ ਤੇ ਤਸੀਹੇ ਦਿੰਦਾ ਰਿਹਾ। ਇੱਥੋਂ ਤੱਕ ਕਿ ਉਸ ਨੇ ਸੂਫ਼ੀ ਫ਼ਕੀਰਾਂ ਨੂੰ ਵੀ ਨਹੀਂ ਬਖ਼ਸ਼ਿਆ। ਹਿੰਦੂਆਂ 'ਤੇ ਪੂਰੀ ਸਖ਼ਤੀ ਸ਼ੁਰੂ ਹੋ ਗਈ। ਮੰਦਿਰ ਢਾਹ ਕੇ ਮਸੀਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂਆਂ 'ਤੇ ਜ਼ਜ਼ੀਆ (ਸਪੈਸ਼ਲ ਟੈਕਸ) ਲਾ ਦਿੱਤਾ ਗਿਆ। ਹਿੰਦੂਆਂ ਦੇ ਧਾਰਮਿਕ ਇੱਕਠਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਹੁਣ ਹਿੰਦੂ ਕੋਈ ਧਾਰਮਿਕ ਇਕੱਠ ਵੀ ਨਹੀਂ ਸਨ ਕਰ ਸਕਦੇ।ਇਧਰ ਹਿੰਦੂ ਧਰਮ ਦੇ ਆਗੂ ਜਾਂ ਤਾਂ ਬ੍ਰਾਹਮਣ ਸਨ ਜਾਂ ਫਿਰ ਸ਼ਸਤ੍ਰਧਾਰੀ ਰਾਜਪੂਤ ਖੱਤਰੀ। ਇਹ ਰਾਜਪੂਤ ਤਾਂ ਮੁਗਲਾਂ ਦਾ ਹੱਥ ਠੋਕਾ ਬਣ ਕੇ, ਓਹਨਾਂ ਦੇ ਨਾਲ ਹੀ ਰੱਲ ਗਏ ਸਨ ਅਤੇ ਬ੍ਰਾਹਮਣਾਂ ਨੇ ਅਨਪੜ੍ਹ ਤੇ ਭੋਲੇ-ਭਾਲੇ ਹਿੰਦੂਆਂ ਨੂੰ ਫੋਕੇ ਕਰਮਕਾਂਡਾਂ, ਪਾਖੰਡਾਂ ਤੇ ਵਹਿਮਾਂ-ਭਰਮਾਂ ਦੇ ਜਾਲ 'ਚ ਫਸਾ ਕੇ, ਆਪਣੇ ਆਪ ਨੂੰ, ਆਪਣੀ ਰੋਜੀ-ਰੋਟੀ ਕਮਾਉਣ ਤੱਕ ਹੀ ਸੀਮਿਤ ਕਰ ਲਿਆ ਸੀ। ਇਹਨਾਂ ਹਾਲਾਤਾਂ 'ਚ ਸਮੁੱਚਾ ਹਿੰਦੂ ਸਮਾਜ ਆਗੂ ਹੀਣ ਬਣ ਚੁੱਕਾ ਸੀ।

### ਕਸ਼ਮੀਰੀ ਪੰਡਿਤਾਂ ਦਾ ਸ੍ਰੀ ਅਨੰਦਪੁਰ ਸਾਹਿਬ ਆਉਣਾ:

ਉਸ ਸਮੇਂ ਕਸ਼ਮੀਰ ਪੰਡਿਤਾਂ ਦਾ ਬੜਾ ਵੱਡਾ ਗੜ੍ਹ ਸੀ। ਇੱਥੇ ਬਹੁਤ ਵਿਦਵਾਨ ਪੰਡਿਤ ਰਹਿੰਦੇ ਸਨ। ਸੰਨ ੧੬੭੪ ਈ. 'ਚ, ਜਦੋਂ ਔਰੰਗਜ਼ੇਬ ਨੇ ਇਹ ਫੈਸਲਾ ਕੀਤਾ ਕਿ ਹਿੰਦੂਆਂ ਨੂੰ ਮੁਸਨਮਾਨ ਬਣਾਉਣਾ ਹੈ ਤਾਂ ਉਸ ਨੇ ਇਸ ਕੰਮ ਲਈ ਕਸ਼ਮੀਰ ਨੂੰ ਹੀ ਚੁਣਿਆ। ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਉਸ ਨੂੰ ਲੱਗਦਾ ਸੀ ਕਿ ਜੇ ਕਸ਼ਮੀਰੀ ਪੰਡਿਤ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਵੇਗਾ। ਦੂਜਾ ਇਹ ਕਿ ਬ੍ਰਾਹਮਣ ਲੋਕ ਪੂਜਾ ਦਾ ਧਾਨ ਖਾਣ ਵਾਲੇ ਲੋਕ ਹਨ। ਇਹਨਾਂ ਅੰਦਰ ਲੜਨ ਦੀ ਸ਼ਕਤੀ ਨਹੀਂ ਹੁੰਦੀ। ਇਸ ਲਈ ਇਹਨਾਂ ਨੂੰ ਡਰਾ ਧਮਕਾ ਕੇ ਜਾਂ ਲਾਲਚ ਦੇ ਕੇ ਇਸਲਾਮ ਵੱਲ ਜ਼ਲਦੀ ਪ੍ਰੇਰਿਤ ਕੀਤਾ ਜਾ ਸਕਦਾ ਹੈ ਤੇ ਤੀਜਾ ਇਹ ਕਿ ਕਸ਼ਮੀਰ ਦੀਆਂ ਹੱਦਾਂ ਬਹੁਤ ਸਾਰੇ ਦੇਸ਼ਾਂ ਤੇ ਰਾਜਾਂ ਨਾਲ ਲੱਗਦੀਆਂ ਹਨ, ਇਸ ਲਈ ਇੱਥੋਂ ਦੇ ਵਸਨੀਕਾਂ ਨੂੰ ਮੁਸਲਮਾਨ ਬਣਾਉਣ

ਨਾਲ ਇਸਲਾਮ ਦਾ ਪ੍ਰਭਾਵ ਸੰਸਾਰ ਪੱਧਰ 'ਤੇ ਤੇਜੀ ਨਾਲ ਵਧੇਗਾ। ਔਰੰਗਜ਼ੇਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਉਸ ਸਮੇਂ ਦੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਨੇ ਕਸ਼ਮੀਰੀ ਪੰਡਿਤਾਂ 'ਤੇ ਬਹੁਤ ਜ਼ੁਲਮ ਢਾਹੇ। ਇਹਨਾਂ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾ ਦਿੱਤਾ ਜਾਂਦਾ ਸੀ, ਓਹਨਾਂ ਦੇ ਜੰਞੂ ਲਾਹ ਦਿੱਤੇ ਜਾਂਦੇ ਸਨ ਅਤੇ ਓਹਨਾਂ ਨੂੰ ਹਿੰਦੂ ਪਰੰਪਰਾ ਤੇ ਰੀਤੀ-ਰਿਵਾਜ ਅਨੁਸਾਰ ਪੂਜਾ-ਪਾਠ ਨਹੀਂ ਸੀ ਕਰਨ ਦਿੱਤਾ ਜਾਂਦਾ। ਕਿਹਾ ਜਾਂਦਾ ਹੈ ਕਿ ਰੋਜ਼ਾਨਾ ਇੰਨੇ ਪੰਡਿਤਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ ਕਿ ਓਹਨਾਂ ਦੇ ਲੱਥੇ ਜੰਞੂਆਂ ਦਾ ਭਾਰ ਸਵਾ ਮਨ ਹੋ ਜਾਂਦਾ ਸੀ। ਓਹਨਾਂ ਦਿਨਾਂ 'ਚ ਇਹ ਗੱਲ ਵੀ ਪ੍ਰਚਲਿਤ ਸੀ ਕਿ ਔਰੰਗਜ਼ੇਬ ਸਵਾ ਮਨ ਜੰਞੂ ਲਾਹ ਕੇ ਹੀ ਭੋਜਨ ਕਰਦਾ ਸੀ। ਜਿਹੜਾ ਪੰਡਿਤ ਔਰੰਗਜ਼ੇਬ ਦਾ ਹੁਕਮ ਨਹੀਂ ਸੀ ਮੰਨਦਾ, ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ।ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਦੁਖੀ ਹੋ ਕੇ, ਇਹਨਾਂ ਹਾਲਾਤਾਂ ਦਾ ਹੱਲ ਲੱਭਣ ਲਈ ਵਿਚਾਰ-ਵਟਾਂਦਰਾ ਕੀਤਾ। ਪੰਡਿਤ ਕਿਰਪਾ ਰਾਮ ਜੀ ਨੇ ਸਲਾਹ ਦਿੱਤੀ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਾਨੂੰ ਜੇ ਕੋਈ ਬਚਾ ਸਕਦਾ ਹੈ ਤਾਂ ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਜੀ ਹੀ ਬਚਾ ਸਕਦੇ ਹਨ। ਸਾਰਿਆਂ ਦੇ ਵਿਚਾਰ ਸੁਣ ਕੇ, ਇਹ ਫ਼ੈਸਲਾ ਕੀਤਾ ਗਿਆ ਕਿ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਜਾਇਆ ਜਾਵੇ ਅਤੇ ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੇ ਜਾਵੇ ਕਿ ਸਤਿਗੁਰੂ ਜੀ ! ਸਾਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਅ ਲਓ। ਕੀਤੇ ਗਏ ਫ਼ੈਸਲੇ ਅਨੁਸਾਰ, ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ।ਮਿਤੀ ੨੫ ਮਈ ਸੰਨ ੧੬੭੫ ਈ. ਨੂੰ, ਪੰਡਿਤ ਕਿਰਪਾ ਰਾਮ ਤੇ ਹੋਰ ਬਹੁਤ ਸਾਰੇ ਕਸ਼ਮੀਰੀ ਪੰਡਿਤ, ਆਪਣੀ ਫ਼ਰਿਆਦ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋਏ ਅਤੇ ਆਪਣਾ ਦੁੱਖ ਦੱਸਿਆ। ਗੁਰੂ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਦੁੱਖ ਬਹੁਤ ਧਿਆਨ ਨਾਲ ਸੁਣਿਆ ਅਤੇ ਓਹਨਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਫਿਰ,ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜੇ ਕੋਈ ਮਹਾਂਪੁਰਖ ਆਪਣੀ ਸ਼ਹਾਦਤ ਦੇਣ ਲਈ ਤਿਆਰ ਹੋ ਜਾਵੇ ਤਾਂ ਇਸ ਸੰਕਟ ਦਾ ਹੱਲ ਨਿਕਲ ਸਕਦਾ ਹੈ।

ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ, ਕੋਲ ਬੈਠੇ ੯ ਸਾਲਾਂ ਦੇ ਬਾਲਕ ਗੋਬਿੰਦ ਰਾਏ ਜੀ ਕਹਿਣ ਲੱਗੇ ਕਿ ਗੁਰੂ ਪਿਤਾ ਜੀ! ਆਪ ਜੀ ਤੋਂ ਵੱਡਾ ਮਹਾਂਪੁਰਖ ਇਸ ਸੰਸਾਰ 'ਚ ਹੋਰ ਕੌਣ ਹੋ ਸਕਦਾ ਹੈ ? ਇਹ ਗੱਲ ਸੁਣ ਕੇ, ਓਥੇ ਹਾਜ਼ਰ ਸਿੱਖ-ਸੰਗਤਾਂ ਅੰਦਰ ਸੰਨਾਟਾ ਛਾ ਗਿਆ। ਪਰ, ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਕੁਰਾ ਪਏ ਅਤੇ ਕਸ਼ਮੀਰੀ ਪੰਡਿਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਔਰੰਗਜ਼ੇਬ ਬਾਦਸ਼ਾਹ ਤੱਕ ਇਹ ਸੁਨੇਹਾ ਪਹੁੰਚ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਡੇ ਰਹਿਬਰ ਹਨ, ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ। ਇੰਝ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਉਸ ਨੂੰ ਵੰਗਾਰਿਆ। ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੁਨੇਹਾ, ਔਰੰਗਜ਼ੇਬ ਤੱਕ ਪਹੁੰਚਾ ਦਿੱਤਾ। ਜਦੋਂ ਔਰੰਗਜ਼ੇਬ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੂੰ ਲੱਗਾ ਕਿ ਇਹ ਤਾਂ ਕੰਮ ਹੀ ਬਹੁਤ ਸੌਖਾ ਹੋ ਗਿਆ

ਹੈ। ਮੈਂ ਤਾਂ ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਹੁਣ ਤਾਂ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹੀ ਮੁਸਲਮਾਨ ਬਣਾਉਣਾ ਹੈ। ਜੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸਲਾਮ ਕਬੂਲ ਕਰ ਲਿਆ ਤਾਂ ਕਸ਼ਮੀਰੀ ਪੰਡਿਤ ਤਾਂ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ। ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਨਾਲੋਂ, ਇਕੱਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਵਾਉਣਾ ਕੀਤੇ ਸੌਖਾ ਹੈ। ਬੱਸ, ਫਿਰ ਕੀ ਸੀ, ਹੁਕਮ ਜਾਰੀ ਕਰ ਦਿੱਤਾ ਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਕੇ, ਦਿੱਲੀ ਲਿਆਂਦਾ ਜਾਵੇ। ਇਧਰ ਗੁਰੂ ਤੇਗ ਬਹਾਦਰ ਸਾਹਿਬ ਜੀ, ਆਪਣੀ ਸ਼ਹਾਦਤ ਦੇਣ ਲਈ, ਬਾਲਕ ਗੋਬਿੰਦ ਰਾਇ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸਮੁੱਚੀ ਜ਼ਿੰਮੇਵਾਰੀ ਸੌਂਪ ਕੇ ਤੇ ਕੁੱਝ-ਕੁ ਸਿੱਖਾਂ ਨੂੰ ਨਾਲ ਲੈ ਕੇ, ੧੧ ਹਾੜ ਸੰਮਤ ੧੭੩੨ (ਸੰਨ ੧੬੭੫ ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਪਏ।

**ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ:**

ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ, ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਸਾਹਿਬ, ਭਰਤਗੜ੍ਹ, ਰੋਪੜ, ਸੈਫ਼ਾਬਾਦ (ਹੁਣ ਬਹਾਦਰਗੜ੍ਹ, ਜ਼ਿਲ੍ਹਾ ਪਟਿਆਲਾ), ਪਟਿਆਲਾ, ਸਮਾਣਾ, ਚੀਕਾ, ਕੈਥੱਲ, ਧਮਤਾਨ ਸਾਹਿਬ, ਜੀਂਦ, ਲਾਖਨ ਮਾਜਰਾ ਤੇ ਰੋਹਤਕ ਹੁੰਦੇ ਹੋਏ, ਆਗਰੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਗੁਰੂ ਸਾਹਿਬ ਜੀ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰਕੇ, ਇੱਥੇ ਹੀ ੯ ਦਿਨ ਨਜ਼ਰਬੰਦ ਕਰਕੇ ਰੱਖਿਆ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ "ਗੁਰੂ ਕਾ ਤਾਲ" ਸੁਭਾਇਮਾਨ ਹੈ। ਇੱਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਰੀ ਫੌਜ ਦੀ ਨਿਗਰਾਨੀ ਹੇਠ, ਦਿੱਲੀ ਵਿਖੇ ਲਿਆਂਦਾ ਗਿਆ। ਕੁੱਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਤਿੰਨਾਂ ਸਿੱਖਾਂ (ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ) ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਕੁੱਝ ਦਿਨ ਸਰਹੰਦ ਦੇ ਸੂਬੇਦਾਰ ਕੋਲ ਕੈਦ 'ਚ ਰੱਖਣ ਤੋਂ ਬਾਅਦ, ਬੱਸੀ ਪਠਾਣਾਂ ਦੀ ਜੇਲ੍ਹ 'ਚ ਕੈਦ ਕਰ ਦਿੱਤਾ ਗਿਆ। ਚਾਰ ਮਹੀਨੇ ਕੈਦ 'ਚ ਰੱਖਣ ਤੋਂ ਬਾਅਦ, ਗੁਰੂ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ 'ਚ ਬੰਦ ਕਰਕੇ, ਭਾਰੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਦਿੱਲੀ ਲਿਆਂਦਾ ਗਿਆ ਤਾਂ ਔਰੰਗਜ਼ੇਬ ਦਿੱਲੀ 'ਚ ਨਹੀਂ ਸੀ। ਓਹ ਹਸਨ ਅਬਦਾਲ ਦੇ ਇਲਾਕੇ 'ਚ ਗਿਆ ਹੋਇਆ ਸੀ। ਔਰੰਗਜ਼ੇਬ ਦੇ ਹੁਕਮ ਅਨੁਸਾਰ, ਦਿੱਲੀ ਦੇ ਸ਼ਾਹੀ ਕਾਜ਼ੀ ਅਬਦੁੱਲ ਵਹਾਬ ਵੱਲੋਂ ਗੁਰੂ ਸਾਹਿਬ ਜੀ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਨਹੀਂ ਤਾਂ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਗੁਰੂ ਸਾਹਿਬ ਜੀ ਨੂੰ ਇਹ ਵੀ ਕਿਹਾ ਗਿਆ ਕਿ ਸਿਆਣਪ ਇਸੇ ਵਿੱਚ ਹੁੰਦੀ ਹੈ ਕਿ ਸਮੇਂ ਦੀ ਹਕੂਮਤ ਦੀ

"ਹਾਂ" ਵਿੱਚ "ਹਾਂ" ਮਿਲਾ ਕੇ ਸੁੱਖ ਭੋਗੇ ਜਾਣ। ਸਿਆਣੇ ਲੋਕ ਸਮੇਂ ਦੀਆਂ ਹਕੂਮਤਾਂ ਦਾ ਪੱਖ ਲੈਂਦੇ ਹਨ ਅਤੇ ਓਹਨਾਂ ਖ਼ਿਲਾਫ਼ ਨਹੀਂ ਅੜਦੇ। ਤੁਸੀਂ ਵੀ ਔਰੰਗਜ਼ੇਬ ਦੇ ਕਹੇ ਅਨੁਸਾਰ ਚੱਲ ਕੇ ਦੁਨਿਆਵੀ ਸੁੱਖ ਭੋਗ ਸਕਦੇ ਹੋ।ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਗੋਂ ਜੁਆਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਧਰਮ ਤਿਆਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਦੁਨਿਆਵੀ ਸੁੱਖ ਤਾਂ ਸੁਪਨੇ ਦੀ ਨਿਆਈਂ ਹਨ, ਪਲਾਂ ਵਿੱਚ ਹੀ ਖ਼ਤਮ ਹੋ ਜਾਂਦੇ ਹਨ। ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ, ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਕਰਾਮਾਤ ਦਿਖਾਉਣੀ, ਉਸ ਅਕਾਲਪੁਰਖੁ ਦੀ ਰਜ਼ਾ ਤੋਂ ਮੁਨਕਰ ਹੋਣ ਸਮਾਨ ਹੈ ਅਤੇ ਗੁਰਮਤਿ ਆਸ਼ੇ ਦੇ ਉਲਟ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ। ਰਹੀ ਗੱਲ ਮੌਤ ਨੂੰ ਕਬੂਲ ਕਰਨ ਦੀ ਤਾਂ ਮੌਤ ਤੋਂ ਤਾਂ ਅੱਜ ਤੱਕ ਨਾ ਅਸੀਂ ਕਦੇ ਡਰੇ ਹਾਂ ਤੇ ਨਾ ਹੀ ਕਦੇ ਡਰਾਂਗੇ। ਧਰਮ ਦੀ ਰੱਖਿਆ ਕਰਨ ਖ਼ਾਤਰ ਤੇ ਜ਼ੁਲਮ ਨੂੰ ਮਿਟਾਉਣ ਲਈ, ਆਪਣੀ ਸ਼ਹਾਦਤ ਵੀ ਦੇਣੀ ਪਈ ਤਾਂ ਵੀ ਅਸੀਂ ਕਦੇ ਪਿੱਛੇ ਨਹੀਂ ਹਟਾਂਗੇ। ਗੁਰੂ ਤੇਗ ਬਹਾਦਰ ਜੀ ਪਾਸੋਂ ਇਹ ਗੱਲ ਸੁਣ ਕੇ, ਮੁਗਲ ਹਕੂਮਤ ਨੇ ਕਾਜ਼ੀ ਦੀ ਸਲਾਹ ਨਾਲ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਜੀ ਨੂੰ ਪਿੰਜਰੇ 'ਚ ਕੈਦ ਕਰ ਦਿੱਤਾ ਗਿਆ। ਪਿੰਜਰਾ ਵੀ ਇਹੋ ਜਿਹਾ, ਜਿਸ ਵਿੱਚ ਨਾ ਤਾਂ ਖੜ੍ਹਾ ਹੋਇਆ ਜਾ ਸਕਦਾ ਸੀ ਤੇ ਨਾ ਹੀ ਲੇਟਿਆ ਜਾ ਸਕਦਾ ਸੀ। ਸ਼ਹੀਦ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਜੀ ਨੂੰ ਲਾਲਚ, ਡਰ ਤੇ ਭਾਰੀ ਤਸੀਹੇ ਦਿੱਤੇ ਗਏ ਤਾਂ ਜੋ ਉਹ ਆਪਣਾ ਫੈਸਲਾ ਬਦਲ ਲੈਣ ਤੇ ਇਸਲਾਮ ਕਬੂਲ ਕਰ ਲੈਣ। ਪਰ, ਗੁਰੂ ਸਾਹਿਬ ਜੀ ਆਪਣੇ ਫ਼ੈਸਲੇ 'ਤੇ ਅਡਿੱਗ ਸਨ।ਮੁਗਲ ਹਕੂਮਤ ਵੱਲੋਂ, ਮਿਤੀ ੧੧ ਨਵੰਬਰ ਸੰਨ ੧੬੭੫ ਵਾਲੇ ਦਿਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਔਰੰਗਜ਼ੇਬ ਵੱਲੋਂ ਆਮ ਲੋਕਾਂ ਅੰਦਰ ਡਰ ਤੇ ਖ਼ੌਫ਼ ਦਾ ਮਾਹੌਲ ਪੈਦਾ ਕਰਨ ਲਈ, ਸਾਰੇ ਸ਼ਹਿਰ ਅੰਦਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਮੁਨਾਦੀ ਕਰਵਾਈ ਗਈ ਤਾਂ ਜੋ ਉਸ ਦਿਨ ਵੱਧ ਤੋਂ ਵੱਧ ਲੋਕ ਆ ਕੇ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਇਸਲਾਮ ਕਬੂਲ ਨਾ ਕਰਕੇ, ਔਰੰਗਜ਼ੇਬ ਦੀ ਗੱਲ ਨਾ ਮੰਨਣ ਦਾ ਕੀ ਹਸ਼ਰ ਹੁੰਦਾ ਹੈ। ਹੁਕਮ ਅਦੂਲੀ ਕਰਨ ਵਾਲਿਆਂ ਨੂੰ ਕਿਵੇਂ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਉਸ ਦਿਨ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ 'ਚ, ਦੇਖਣ ਵਾਲਿਆਂ ਦੀ ਭਾਰੀ ਭੀੜ ਜਮ੍ਹਾਂ ਸੀ। ਜਿਸ 'ਚ ਹਿੰਦੂ ਤੇ ਮੁਸਲਮਾਨ ਦੋਵੇਂ ਵੱਡੀ ਗਿਣਤੀ 'ਚ ਮੌਜ਼ੂਦ ਸਨ। ਗੁਰੂ ਸਾਹਿਬ ਜੀ ਨੂੰ ਭਿਆਨਕ ਮੌਤ ਦਾ ਡਰਾਵਾ ਦੇਣ ਲਈ, ਇੱਕ ਵਿਉਂਤ ਬਣਾਈ ਗਈ ਸੀ ਤੇ ਫ਼ੈਸਲਾ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਜੀ ਦੇ ਪਿਆਰੇ ਕੁੱਝ ਸਿੱਖਾਂ ਨੂੰ ਤਸੀਹੇ ਦੇ-ਦੇ ਕੇ, ਗੁਰੂ ਸਾਹਿਬ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਵੇ। ਇੰਝ ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖ ਕੇ ਡੋਲ ਜਾਣਗੇ ਤੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣਗੇ।ਮਿਤੀ ੧੧ ਨਵੰਬਰ ਸੰਨ ੧੬੭੫ ਈ. ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ, ਇੱਕ ਰੁੱਖ ਹੇਠ ਬਿਠਾ ਦਿੱਤਾ ਗਿਆ ਅਤੇ ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਲਿਆਂਦਾ ਗਿਆ। ਭਾਈ ਮਤੀ ਦਾਸ ਜੀ ਨੂੰ ਹੱਥ-ਕੜੀਆਂ ਤੇ ਬੇੜੀਆਂ ਨਾਲ ਬੰਨ੍ਹਿਆ ਹੋਇਆ ਸੀ। ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਕਿਹਾ ਕਿ ਇਸਲਾਮ ਕਬੂਲ ਕਰ ਲਓ, ਨਹੀਂ ਤਾਂ ਆਰੇ ਨਾਲ ਸਰੀਰ ਚੀਰ ਕੇ ਤੁਹਾਨੂੰ ਸ਼ਹੀਦ ਕਰ ਦਿੱਤਾ

ਜਾਵੇਗਾ। ਭਾਈ ਮਤੀ ਦਾਸ ਜੀ ਨੇ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਮਤੀ ਦਾਸ ਜੀ ਪਾਸੋਂ ਆਖ਼ਰੀ ਖਾਹਿਸ਼ ਪੁੱਛੀ ਤਾਂ ਆਪ ਜੀ ਨੇ ਕਿਹਾ ਕਿ ਜਦੋਂ ਮੇਰਾ ਸਰੀਰ ਚੀਰਿਆ ਜਾਵੇ ਤਾਂ ਮੇਰਾ ਮੁੱਖ ਮੇਰੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੇ ਮੋਟੇ-ਮੋਟੇ ਫੱਟਿਆਂ 'ਚ ਜਕੜ ਕੇ ਬੰਨ੍ਹ ਦਿੱਤਾ ਤਾਂ ਜੋ ਉਹ ਹਿਲਜੁੱਲ ਨਾ ਸੱਕਣ। ਭਾਈ ਮਤੀ ਦਾਸ ਜੀ ਦਾ ਮੁੱਖ ਗੁਰੂ ਸਾਹਿਬ ਜੀ ਵੱਲ ਕਰ ਦਿੱਤਾ ਗਿਆ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਦੇ ਸੀਸ 'ਤੇ ਆਰਾ ਰੱਖ ਕੇ ਚਲਾਉਣਾ ਸ਼ੁਰੂ ਕੀਤਾ ਤਾਂ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦੇਖਦਿਆਂ-ਦੇਖਦਿਆਂ ਹੀ ਭਾਈ ਮਤੀ ਦਾਸ ਜੀ ਦਾ ਸਰੀਰ ਦੋ-ਫਾੜ ਹੋ ਗਿਆ ਅਤੇ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਕਰਕੇ, ਆਪਣੇ ਸੁਆਸ ਤਿਆਗ ਦਿੱਤੇ। ਇਸ ਦੌਰਾਨ, ਗੁਰੂ ਸਾਹਿਬ ਜੀ ਸ਼ਾਂਤ ਚਿੱਤ ਹੋ ਕੇ ਅਡੋਲ ਬੈਠੇ ਰਹੇ।ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਇੱਕ ਹੋਰ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਦਿਆਲਾ ਜੀ ਨੇ ਵੀ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਸਾਹਿਬ ਜੀ ਨੂੰ ਉਬਲਦੇ ਪਾਣੀ ਦੀ ਦੇਗ 'ਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਹੁਣ ਵੀ ਓਸੇ ਤਰ੍ਹਾਂ ਹੀ ਸ਼ਾਂਤ ਚਿੱਤ ਤੇ ਅਡੋਲ ਬੈਠੇ ਰਹੇ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਸਤੀ ਦਾਸ ਜੀ ਦੀ ਵਾਰੀ ਆਈ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਭਰਾਤਾ ਸਨ)। ਭਾਈ ਸਤੀ ਦਾਸ ਜੀ ਨੂੰ ਵੀ ਉਹੀ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਸਤੀ ਦਾਸ ਜੀ ਨੇ ਵੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕਾਜ਼ੀ ਨੇ ਫ਼ਤਵਾ ਜਾਰੀ ਕਰ ਦਿੱਤਾ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ, ਅੱਗ ਲਾ ਦਿੱਤੀ ਜਾਵੇ ਅਤੇ ਸਤੀ ਦਾਸ ਜੀ ਨੂੰ ਜਿਉਂਦੇ ਹੀ ਸਾੜ ਕੇ ਸ਼ਹੀਦ ਕਰ ਦਿੱਤਾ ਜਾਵੇ। ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ, ਰੂੰ ਨੂੰ ਅੱਗ ਲਾ ਦਿੱਤੀ ਗਈ। ਕੁੱਝ ਹੀ ਪਲਾਂ 'ਚ, ਭਾਈ ਸਤੀ ਦਾਸ ਜੀ ਵੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਦੀ,ਆਪਣੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦੇਖ ਕੇ ਵੀ ਨਹੀਂ ਡੋਲੇ।ਇਹਨਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ, ਜਦੋਂ ਮੁਗਲ ਹਕੂਮਤ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਤਾਂ ਓਸੇ ਤਰ੍ਹਾਂ ਹੀ ਸ਼ਾਂਤ-ਚਿੱਤ ਤੇ ਅਡੋਲ ਬੈਠੇ ਹਨ ਤਾਂ ਇੱਕ ਵਾਰ ਫਿਰ ਕਾਜ਼ੀ ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਹਾਲੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਜ਼ਿੰਦਗੀ ਬਖ਼ਸ਼ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਸ ਗੁਰੂ ਕਿਆਂ ਸਿੱਖਾਂ ਅੰਦਰ ਧਰਮ ਪ੍ਰਤੀ ਇੰਨਾ ਪਿਆਰ ਤੇ ਦ੍ਰਿੜ੍ਹਤਾ ਹੈ ਕਿ ਓਹਨਾਂ ਨੇ ਆਪਣਾ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਹੈ, ਤੁਸੀਂ ਉਸ ਗੁਰੂ ਨੂੰ ਧਰਮ ਤਿਆਗਣ ਲਈ ਕਹਿ ਰਹੇ ਹੋ? ਦੂਜਾ, ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ ਤਾਂ ਗੁਰੂ ਘਰ ਅੰਦਰ ਕਰਾਮਾਤ ਦਿਖਾਉਣੀ ਕਹਿਰ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ।

ਇਹ ਗੱਲ ਸੁਣ ਕੇ,ਕਾਜ਼ੀ ਅਬਦੁੱਲ ਵਹਾਬ ਨੇ ਜ਼ੱਲਾਦ ਜ਼ਲਾਲੂਦੀਨ ਨੂੰ ਹੁਕਮ ਕਰ ਦਿੱਤਾ ਕਿ ਗੁਰੂ ਸਾਹਿਬ ਜੀ ਦਾ ਧੜ ਸੀਸ ਤੋਂ ਅਲੱਗ ਕਰਕੇ,ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇੰਝ ੧੧ ਨਵੰਬਰ ਸੰਨ ੧੬੭੫ ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ।ਇਸ ਅਦੁੱਤੀ,ਅਨੋਖੀ,ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਕੇ,ਦਿੱਲੀ 'ਚ ਹਾ-ਹਾਕਾਰ ਮੱਚ ਗਈ। ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ -

ਦੋਹਰਾ ॥

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥

ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਔਰੰਗਜ਼ੇਬ ਦਾ ਕਹਿਰ ਆਪਣੇ ਸਿਖ਼ਰ 'ਤੇ ਸੀ। ਜ਼ਾਲਮਾਂ ਨੇ ਬੜਾ ਭਾਰੀ ਜ਼ੁਲਮ ਢਾਹਿਆ ਸੀ। ਗੁਰੂ ਸਾਹਿਬ ਜੀ ਦੇ ਸਿਦਕ ਅੱਗੇ, ਜ਼ਾਲਮਾਂ ਦਾ ਜ਼ੁਲਮ ਹਾਰ ਗਿਆ ਸੀ। ਇਸ ਸਮੇਂ ਆਸਮਾਨ 'ਤੇ, ਕਾਲੇ ਤੇ ਘਣੇ ਬੱਦਲ ਛਾ ਗਏ ਸਨ। ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ ਸੀ। ਇੰਝ ਜਾਪਦਾ ਸੀ ਜਿਵੇਂ ਕਿ ਜ਼ੁਲਮ ਦੀ ਇਸ ਇੰਤਿਹਾ ਨੂੰ ਦੇਖ ਕੇ, ਧਰਤਿ ਤੇ ਅੰਬਰ ਦੋਵੇਂ ਕੰਬ ਗਏ ਹੋਣ ਤੇ ਰੋ ਰਹੇ ਹੋਣ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦੀਆਂ ਅੱਖਾਂ 'ਚ ਅੱਥਰੂ ਸਨ।

**ਗੁਰੂ ਸਾਹਿਬ ਜੀ ਦੇ ਸੀਸ ਤੇ ਸਰੀਰ ਦੀ ਸੰਭਾਲ :**

ਭਾਈ ਜੈਤਾ ਜੀ, ਦਿੱਲੀ ਦੀ ਦਿਲਵਾਲੀ ਗਲੀ 'ਚ ਰਹਿੰਦੇ ਸਨ। ਇਸੇ ਗਲੀ 'ਚ ਭਾਈ ਨਾਨੂ ਜੀ ਦਾ ਵੀ ਘਰ ਸੀ। ਜਦੋਂ ਕਾਜ਼ੀ ਨੇ ਇਹ ਫਤਵਾ ਸੁਣਾਇਆ ਕਿ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ ਤਾਂ ਭਾਈ ਨਾਨੂ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਘਰ ਆ ਗਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਆਪ ਜੀ ਦੇ ਪਾਵਨ ਸੀਸ ਤੇ ਸਰੀਰ ਦੀ ਸੰਭਾਲ ਕਿਵੇਂ ਕੀਤੀ ਜਾਵੇ?ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਭਾਈ ਜੈਤਾ ਜੀ ਨੇ ਆਪਣੇ ਜਿੰਮੇ ਲੈ ਲਈ। ਸਭਨਾਂ ਨੇ ਵਿਚਾਰ ਕਰਕੇ, ਇਹ ਵਿਉਂਤ ਬਣਾਈ ਕਿ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੂੰ ਦਿੱਤੀ ਜਾਵੇ ਕਿਉਂਕਿ ਭਾਈ ਲੱਖੀ ਸ਼ਾਹ ਜੀ ਗੁਰੂ ਘਰ ਦੇ ਸ਼ਰਧਾਲੂ ਹੋਣ ਦੇ ਨਾਲ-ਨਾਲ, ਧਨਾਢ ਵਪਾਰੀ ਵੀ ਹਨ ਤੇ

ਉਹਨਾਂ ਦਾ ਦਿੱਲੀ 'ਚ ਅਸਰ-ਰਸੂਖ ਵੀ ਬਹੁਤ ਹੈ।

**ਸੀਸ ਮਾਰਗ :**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਗੁਰੂ ਚਰਨਾਂ 'ਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ! ਆਪ ਜੀ ਦਾ ਓਟ-ਆਸਰਾ ਲੈ ਕੇ, ਆਪ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਕਰਨ ਲੱਗਾ ਹਾਂ, ਆਪ ਜੀ ਨੇ ਕਿਰਪਾ ਕਰਨੀ, ਸਹਾਈ ਹੋਣਾ ਤਾਂ ਜੋ ਇਹ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰ ਸਕਾਂ। ਅਰਦਾਸ ਕਰਕੇ, ਭਾਈ ਜੈਤਾ ਜੀ ਨੇ ਖਰਾਬ ਮੌਸਮ ਤੇ ਪਹਿਰੇਦਾਰਾਂ ਦੇ ਅਵੇਸਲੇਪਨ ਦਾ ਫ਼ਾਇਦਾ ਲੈਂਦੇ ਹੋਏ, ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਸੋਹਣੇ ਪੋਸ਼ਾਕੇ 'ਚ ਲਪੇਟ ਲਿਆ ਅਤੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ।

**ਪਹਿਲਾ ਪੜਾਅ – ਬਾਗਪਤ (ਉੱਤਰ ਪ੍ਰਦੇਸ਼):**

ਭਾਈ ਜੈਤਾ ਜੀ ਨੇ ਦਿੱਲੀ ਤੋਂ ਚੱਲ ਕੇ, ਪਹਿਲਾ ਪੜਾਅ ਬਾਗਪਤ ਕੀਤਾ। ਸਾਰੀ ਰਾਤ ਪੈਦਲ ਸਫ਼ਰ ਕਰਦੇ-ਕਰਦੇ, ਭਾਈ ਜੈਤਾ ਜੀ ਥੱਕ ਵੀ ਗਏ ਸਨ ਤੇ ਮੁਗਲ ਫੌਜ਼ਾਂ ਦਾ ਡਰ ਵੀ ਸੀ ਕਿ ਕਿਤੇ ਮੁਗਲ ਫੌਜ਼ਾਂ ਆਪ ਜੀ ਨੂੰ ਫੜ ਹੀ ਨਾ ਲੈਣ। ਭਾਈ ਜੈਤਾ ਜੀ ਬਾਗਪਤ ਵਿਖੇ ਸੂਫ਼ੀ ਫ਼ਕੀਰ, ਸ਼ੇਖ ਹਜ਼ਰਤ ਵਾਹੂਦੀਨ ਦੀ ਦਰਗਾਹ 'ਤੇ ਪਹੁੰਚੇ। ਸ਼ੇਖ ਜੀ ਨੇ ਪੁੱਛਿਆ ਕਿ ਭਾਈ ! ਤੂੰ ਕੌਣ ਹੈਂ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਸ਼ੇਖ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਾਲ-ਚਾਲ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਸਾਰਾ ਬ੍ਰਿਤਾਂਤ ਸ਼ੇਖ ਜੀ ਨੂੰ ਸੁਣਾ ਦਿੱਤਾ। ਸ਼ੇਖ ਜੀ ਨੇ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸ਼ੇਖ ਜੀ ਨੇ ਸਿਜ਼ਦਾ ਕੀਤਾ, ਸ਼ੇਖ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਭਰੇ ਮਨ ਨਾਲ ਭਾਈ ਜੈਤਾ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਸੇਵਾ ਬਹੁਤ ਵੱਡੀ ਹੈ, ਬਿਖੜਾ ਪੈਂਡਾ ਹੈ, ਸਾਰੀ ਰਾਤ ਪੈਦਲ ਸਫ਼ਰ ਕਰਨ ਕਰਕੇ, ਤੁਸੀਂ ਥੱਕ ਗਏ ਹੋਵੋਗੇ। ਕੁੱਝ ਖਾਧਾ ਪੀਤਾ ਵੀ ਨਹੀਂ ਹੋਣਾ। ਇਥੇ ਨੇੜੇ ਹੀ ਗੁਰੂ ਘਰ ਦੇ ਸ਼ਰਧਾਲੂ ਭਾਈ ਕ੍ਰਿਸ਼ਨਪਾਲ ਦਾ ਘਰ ਹੈ, ਓਥੇ ਚੱਲ ਕੇ ਪ੍ਰਸ਼ਾਦਾ ਛੱਕ ਲਓ ਤੇ ਥੋੜ੍ਹਾ ਅਰਾਮ ਕਰ ਲਓ। ਭਾਈ ਜੈਤਾ ਜੀ, ਸ਼ੇਖ ਜੀ ਦੇ ਨਾਲ ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਆ ਗਏ ਅਤੇ ਇੱਥੇ ਹੀ ਪ੍ਰਸ਼ਾਦਾ ਛੱਕਿਆ ਤੇ ਅਰਾਮ ਕੀਤਾ। ਜਿੰਨਾ ਸਮਾਂ ਭਾਈ ਜੈਤਾ ਜੀ, ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਟਿਕੇ, ਕ੍ਰਿਸ਼ਨਪਾਲ ਜੀ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਰਹੇ। ਓਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਵਹੀ ਤੁਰੇ ਜਾ ਰਹੇ ਸਨ।

### ਦੂਜਾ ਪੜਾਅ – ਤਰਾਵੜੀ (ਹਰਿਆਣਾ):

ਦਿਨ ਚੜ੍ਹੇ ਭਾਈ ਜੈਤਾ ਜੀ ਨੇ ਜੰਗਲਾਂ ਦੇ ਰਸਤੇ, ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸਾਰਾ ਦਿਨ ਕੰਡਿਆਲੇ ਰਾਹਾਂ 'ਤੇ ਤੁਰਦੇ ਰਹੇ, ਪਰ, ਸਿਦਕ ਨਹੀਂ ਹਾਰਿਆ। ਮੁਗਲ ਫ਼ੌਜਾਂ ਦਾ ਡਰ ਵੀ ਬਣਿਆ ਹੋਇਆ ਸੀ। ਹਨੇਰੇ ਪਏ ਭਾਈ ਜੈਤਾ ਜੀ ਤਰਾਵੜੀ ਪਹੁੰਚ ਗਏ। ਭਾਈ ਸਾਹਿਬ ਜੀ ਝਾੜੀਆਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਧੋਬੀ ਦੇਵਾ ਰਾਮ, ਜੋ ਕਿ ਨੇੜੇ ਹੀ ਕਪੜੇ ਧੋ ਰਿਹਾ ਸੀ, ਨੇ ਭਾਈ ਸਾਹਿਬ ਜੀ ਦੇ ਪੈਰਾਂ ਦੀ ਅਵਾਜ਼ ਸੁਣੀ। ਅਵਾਜ਼ ਸੁਣ ਕੇ ਭਾਈ ਦੇਵਾ ਰਾਮ ਨੇ ਉੱਚੇ ਜਿਹੇ ਪੁੱਛਿਆ ਕਿ ਕੌਣ ਹੈਂ ਭਾਈ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਦਿੱਲੀ ਤੋਂ ਆ ਰਿਹਾ ਹਾਂ। ਇਹ ਸੁਣ ਕੇ, ਭਾਈ ਦੇਵਾ ਰਾਮ ਨੇ ਕਿਹਾ ਕਿ ਮੈਂ ਵੀ ਗੁਰੂ ਘਰ ਦਾ ਸ਼ਰਧਾਲੂ ਹਾਂ। ਤੁਸੀਂ ਚੱਲ ਕੇ ਮੇਰੇ ਘਰ ਅਰਾਮ ਕਰੋ।

ਭਾਈ ਦੇਵਾ ਰਾਮ ਨੂੰ ਹੁਣ ਤੱਕ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਪਤਾ ਨਹੀਂ ਸੀ। ਇਹ ਗੁਰੂ ਸਾਹਿਬ ਜੀ ਦਾ ਸੁੱਖ-ਸੁਨੇਹਾ ਲੈਣ ਲਈ ਬਹੁਤ ਬਿਹਬਲ ਸੀ। ਭਾਈ ਦੇਵਾ ਰਾਮ, ਭਾਈ ਜੈਤਾ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਦਿੱਲੀ ਤੋਂ ਆ ਰਹੇ ਹੋ, ਗੁਰੂ ਸਾਹਿਬ ਜੀ ਦਾ ਕੋਈ ਸੁੱਖ -ਸੁਨੇਹਾ ਸੁਣਾਓ। ਗੁਰੂ ਸਾਹਿਬ ਜੀ ਬਾਰੇ ਕੁੱਝ ਦੱਸੋ, ਅੱਜ-ਕੱਲ੍ਹ ਕਿੱਥੇ ਬਿਰਾਜਮਾਨ ਹਨ ਤੇ ਕਿਸ ਧਰਤਿ ਨੂੰ ਭਾਗ ਲਾ ਰਹੇ ਹਨ? ਭਾਈ ਜੈਤਾ ਜੀ ਨੇ ਦਿੱਲੀ 'ਚ ਵਰਤੇ ਕਹਿਰ ਬਾਰੇ ਭਾਈ ਦੇਵਾ ਰਾਮ ਜੀ ਨੂੰ ਦੱਸਿਆ ਤਾਂ ਭਾਈ ਦੇਵਾ ਰਾਮ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ, ਮਨ ਵੈਰਾਗ 'ਚ ਆ ਗਿਆ। ਭਾਈ ਦੇਵਾ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਉੱਚੀ ਥਾਂ 'ਤੇ ਸੁਭਾਇਮਾਨ ਕੀਤਾ ਅਤੇ ਭਾਈ ਜੈਤਾ ਜੀ ਤੇ ਭਾਈ ਦੇਵਾ ਰਾਮ ਜੀ ਦਾ ਸਾਰਾ ਪਰਿਵਾਰ ਸਿਮਰਨ ਕਰਦੇ ਰਹੇ। ਭਾਈ ਜੈਤਾ ਜੀ, ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ "ਸੀਸ ਗੰਜ ਪਾਤਿਸ਼ਾਹੀ ਨੌਵੀਂ" ਸੁਭਾਇਮਾਨ ਹੈ।

### ਤੀਜਾ ਪੜਾਅ – ਅੰਬਾਲਾ (ਹਰਿਆਣਾ) :

ਤਰਾਵੜੀ ਤੋਂ ਚੱਲ ਕੇ, ਭਾਈ ਜੈਤਾ ਜੀ ਅੰਬਾਲੇ ਪਹੁੰਚ ਗਏ। ਇੱਥੇ ਭਾਈ ਜੈਤਾ ਜੀ ਨੇ ਟਾਂਗਰੀ ਨਦੀ ਦੇ ਕਿਨਾਰੇ ਟਿਕਾਣਾ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਪਾਵਨ ਸੀਸ, ਸਤਿਕਾਰ ਸਹਿਤ ਇੱਕ ਜੰਡ ਦੇ ਰੁੱਖ ਹੇਠ ਬਿਰਾਜਮਾਨ ਕਰ ਦਿੱਤਾ। ਆਸ-ਪਾਸ ਪੁੱਛਣ 'ਤੇ ਪਤਾ ਲੱਗਾ ਕਿ ਕੈਂਥ ਮਾਜਰੀ ਮਹੱਲੇ 'ਚ ਭਾਈ ਰਾਮਦੇਵਾ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਭਾਈ ਜੈਤਾ ਜੀ, ਗੁਰੂ ਸਾਹਿਬ ਜੀ ਦਾ ਸੀਸ ਆਪਣੇ ਸਿਰ 'ਤੇ ਰੱਖ ਕੇ, ਭਾਈ ਰਾਮਦੇਵਾ ਜੀ ਦੇ ਘਰ ਪਹੁੰਚ ਗਏ ਅਤੇ ਦਿੱਲੀ 'ਚ ਵਰਤੇ ਕਹਿਰ ਬਾਰੇ ਦੱਸਿਆ। ਇਹ ਸਾਰਾ ਬ੍ਰਿਤਾਂਤ ਸੁਣ ਕੇ, ਭਾਈ ਰਾਮਦੇਵਾ ਜੀ ਦੀਆਂ ਭੁੱਬਾਂ ਨਿਕਲ ਗਈਆਂ, ਉਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ। ਭਾਈ ਜੈਤਾ ਜੀ ਨੇ ਇਹ ਥਾਂ ਸੁਰੱਖਿਅਤ ਜਾਣ ਕੇ, ਰਾਤ ਇੱਥੇ ਹੀ ਟਿਕਾਣਾ ਕਰਨ ਦਾ ਫੈਸਲਾ ਕੀਤਾ। ਭਾਈ ਰਾਮਦੇਵਾ ਜੀ ਪਾਠ ਕਰਦੇ ਰਹੇ ਤੇ ਨਾਲ ਹੀ ਪਹਿਰਾ

ਦਿੰਦੇ ਰਹੇ। ਭਾਈ ਜੈਤਾ ਜੀ ਨੇ ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਇਸ ਅਸਥਾਨ 'ਤੇ, ਸੁੰਦਰ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ,ਅੰਬਾਲਾ ਸ਼ਹਿਰ ਤੋਂ ਲਗਭਗ ਅੱਧੇ ਕਿਲੋਮੀਟਰ ਦੀ ਵਿੱਥ 'ਤੇ ਹੈ।

**ਚੌਥਾ ਪੜਾਅ – ਨਾਭਾ ਸਾਹਿਬ (ਪੰਜਾਬ) :**

ਅੰਬਾਲੇ ਤੋਂ ਚੱਲ ਕੇ, ਭਾਈ ਜੈਤਾ ਜੀ ਰਾਜਪੁਰਾ-ਜ਼ੀਰਕਪੁਰ ਵਾਲੀ ਸੜਕ 'ਤੇ ਆ ਗਏ। ਇਸ ਇਲਾਕੇ 'ਚ, ਬਹੁਤ ਵੱਡਾ ਤੇ ਸੰਘਣਾ ਜੰਗਲ ਸੀ। ਇਹ ਸਾਰਾ ਇਲਾਕਾ ਮੁਸਲਮਾਨਾਂ ਦਾ ਹੁੰਦਾ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਸਤਿਕਾਰ ਨੂੰ ਧਿਆਨ 'ਚ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਰਾਤ ਸਮੇਂ ਕਿਸੇ ਸੁਰੱਖਿਅਤ ਅਸਥਾਨ 'ਤੇ ਟਿਕਾਣਾ ਕਰਨਾ ਚਾਹੁੰਦੇ ਸਨ। ਭਾਈ ਜੈਤਾ ਜੀ ਨੂੰ ਇਸ ਸੰਘਣੇ ਜੰਗਲ 'ਚ, ਇੱਕ ਕੁਟੀਆ ਦਿਖਾਈ ਦਿੱਤੀ। ਭਾਈ ਜੈਤਾ ਜੀ ਇਸ ਕੁਟੀਆ 'ਚ ਪਹੁੰਚੇ ਤਾਂ ਪਤਾ ਲੱਗਾ ਕਿ ਇਹ ਕੁਟੀਆ ਦਰਗਾਹੀ ਸ਼ਾਹ ਫਕੀਰ ਦੀ ਹੈ ਜੋ ਕਿ ਗੁਰੂ ਘਰ ਦਾ ਸ਼ਰਧਾਲੂ ਹੈ। ਇਸ ਫਕੀਰ ਨੇ ਭਾਈ ਜੈਤਾ ਜੀ ਨੂੰ, ਇਸ ਜੰਗਲ 'ਚ ਆਉਣ ਦਾ ਕਾਰਨ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਪੀਰ ਜੀ ਦੇ ਨੈਣ ਭਰ ਆਏ। ਓਹਨਾਂ ਨੇ ਭਾਈ ਜੈਤਾ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਤੁਸੀ ਪੈਦਲ ਚੱਲਣ ਕਾਰਨ ਬਹੁਤ ਥੱਕ ਗਏ ਹੋਵੋਗੇ, ਪੈਂਡਾ ਬਹੁਤ ਲੰਮਾ ਹੈ, ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦਾ ਸੀਸ ਮੈਨੂੰ ਦੇ ਦਿਓ ਤੇ ਤੁਸੀਂ ਇਸ਼ਨਾਨ ਕਰਕੇ, ਪ੍ਰਸ਼ਾਦਾ ਛੱਕ ਕੇ, ਅਰਾਮ ਕਰ ਲਓ, ਸੀਸ ਦੀ ਰਾਖੀ ਮੈਂ ਆਪ ਕਰਾਂਗਾ। ਮੇਰੇ ਧੰਨ ਭਾਗ ਹਨ, ਜਿਸ ਦੀ ਕੁਟੀਆ 'ਚ ਗੁਰੂ ਸਾਹਿਬ ਜੀ ਦਾ ਸੀਸ ਪਹੁੰਚਿਆ ਹੈ। ਪੀਰ ਜੀ ਨੇ ਆਪਣੀ ਕੁਟੀਆ 'ਚ ਹੀ ਮਿੱਟੀ ਦਾ ਉੱਚਾ ਥੜ੍ਹਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ, ਬਹੁਤ ਪਿਆਰ ਤੇ ਸਤਿਕਾਰ ਸਹਿਤ ਇਸ ਥੜ੍ਹੇ 'ਤੇ ਸੁਭਾਇਮਾਨ ਕਰ ਦਿੱਤਾ। ਪੀਰ ਜੀ ਸਾਰੀ ਰਾਤ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਹੋਏ, ਰੱਬੀ ਰੰਗ 'ਚ ਰੱਤੇ ਤੇ ਭਿੱਜੇ ਰਹੇ। ਅੰਮ੍ਰਿਤ ਵੇਲੇ ਭਾਈ ਜੈਤਾ ਜੀ ਉੱਠੇ, ਇਸ਼ਨਾਨ ਕਰਕੇ ਤੇ ਪ੍ਰਸ਼ਾਦਾ ਛੱਕ ਕੇ, ਪੀਰ ਜੀ ਪਾਸੋਂ ਖ਼ੁਸ਼ੀਆਂ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਪਾਵਨ ਅਸਥਾਨ 'ਤੇ ਸੁੰਦਰ ਗੁਰਦੁਆਰਾ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦੱਸਵੀਂ ਸੁਭਾਇਮਾਨ ਹੈ।

**ਪੰਜਵਾਂ ਪੜਾਅ – ਕੀਰਤਪੁਰ ਸਾਹਿਬ (ਪੰਜਾਬ) :**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਆਉਣ ਦੀ ਖ਼ਬਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਈ ਸੀ। ਗੁਰੂ ਗੋਬਿੰਦ ਰਾਇ (ਸਿੰਘ) ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਰਾ ਪਰਿਵਾਰ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ, ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਲਈ, ਪਹਿਲਾਂ ਹੀ ਕੀਰਤਪੁਰ ਸਾਹਿਬ ਪਹੁੰਚ ਗਈਆਂ ਸਨ। ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ ਤਾਂ

ਸਾਰਿਆਂ ਦੇ ਹਿਰਦਿਆਂ 'ਚ ਵੈਰਾਗ ਸੀ ਤੇ ਅੱਖਾਂ ਨਮ ਸਨ। ਬਹੁਤ ਭਾਵੁਕ ਦ੍ਰਿਸ਼ ਸੀ। ਗੁਰੂ ਗੋਬਿੰਦ ਰਾਇ ਜੀ ਨੇ ਅਗਾਂਹ ਵੱਧ ਕੇ, ਆਪਣੇ ਸ਼ਹੀਦ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਆਪਣੇ ਹੱਥਾਂ 'ਚ ਲੈ ਲਿਆ। ਇਸ ਸਮੇਂ ਗੁਰੂ ਗੋਬਿੰਦ ਰਾਇ ਜੀ ਦੀ ਉਮਰ ੯ ਸਾਲ ਦੀ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸੀਸ ਨੂੰ ਉੱਚੀ ਥਾਂ 'ਤੇ ਬਿਰਾਜਮਾਨ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ।ਗੁਰੂ ਗੋਬਿੰਦ ਰਾਇ ਜੀ ਨੇ ਭਾਈ ਜੈਤਾ ਜੀ ਦੀ ਹਿੰਮਤ, ਹੌਂਸਲੇ, ਬਹਾਦਰੀ ਅਤੇ ਗੁਰੂ ਘਰ ਪ੍ਰਤੀ ਪਿਆਰ, ਸ਼ਰਧਾ-ਭਾਵਨਾ ਤੇ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਅਸੀਸਾਂ ਦਿੱਤੀਆਂ ਅਤੇ "ਰੰਘਰੇਟਾ - ਗੁਰੂ ਕਾ ਬੇਟਾ" ਕਹਿ ਕੇ ਨਿਵਾਜ਼ਿਆ। ਭਾਈ ਜੈਤਾ ਜੀ, ਸੰਨ ੧੬੯੯ 'ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਭਾਈ ਜੀਵਨ ਸਿੰਘ ਬਣੇ ਅਤੇ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

**ਆਖ਼ਰੀ ਪੜਾਅ – ਸ੍ਰੀ ਅਨੰਦਪੁਰ ਸਾਹਿਬ (ਪੰਜਾਬ) :**

ਗੁਰੂ ਸਾਹਿਬ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਪਾਲਕੀ 'ਚ ਸਜਾਇਆ ਗਿਆ ਅਤੇ ਸ਼ਬਦ ਕੀਰਤਨ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸੀਸ ਦਾ ਮਰਿਆਦਾ ਅਨੁਸਾਰ, ਪੂਰਨ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਸਸਕਾਰ ਕਰਨ ਤੋਂ ਬਾਅਦ, ਗੁਰੂ ਗੋਬਿੰਦ ਰਾਇ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਰਮਾਤਮਾ ਦੀ ਰਜ਼ਾ 'ਚ ਰਹਿਣਾ ਹੈ ਤੇ ਉਸ ਅਕਾਲ ਪੁਰਖੁ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਨਾਲ ਹੀ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜ਼ੁਲਮ ਦੇ ਖਿਲਾਫ ਇੱਕ-ਜੁੱਟ ਹੋ ਕੇ, ਟਾਕਰਾ ਕਰਨ ਹਿੱਤ ਤਿਆਰ ਹੋਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜ਼ੁਲਮ ਖਤਮ ਕਰਨ ਲਈ, ਸ਼ਕਤੀ ਦੀ ਵਰਤੋਂ ਕੀਤੀ ਜਾਵੇ।

**ਧੜ (ਸਰੀਰ) ਦਾ ਸਸਕਾਰ :**

ਇਧਰ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੇ ਕੀਤੀ। ਜਿਸ ਦਿਨ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਦਿਨ ਭਾਈ ਲੱਖੀ ਸ਼ਾਹ ਜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਕਾਫ਼ਲਾ), ਜਿਸ ਵਿੱਚ ਚੂਨਾ ਲੱਦਿਆ ਹੋਇਆ ਸੀ, ਸਹਿਤ ਨਾਰਨੌਲ (ਹਰਿਆਣਾ) ਤੋਂ ਦਿੱਲੀ ਪਹੁੰਚੇ ਸਨ। ਭਾਈ ਲੱਖੀ ਸ਼ਾਹ ਜੀ ਨੇ ਆਪਣੀਆਂ ਬੈਲ ਗੱਡੀਆਂ ਲਿਆ ਕੇ, ਚਾਂਦਨੀ ਚੌਂਕ ਖੜ੍ਹੀਆਂ ਕਰ ਦਿੱਤੀਆਂ ਅਤੇ ਮੌਕਾ ਦੇਖ ਕੇ, ਮੁਗਲ ਹਕੂਮਤ ਦੀ ਪਰਵਾਹ ਕੀਤੇ ਬਿਨਾਂ, ਆਪਣੇ ਪੁੱਤਰ ਭਾਈ ਨਗਾਹੀਆ ਜੀ ਤੇ ਹੋਰ ਸਿੱਖਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਦਾ ਧੜ (ਸਰੀਰ) ਆਪਣੇ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਗਏ। ਘਰ ਅੰਦਰ ਹੀ ਚਿਖ਼ਾ ਤਿਆਰ ਕੀਤੀ ਅਤੇ ਗੁਰੂ ਸਾਹਿਬ ਜੀ ਦੀ

ਪਾਵਨ ਦੇਹ ਨੂੰ ਚਿਖ਼ਾ 'ਤੇ ਰੱਖ ਕੇ, ਘਰ ਨੂੰ ਹੀ ਅੱਗ ਲਾ ਦਿੱਤੀ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨੇ ਹੋਵੇ। ਦਿੱਲੀ ਵਿਖੇ,ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਰਕਾਬਗੰਜ ਸਾਹਿਬ ਸੁਭਾਇਮਾਨ ਹੈ।

**ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਤ ਕੁੱਝ ਮਹੱਤਵਪੂਰਨ ਨੁਕਤੇ ਹੇਠ ਲਿੱਖੇ ਅਨੁਸਾਰ ਹਨ** (ੳ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਆਪ ਜੰਞੂ ਪਹਿਨਦੇ ਸਨ ਤੇ ਨਾ ਹੀ ਜੰਞੂ ਪਹਿਨਣ ਦੇ ਹਾਮੀ ਸਨ। ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲਾਂ ਹੀ ਕਪਾਹ ਦੇ ਬਣੇ ਜੰਞੂ ਪਹਿਨਣ ਤੋਂ ਇੰਨਕਾਰ ਕਰ ਦਿੱਤਾ ਸੀ। ਫਿਰ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੰਞੂ ਦੀ ਰੱਖਿਆ ਖ਼ਾਤਰ, ਆਪਣੀ ਸ਼ਹਾਦਤ ਦੇ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

(ਅ) ਗੁਰੂ ਸਾਹਿਬ ਜੀ ਕਿਸੇ ਫ਼ਿਰਕੇ ਜਾਂ ਧਰਮ ਦੇ ਖ਼ਿਲਾਫ਼ ਨਹੀਂ ਸਨ। ਓਹਨਾਂ ਦਿਨਾਂ 'ਚ, ਮੁਗਲ ਹਕੂਮਤ ਬਹੁਤ ਜ਼ਾਲਮ ਸੀ ਤੇ ਹਿੰਦੂਆਂ 'ਤੇ ਜ਼ੁਲਮ ਕਰ ਰਹੀ ਸੀ। ਜਿਸ ਕਾਰਨ ਗੁਰੂ ਸਾਹਿਬ ਜੀ ਨੇ ਹਿੰਦੂਆਂ ਦੀ ਬਾਂਹ ਫੜੀ ਤੇ ਹਿੰਦੂਆਂ ਦੀ ਰੱਖਿਆ ਲਈ, ਮੁਗਲ ਹਕੂਮਤ ਨਾਲ ਟਾਕਰਾ ਕੀਤਾ ਤੇ ਆਪਣੀ ਸ਼ਹਾਦਤ ਦਿੱਤੀ। ਉਸ ਸਮੇਂ ਜੇ ਕੋਈ ਹੋਰ ਜ਼ਾਲਮ ਹਕੂਮਤ, ਜ਼ੁਲਮ ਕਰ ਰਹੀ ਹੁੰਦੀ ਤਾਂ ਗੁਰੂ ਸਾਹਿਬ ਜੀ ਉਸ ਜ਼ਾਲਮ ਹਕੂਮਤ ਨਾਲ ਵੀ ਇਸੇ ਤਰ੍ਹਾਂ ਹੀ ਟਾਕਰਾ ਕਰਦੇ ਤੇ ਪੀੜਤਾਂ ਦੀ ਰੱਖਿਆ ਕਰਦੇ। ਗੁਰੂ ਸਾਹਿਬਾਨ ਜੀ ਦਾ ਫ਼ਲਸਫ਼ਾ ਹੀ ਇਹੋ ਹੈ ਕਿ ਜ਼ਾਲਮ ਦੇ ਜ਼ੁਲਮਾਂ ਨਾਲ ਟਾਕਰਾ ਕਰਨਾ ਹੈ ਤੇ ਪੀੜਤਾਂ ਦੀ ਬਾਂਹ ਫੜ ਕੇ, ਓਹਨਾਂ ਦੀ ਰੱਖਿਆ ਕਰਨੀ ਹੈ।

(ੲ) ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦੋਂ ਮਕਤੂਲ (ਸ਼ਹਾਦਤ ਦੇਣ ਵਾਲਾ), ਆਪਣੀ ਸ਼ਹਾਦਤ ਦੇਣ ਲਈ, ਆਪ ਚੱਲ ਕੇ ਕਾਤਲ ਕੋਲ ਗਿਆ ਸੀ। ਦੁਨੀਆ ਦੇ ਇਤਿਹਾਸ 'ਚ ਇਹੋ ਜਿਹੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਲਾਲਾ ਦੌਲਤ ਰਾਇ ਨੇ ਲਿੱਖਿਆ ਹੈ,''ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ,ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ। ਐਸਾ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਲਟੀ ਗੰਗਾ ਬਹਾ ਦੀ।"ਇੰਞ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ "ਧਰਮ ਦੀ ਚਾਦਰ" ਕਿਹਾ ਜਾਂਦਾ ਹੈ

# ਅਧਿਆਤਮਕ ਵਿਕਾਸ ਵਿਚ ਸੇਵਾ ਦਾ ਸਥਾਨ

## (ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਸੰਦਰਭ ਵਿਚ)

ਸਤਵਿੰਦਰ ਕੌਰ

ਦਿੱਲੀ ਯੂਨੀਵਰਸਿਟੀ,ਦਿੱਲੀ

ਪੰਜਾਬੀ ਵਿਭਾਗ (ਪੀਐਚ.ਡੀ. ਖੋਜਾਰਥੀ)

ਈਮੇਲ: satvinderk2@gmail.com

ਸੰਪਰਕ ਨੰਬਰ: 78272-35001

ਸੇਵਾ ਦੇ ਸੰਕਲਪ ਦਾ ਗੁਰਮਤਿ ਦੇ ਬੁਨਿਆਦੀ ਸੰਕਲਪਾਂ ਵਿਚ ਵਿਸ਼ੇਸ਼ ਮਹਤੱਵ ਹੈ। ਇਸ ਸੰਕਲਪ ਦੇ ਸਿਧਾਂਤਕ ਪੱਖ ਦਾ ਵੀ ਉਨ੍ਹਾਂ ਹੀ ਮਹਤੱਵ ਹੈ, ਜਿੰਨ੍ਹਾਂ ਇਸ ਦੇ ਵਿਵਹਾਰਿਕ ਪੱਖ ਦਾ ਹੈ।ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਉਪਦੇਸ਼ ਵਿਚ ਇਸਨੂੰ ਸਦਗੁਣ ਦੇ ਰੂਪ ਵਿਚ ਪ੍ਰਵਾਨ ਕਰਦਿਆਂ ਮਨੁੱਖੀ ਜ਼ਿੰਦਗੀ ਦੇ ਕੇਂਦਰੀ ਥੰਮ ਵਜੋਂ ਇਸ ਦੀ ਸਥਾਪਨਾ ਕੀਤੀ ਗਈ ਹੈ । ਸਿੱਖ ਇਤਿਹਾਸਿਕ ਪ੍ਰਸੰਗ ਵਿਚ ਸੇਵਾ ਦੀ ਐਨੀ ਮਹਾਨਤਾ ਹੈ ਕਿ ਲਹਿਣੇ ਤੋਂ ਅੰਗਦ ਹੋਣ ਦੇ ਸਫ਼ਰ ਦਾ ਮਾਧਿਅਮ ਸੇਵਾ ਹੀ ਬਣਿਆ ਅਤੇ ਇਸ ਤਰ੍ਹਾਂ 'ਅਮਰੂ ਨਿਥਾਵੇ ਤੋਂ ਨਿਥਾਵਿਆ ਦੇ ਥਾਂ' ਬਣਨ ਵਿਚ ਸੇਵਾ ਨੇ ਹੀ ਮੁੱਖ ਭੂਮਿਕਾ ਨਿਭਾਈ ।

ਸਮਾਜਕ ਜੀਵਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਹੈ ਕਿ ਸੇਵਾ ਉੱਦਮਤਾ ਦਾ ਰਾਹ ਖੋਲ੍ਹਦੀ ਹੈ । ਇਹ ਉੱਚ ਆਚਰਣ ਦਾ ਅਧਾਰ ਬਣਦੀ ਹੈ , ਸੇਵਾ ਹੀ ਨਿਮਰਤਾ ਤਕ ਲੈ ਕੇ ਜਾਂਦੀ ਹੈ ,ਇਸੇ ਤੋਂ ਹੀ ਸਮਰਪਣ ਦੀ ਭਾਵਨਾ ਉਜਾਗਰ ਹੁੰਦੀ ਹੈ । ਇਹ ਸਾਰੇ ਗੁਣ ਸੇਵਾ ਦੇ ਮਾਧਿਅਮ ਰਾਹੀਂ ਜਦੋਂ ਮਨੁੱਖੀ ਜੀਵਨ ਦਾ ਅੰਗ ਬਣ ਜਾਂਦੇ ਹਨ ਤਾਂ ਮਨੁੱਖ ਵਿਚ ਪ੍ਰਮਾਤਮਾ ਵਾਲੇ ਉੱਤਮ ਗੁਣ ਪੈਦਾ ਹੋ ਜਾਂਦੇ ਹਨ ,ਉਹ ਸਮੁੱਚੀ ਕਾਇਨਾਤ ਨੂੰ ਇਕ ਅਕਾਲ ਪੁਰਖ ਦੀ ਜਾਣ ਕੇ ਉਸ ਦਾ ਸਤਿਕਾਰ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਨਿਰਭਉ ਨਿਰਵੈਰੀ ਕੀਮਤਾਂ ਦਾ ਮਾਲਕ ਬਣ ਸੇਵਾ ਤੋਂ ਸਿਮਰਨ ਅਤੇ ਸਿਮਰਨ ਤੋਂ ਸ਼ਹਾਦਤ ਤਕ ਦੇ ਰਾਹ ਨੂੰ ਬਿਨਾ ਭੈਅ ਪਾਰ ਕਰ ਪ੍ਰਮਾਤਮਾ ਨੂੰ ਅੰਗੀਕਾਰ ਹੋ ਜਾਂਦਾ ਹੈ।

ਖੋਜ ਪਰਚੇ ਦੇ ਸਿਰਲੇਖ ਨੂੰ ਡੂੰਘਾਈ ਨਾਲ ਵਾਚਿਆ ਜਾਵੇ ਤਾਂ ਇਸ ਵਿਚ ਸ਼ਾਮਿਲ ਦੋ ਸ਼ਬਦ 'ਅਧਿਆਤਮਕਤਾ' ਅਤੇ 'ਸੇਵਾ' ਆਪਣੇ ਆਪ ਵਿਚ ਬਹੁਤ ਹੀ ਸਥੂਲ ਸ਼ਬਦ ਹਨ। ਜਿਨ੍ਹਾਂ ਦੇ ਸ਼ਾਬਦਿਕ ਅਰਥ ਨੂੰ ਤਾਂ ਅਸੀਂ ਸਤਹੀ ਪੱਧਰ 'ਤੇ ਵਾਚ ਸਕਦੇ ਹਾਂ, ਪਰ ਗੌਣ ਅਰਥਾਂ ਤੀਕ ਪਹੁੰਚ ਕਰਨ ਲਈ ਇਸ ਦੀ ਡੂੰਘਾਈ ਤੀਕ ਪੁੱਜਣਾ ਲਾਜ਼ਮੀ ਹੈ। ਜਿੱਥੇ ਇਕ ਬੰਨ੍ਹੇ 'ਅਧਿਆਤਮਕ' ਸ਼ਬਦ ਮਨੁੱਖੀ ਦੇਹ ਦੀ

ਅੰਦਰੂਨੀ ਅਵਸਥਾ ਨਾਲ ਸੰਬੰਧਿਤ ਹੈ ਉੱਥੇ ਦੂਜੇ ਬੰਨ੍ਹੇ 'ਸੇਵਾ' ਸ਼ਬਦ ਆਪਣੇ ਆਪ ਵਿਚ ਵਿਸ਼ਾਲ ਅਰਥਾਂ ਦਾ ਧਾਰਣੀ ਹੈ। ਸੇਵਾ ਨੂੰ ਦੋ ਸ਼੍ਰੇਣੀ ਵਿਚ ਵੰਡਿਆ ਗਿਆ ਹੈ ; ਬਾਹਰਲੀ ਸੇਵਾ ਅਤੇ ਅੰਦਰਲੀ ਸੇਵਾ । ਬਾਹਰਲੀ ਸੇਵਾ ਦੇ ਅੰਤਰਗਤ ਤਨ ਅਤੇ ਧਨ ਦੀ ਸੇਵਾ ਆਉਂਦੀ ਹੈ। ਸੇਵਾ ਕਰਨ ਨਾਲ ਸੇਵਕ ਦੀ ਆਪਣੇ ਸਤਿਗੁਰੂ ਪ੍ਰਤਿ ਭਾਵਨਾਤਮਕ ਸਾਂਝ ਵਧਦੀ ਹੈ, ਅਤੇ ਉਸਦਾ ਪਿਆਰ ਦ੍ਰਿੜ ਹੁੰਦਾ ਹੈ ।ਇੰਝ ਬਾਹਰਲੀ ਸੇਵਾ ਪਹਿਲੀ ਪੌੜੀ ਹੈ ।ਜਿਸ ਤੇ ਚੜ੍ਹ ਕੇ ਸਿੱਖ ਅੰਦਰਲੀ ਸੇਵਾ(ਮਨ ਅਤੇ ਸੁਰਤਿ) ਕਰਨ ਦੇ ਸਮਰੱਥ ਬਣ ਜਾਂਦਾ ਹੈ । ਇਸੇ ਕਰਕੇ ਇਨ੍ਹਾਂ ਦੇ ਅਰਥਾਂ ਨੂੰ ਬਹੁਪੱਖੀ ਅਤੇ ਬਹੁਪਰਤੀ ਕਿਹਾ ਜਾ ਸਕਦਾ ਹੈ।

ਸਿੱਖ ਧਰਮ ਵਿਚ ਆਦਰਸ਼ ਸਿੱਖ ਦਾ ਮਨੋਰਥ ਨਿਸ਼ਕਾਮ ਸੇਵਕ ਬਣਨਾ ਹੈ । ਇਸੇ ਤਰ੍ਹਾਂ ਸਿੱਖੀ ਦੇ ਇਤਿਹਾਸ ਅੰਦਰ ਥਾਂ-ਥਾਂ 'ਤੇ ਸੇਵਕ ਨੂੰ ਇਕ ਖ਼ਾਸ ਸਥਾਨ ਪ੍ਰਾਪਤ ਹੋਇਆ ਹੈ। ਗੁਰੂਆਂ ਦੁਆਰਾ ਰਚਿਤ ਬਾਣੀ ਵਿਚ ਵੀ ਸੇਵਕ ਨੂੰ ਉੱਚੀ ਪਦਵੀ ਨਾਲ ਨਿਵਾਜ਼ਿਆ ਗਿਆ ਹੈ। ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਗੁਰਗੱਦੀ ਦਾ ਉੱਤਰ-ਅਧਿਕਾਰੀ ਨਿਯੁਕਤ ਕਰਨ ਲੱਗਿਆ ਸੇਵਾ ਦੇ ਨਾਲ-ਨਾਲ ਵਿਚਾਰਧਾਰਕ ਸੂਝ ,ਮੋਹ-ਮਾਇਆ ਦਾ ਤਿਆਗ ,ਸਮੁੱਚੀ ਮਾਨਵਜਾਤੀ ਦੇ ਕਲਿਆਣ ਦੀ ਕਾਮਨਾ ਆਦਿ ਅਨੇਕ ਸੰਕਲਪ ,ਗੁਰੂ ਸਾਹਿਬਾਨ ਦੇ ਦ੍ਰਿਸ਼ਟੀ ਵਿਚ ਰਹਿੰਦੇ ਸਨ ।ਗੁਰੂ ਅਮਰਦਾਸ ਜੀ ਨੇ ਸਿੱਖੀ ਮਿਸ਼ਨ ਨੂੰ ਅੱਗੇ ਤੋਰਨ ਲਈ ਜਦੋਂ ਆਪਣੇ ਉਤਰਾਧਿਕਾਰੀ ਦੀ ਚੋਣ ਕੀਤੀ ਤਾਂ ਉਸ ਵੇਲੇ ਵੀ ਸੇਵਕ ਸਿੱਖ ਦੀ ਨਿਸ਼ਕਾਮ ਸੇਵਾ ਨੂੰ ਹੀ ਮੁੱਖ ਰੱਖਦਿਆਂ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਗਈ। ਸੇਵਾ ਦੀ ਅਧਿਆਤਮਕ ਵਿਕਾਸ ਵਿਚ ਕੀ ਭੂਮਿਕਾ ਹੈ ਇਸੇ ਕਰਕੇ ਉੱਥੇ ਤੀਕ ਪੁੱਜਣ ਲਈ 'ਅਧਿਆਤਮਕਤਾ' ਬਾਰੇ ਜਾਨਣਾ ਲਾਜ਼ਮੀ ਹੈ।

## ਅਧਿਆਤਮਕਤਾ ਕੀ ਹੈ ?

"Spirituality is a state of mind being with its true self, the spirit within us, the atma/soul or Parmatma/god who pervades the entire universe"[17]


ਸਾਧਾਰਣ ਸ਼ਬਦਾਂ ਵਿਚ ਗੱਲ ਕਰੀਏ ਤਾਂ ਮਨੁੱਖ ਆਪਣੇ ਮਨ ਨੂੰ ਕਾਬੂ ਕਰ ,ਦੁਨਿਆਵੀ ਮਾਇਆ ਤੋਂ ਮੁਕਤੀ ਗ੍ਰਹਿਣ ਕਰਦਾ ਹੈ, ਝੂਠੀ ਹਉਮੈ ਮਾਰ ਕੇ ਸੱਚ, ਗਿਆਨ ਦੇ ਰਾਹ ਤੇ ਤੁਰਦਾ ਹੈ। ਉਸ ਵੇਲੇ ਮਨੁੱਖੀ ਮਨ ਸਹਿਜ ਅਵਸਥਾ ਤੀਕ ਪਹੁੰਚਣ ਦੇ ਕਾਬਿਲ ਹੁੰਦਾ ਹੈ। ਫਲਸਰੂਪ , ਮਨੁੱਖੀ ਸ਼ਖਸੀਅਤ ਅੰਦਰ

[17] Rabinder Singh Bhamra , Sikhism and Spirituality , 2015

ਅਧਿਆਤਮਕ ਵਿਕਾਸ ਦੀ ਝਲਕ ਵੇਖਣ ਨੂੰ ਮਿਲਦੀ ਹੈ। ਜਿਸ ਦੀ ਨਿਸ਼ਾਨਦੇਹੀ ਪੁਰਾਤਨ ਗ੍ਰੰਥਾਂ ਵਿਚ ਰਚਿਤ ਸੇਵਾ ਦੇ ਸੰਕਲਪ ਰਾਹੀਂ ਕੀਤੀ ਗਈ ਹੈ।




| | | |
|---|---|---|
| ਹਉਮੈ | ਦਾ | ਨਾਸ਼ |
| ਵਿਕਾਰਾਂ | ਦਾ | ਨਾਸ਼ |
| ਇੰਦਰੀਆਂ | ਨੂੰ | ਕਾਬੂ |
| ਗਿਆਨ | ਦਾ | ਪ੍ਰਕਾਸ਼ |
| ਸਵੈ | ਦੀ | ਪਛਾਣ |
| ਸੱਚ | ਦਾ | ਰਾਹ |




ਉਪਰੋਕਤ ਕੀਤੀ ਚਰਚਾ ਵਿਚ 'ਅਧਿਆਤਮਕਤਾ' ਅਤੇ 'ਅਧਿਆਤਮਕ ਵਿਕਾਸ' ਤੋਂ ਇਹ ਗੱਲ ਤਾਂ ਸਪਸ਼ਟ ਹੈ ਕਿ ਮਨੁੱਖ ਦਾ ਅਧਿਆਤਮਕ ਵਿਕਾਸ ਪ੍ਰਤੱਖ ਰੂਪ ਤੋਂ ਮਨੁੱਖੀ ਮਨ ਨਾਲ ਸੰਬੰਧਿਤ ਹੈ। ਮਨੁੱਖੀ ਮਨ ਨਾਲ ਸੰਬੰਧਿਤ ਮਨੋਵਿਗਿਆਨਕ ਸਿਧਾਂਤ ਪੱਛਮ ਵੱਲੋਂ ਉਪਜਿਆ ਸਿਧਾਂਤ ਹੈ, ਜੋ ਕਿ ਵੀਹਵੀਂ ਸਦੀ ਵਿਚ ਹੋਂਦ ਗ੍ਰਹਿਣ ਕਰਦਾ ਹੈ। ਪਰ ਪੂਰਬ ਵਲ ਨਜ਼ਰ ਮਾਰੀਏ ਤਾਂ ਵੇਦਾਂ ,ਉਪਨਿਸ਼ਦਾਂ, ਬੁੱਧ ਦਰਸ਼ਨ ਅਤੇ ਗੁਰਬਾਣੀ ਵਿਚ ਮਨੁੱਖੀ ਮਨ ਦਾ ਜ਼ਿਕਰ ਪਹਿਲਾਂ ਤੋਂ ਹੀ ਦਰਜ ਮਿਲਦਾ ਹੈ। ਜੇਕਰ 'ਮਨ' ਤੋਂ ਹੀ ਗੱਲ ਆਰੰਭ ਕੀਤੀ ਜਾਵੇ ਤਾਂ :-

- **ਮਨ**

ਮਨ ਦੀ ਅਵਸਥਾ ਨੂੰ ਕਾਬੂ ਕਰਨਾ ਮਨੁੱਖੀ ਦੇਹ ਦੀ ਪੰਜੇ ਇੰਦਰੀਆਂ ਨੂੰ ਕਾਬੂ ਕਰਨ ਦੇ ਸਮਾਨ ਹੈ। ਇਹ ਤੱਥ ਸਰਬ ਪ੍ਰਮਾਣਿਤ ਹੈ ਕਿ ਮਨ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ; ਚੇਤਨ (CONSCIOUS), ਅਰਧ ਚੇਤਨ (SUB CONSCIOUS), ਅਚੇਤਨ

(UNCONSCIOUS) । ਅਚੇਤਨ ਮਨ ਵਿਚ ਸਥਾਪਿਤ ਮੱਨੁਖ ਦੇ ਡਰ, ਸੁਆਰਥੀ ਲੋੜਾਂ, ਅਨੈਤਿਕ ਵਿਵਹਾਰ, ਹਿੰਸਾ ਆਦਿ ਦਾ ਨਾਸ਼ ਕੇਵਲ ਚੇਤਨ ਤੌਰ ’ਤੇ ਕੀਤੀ ਸੇਵਾ ਰਾਹੀਂ ਹੀ ਸੰਭਵ ਹੈ। ਜਿਸ ਰਾਹੀਂ ਸਾਡੇ ਚੇਤਨ ਮਨ ਵਿਚ ਪੈਦਾ ਹੁੰਦੇ ਵਿਚਾਰ ,ਧਾਰਨਾਵਾਂ ਤੋਂ ਚੰਗੇ ਰਾਹਾਂ ਦੀ ਸੇਧ ਹਾਸਿਲ ਕਰ ਕੇ ਮਨੁੱਖੀ ਵਿਵਹਾਰ ਨੂੰ ਪ੍ਰਫੁਲਿੱਤ ਕਰਣ ਵਿਚ ਮਦਦ ਹਾਸਿਲ ਕਰ ਸਕਣ। ਗੁਰਬਾਣੀ ਵਿਚ ਮਨ ਨੂੰ ਸਦਾ ਹੀ ਸਤਿਗੁਰੂ ਦੇ ਭਾਣੇ ਵਿਚ ਵਹਿਣ ਦਾ ਸੁਨੇਹਾ ਦਰਜ ਹੈ :

**ਮਨ ਮੇਰੇ ਸਤਿਗੁਰੂ ਕੇ ਭਾਣੈ ਚਲੁ ॥ (ਅੰਗ 37)**

**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ (ਅੰਗ 87)**

ਮਨ ਦੀ ਸੇਵਾ ਲਈ ਪਹਿਲੀ ਸ਼ਰਤ ਹੈ ਕਿ ਮਨੁੱਖ ਦਾ ਮਨ ਮਾਇਆ-ਮੁਕਤ ਸਰੂਪ ਵਾਲਾ ਹੋਵੇ । ਗੁਰੂ ਸਾਹਿਬ ਨੇ ਮਨ ਨੂੰ ਬੱਚੇ ਵਾਂਗ ਚੰਚਲ ਕਿਹਾ ਹੈ ਜਿਹੜਾ ਕਦੇ ਟਿਕਕੇ ਨਹੀਂ ਬੈਠਦਾ ।ਇਹ ਮਨ ਦਾ ਸੁਭਾਅ ਹੈ ਕਿ ਹਰ ਵੇਲੇ ਭਟਕਣ ਵਿਚ ਰਹਿੰਦਾ ਹੈ :

**ਕਾਂਇਆ ਨਗਰਿ ਇਕੁ ਬਾਲਕੁ ਵਸਿਆ**

**ਖਿਨੁ ਪਲੁ ਥਿਰੁ ਨ ਰਹਾਈ**

**ਅਨਿਕ ਉਪਾਵ ਜਤਨ ਕਰਿ ਥਾਕੇ**

**ਬਾਰੰ ਬਾਰ ਭਰਮਾਈ ॥ (ਅੰਗ 1191)**

ਇਸ ਲਈ ਸੇਵਾ ਕਰਨ ਸਮੇਂ ਮਨ ਦੀ ਇਸ ਚੰਚਲਤਾ ਨੂੰ ਕਿਸੇ ਇਕ ਕੇਂਦਰੀ ਬਿੰਦੂ ਉਤੇ ਟਿਕਾਉਣਾ ਲਾਜ਼ਮੀ ਹੈ ਅਰਥਾਤ ਸੇਵਾ ਕਰਦੇ ਸਮੇਂ ਸੇਵਕ ਦੇ ਮਨ ਦੀਆਂ ਚਿੱਤ ਬਿਰਤੀਆਂ ਦੇ ਇਕਾਗਰ ਹੋਣ ਦੀ ਲੋੜ ਹੈ,ਨਹੀਂ ਤਾਂ ਉਸ ਸੇਵਾ ਵਿਚ ਕਚਿਆਈ ਰਹਿ ਜਾਵੇਗੀ । ਇਸੇ ਤਰਾਂ ਸਤਿਗੁਰੂ ਦੇ ਹੁਕਮ ਵਿਚ ਰਹਿ ਕੇ ਹੀ ਗੁਰਮੁੱਖ ਮਨੁੱਖ ਸਤਿਗੁਰੂ ਦੇ ਸ਼ਬਦ ਰਾਹੀਂ ਕਸਵੱਟੀ ਲਾ ਕੇ ਭਾਵ ਪਰਖ ਕਰ ਕੇ ਆਪਣੇ ਮਨ ਨੂੰ ਮਾਰ ਲੈਂਦਾ ਹੈ ਜਾਂ ਮਾਇਆ ਦੇ ਮੋਹ ਨੂੰ ਰੋਕ ਲੈਂਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਮਨ ਦੀ ਅਚੇਤਨ ਅਵਸਥਾ ਉਹ ਅਵਸਥਾ ਹੈ ਜਿਸ ਵਿਚ ਜੀਵ ਦੁਨਿਆਵੀ ਵਿਕਾਰਾਂ ਨੂੰ ਆਪਣੇ ਅੰਦਰ ਸਮੋਏ ਹੁੰਦੇ ਹਨ ਜਿਸ ਦਾ ਵਿਨਾਸ਼ ‘ਸੇਵਾ’ ਰਾਹੀਂ ਹੀ ਸੰਭਵ ਹੈ, ਚੇਤਨ ਅਵਸਥਾ ਨੂੰ ਸਹਿਜ ਕਰਨਾ ਹੀ ਸੇਵਾ ਦਾ ਅਸਲ ਉਦੇਸ਼ ਹੈ ਜੋ ਕਿ ਅਧਿਆਤਮਕ ਵਿਕਾਸ ਦਾ ਮੁਖ ਤੱਤ ਹੈ।

➢ **ਗਿਆਨ**

ਜਿਹੜਾ ਵਿਅਕਤੀ ਦੂਜੇ ਸੇਵਕਾਂ ਦੀਆਂ ਬਾਹਰਲੀਆਂ ਕਿਰਿਆਵਾਂ ਦੀ ਕੇਵਲ ਨਕਲ ਮਾਤਰ ਕਰਦਾ ਹੈ ਅਤੇ ਸੇਵਾ ਕਰਨ ਵੇਲੇ ਜਿਸ ਪ੍ਰਕਾਰ ਦੀ ਮਾਨਸਿਕ ਸਥਿਤੀ ਦੀ ਲੋੜ ਹੁੰਦੀ ਹੈ ,ਉਸ ਤੋਂ ਵਿਹੂਣਾ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ,ਉਸ ਨੂੰ ਸੇਵਾ ਦੀ ਸਾਰਥਕਤਾ ਅਤੇ ਮਹਾਨਤਾ ਬਾਰੇ ਪੂਰੀ ਸੋਝੀ ਨਹੀਂ ਹੁੰਦੀ।

**ਦੇਖ ਦੇਖੀ ਸਭ ਕਰੇ**

**ਮਨਮੁਖਿ ਬੂਝ ਨ ਪਾਇ**

**ਜਿਨ ਗੁਰਮੁਖਿ ਹਿਰਦਾ ਸੁਧੁ ਹੈ**

**ਸੇਵ ਪਾਇ ਤਿਨ ਖਾਇ (ਅੰਗ 28)**

ਮਨ ਨੂੰ ਕਾਬੂ ਕਰਨ ਉਪਰੰਤ ਅਸਲ ਗਿਆਨ/ਪ੍ਰਕਾਸ਼ ਦਾ ਆਭਾਸ ਹੋਣਾ ਵੀ ਸੱਚੀ ਸੇਵਾ ਦੀ ਇਕ ਲੜੀ ਵੱਜੋਂ ਕਾਰਜਗਾਤ ਹੈ ਜਿਸ ਬਾਰੇ ਗੁਰੂ ਅਮਰਦਾਸ ਜੀ ਪਾਵਨ ਬਾਣੀ ਵਿਚ ਰਚਦੇ ਹਨ :-

**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (ਅੰਗ 88)**

ਜਦੋਂ ਤਕ ਹਿਰਦੇ ਵਿਚ ਸੱਚਾ ਚਾਨਣ ਨਹੀਂ ਹੁੰਦਾ, ਉਹ ਜੀਵ ਸੰਸਾਰ ਵਿਚ ਜਿਉਂਦਾ ਦਿਸਦਾ ਵੀ ਮੋਇਆ ਦੀ ਗਿਣਤੀ ਵਿਚ ਸ਼ਾਮਿਲ ਹੈ। ਮਨੁੱਖ ਵਲੋਂ ਕੀਤੀ ਤਨ ਅਤੇ ਧਨ ਦੀ ਸੇਵਾ ਵਿਅਰਥ ਹੈ ਜਦੋਂ ਤੀਕ ਮਨ ਵਿਚ ਅਸਲ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ। ਇਸੇ ਤੱਤ ਨੂੰ ਅੱਗੇ ਤੋਰਦੇ ਹੋਏ ਗੁਰੂ ਰਾਮਦਾਸ ਜੀ ਵੀ ਆਪਣੀ ਬਾਣੀ ਵਿਚ ਰਚਦੇ ਹਨ :-

**ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ (ਅੰਗ 78)**

ਭਾਵ ਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ ਰੂਪ ਤੇਜ ਜਗਮਗ ਹੋ ਉਠਦਾ ਹੈ, ਜਦੋਂ ਸਾਡੇ ਅੰਦਰੋਂ ਬੇ-ਸਮਝੀ ਦਾ ਹਨੇਰਾ ਦੂਰ ਹੁੰਦਾ ਹੈ। ਮਨੁੱਖ ਨੂੰ ਸੰਸਾਰ ਵਿਚ ਵਿਚਰਦੇ ਹਰੇਕ ਕਾਰਜ ਤੋਂ ਪ੍ਰਾਪਤ ਗਿਆਨ ਦਾ ਆਭਾਸ ਹੋਣਾ ਲਾਜ਼ਮੀ ਹੈ ਤਾਂ ਹੀ ਉਸ ਅੰਦਰ ਗਿਆਨ ਦਾ ਪ੍ਰਕਾਸ਼ਮਾਨ ਹੋਣਾ ਸੰਭਵ ਹੈ। ਉਪਰੋਕਤ ਤੁਕਾਂ ਵਿਚ ਆਤਮ/ਸਵੈ ਨਾਲ ਇਕਮਿਕਤਾ ਦੇ ਨੁਕਤੇ ਨੂੰ ਤਵੱਜੋ ਦਿਤੀ ਗਈ ਹੈ, ਪਰ ਦੁਨੀਆ ਵਿਚ ਸੇਵਾ ਦਾ ਸੰਦਰਭ ਬਾਹਰੀ ਦੁਨੀਆ ਨੂੰ ਪ੍ਰਭਾਵਿਤ ਕਰਨ ਵੱਲ ਪ੍ਰੇਰਿਤ ਹੈ। ਜੋ ਕਿ ਅਸਲ ਮਾਇਨੇ ਵਿਚ ਸੇਵਾ ਦੀ ਪਰਿਭਾਸ਼ਾ ਦੇ ਕੇਂਦਰ ਬਿੰਦੂ ਤੋਂ ਪਰੇ ਹੈ। ਇਸੇ ਕਰਕੇ ਮਨੁੱਖ ਤਨ ਅਤੇ ਧਨ ਰਾਹੀਂ ਤਾਂ ਸੇਵਾ ਵਿਚ ਲੀਨ ਹੁੰਦਾ ਹੈ, ਪਰ ਮਨ ਅਤੇ ਸੁਰਤਿ ਦੇ ਪੱਧਰ ’ਤੋਂ ਸੇਵਾ ਦੇ ਅਸਲ ਸੰਕਲਪ ਤੋਂ ਕੋਹਾਂ ਦੂਰ ਹੈ।

## ➢ ਸਵੈ ਦੀ ਪਛਾਣ

ਪ੍ਰਮਾਤਮਾ ਦਾ ਨਾਮ ਪ੍ਰਾਪਤ ਕਰਨ ਲਈ ਆਤਮਕ ਉੱਨਤੀ ਹੋਣੀ ਲਾਜ਼ਮੀ ਹੈ, ਪਰ ਇਸ ਦੀ ਭਾਲ ਜੀਵ ਪਦਾਰਥਕ ਕਾਰਜਾਂ ਵਿਚੋਂ ਭਾਲਦੇ ਹਨ। ਪੱਛਮੀ ਚਿੰਤਕ ਡਾ. ਯੁੰਗ ਵਲੋ ਦੱਸੇ ਪੰਜ ਤਰ੍ਹਾਂ ਦੇ ਆਦਿਮ ਪ੍ਰਤਿਰੂਪ ਵਿਚੋਂ ਇਕ ਪ੍ਰਤਿਰੂਪ 'ਆਤਮ' (SELF) ਵਿਚ ਵੀ ਇਸੇ ਗਲ 'ਤੇ ਜ਼ੋਰ ਦਿੱਤਾ ਗਿਆ ਹੈ । ਜਿਸ ਵਿਚ 'ਆਤਮ' ਪ੍ਰਤਿਰੂਪ ਰਾਹੀਂ ਹੀ ਮਨੁੱਖ ਸੰਪੂਰਨ ਹੋਣ ਦੇ ਰਾਹੇ ਪੈਂਦਾ ਹੈ। ਜਿਸ ਬਾਰੇ ਕਾਰਲ ਜੁੰਗ ਲਿਖਦਾ ਹੈ Self as "The totality of a person's being"[18],"Central force guiding our development while maintaining our personal identity"[19], "Self might equally well be called 'the god within us "[20].

ਜਿਸ ਬਾਬਤ ਗੁਰੂ ਅਮਰਦਾਸ ਜੀ ਬਾਣੀ ਵਿਚ ਪਹਿਲਾਂ ਹੀ ਰਚਦੇ ਹਨ :

**ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ (ਅੰਗ 33)**

ਬਾਣੀ ਵਿਚ ਅਸਲ ਫੋਕਸ ਸਵੈ ਨੂੰ ਪਛਾਨਣ ਤੇ ਕੀਤਾ ਗਿਆ ਹੈ ਸਵੈ ਨੂੰ ਪਛਾਣ ਕੇ ਹੀ ਮਨੁੱਖ ਨੂੰ ਸੰਪੂਰਣਤਾ ਦੀ ਸੋਝੀ ਹੁੰਦੀ ਹੈ। ਇਸੇ ਕਰਕੇ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਸਾਹਿਬ ਜੀ ਬਾਣੀ ਵਿਚ ਉਚਾਰਦੇ ਹਨ :-

**ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥ (ਅੰਗ 542)**

ਭਾਵ ਉਹੀ ਮਨੁੱਖ ਸਰਬ-ਵਿਆਪਕ ਪਰਮਾਤਮਾ ਨਾਲ ਇਕ-ਮਿਕਤਾ ਕਰਦਾ ਹੈ, ਜੋ ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਨਾਮ ਵਿਚ ਲੀਨਤਾ ਹਾਸਲ ਕਰਨ ਦੇ ਯੋਗ ਹੁੰਦਾ ਹੈ। 'ਆਤਮ' ਪ੍ਰਤਿਰੂਪ ਮਨੁੱਖ ਦੇ ਚੇਤਨ ਅਤੇ ਅਚੇਤਨ ਅਵਸਥਾ ਦਾ ਇਕੱਤਰ ਹੋਣਾ ਹੈ ਜੋ ਕਿ ਅਧਿਆਤਮਕ ਵਿਕਾਸ ਦਾ ਕੇਂਦਰੀ ਤੱਤ ਹੈ।ਸਮੁੱਚੀ ਗੁਰਬਾਣੀ ਦਾ ਸੰਦੇਸ਼ ਵਿਸ਼ਵਵਿਆਪੀ ਅਤੇ ਸਮਾਨਤਾਵਾਦੀ ਹੈ। ਗੁਰਬਾਣੀ ਦੀ ਅਧਿਆਤਮਿਕਤਾ ਅੰਦਰੋਂ ਜਾਗਣਾ ਅਤੇ ਜਾਗਰੂਕ ਹੋਣ 'ਤੇ ਕੇਂਦਰਿਤ ਹੈ । ਮਨੁੱਖ ਵਿਚ ਅਸਲ ਅਧਿਆਤਮਿਕਤਾ ਦਾ ਪ੍ਰਕਾਸ਼ ਤਾਂ ਹੀ ਸੰਭਵ ਹੈ ਜਦੋਂ ਮਨੁੱਖ ਸੇਵਾ ਦੇ ਰਾਹੇ ਪੈ ਕੇ ਆਪਣੇ ਸਵੈ ਤਕ ਪੁੱਜਣ ਵਿਚ ਸਫਲ ਹੁੰਦਾ ਹੈ। ਭਾਵ ਆਪਣੇ ਮਨ ਨੂੰ ਰੁਸ਼ਨਾਉਂਣਾ ਹੀ ਸੇਵਾ ਦੇ ਸਫਲ ਹੋਣ ਦਾ ਉਦੇਸ਼

[18] Carl jung, G. jung speaking: Interviews and encounters, Page 414.
[19] Gary bobroff, Knowledge in a nutshell: Carl Jung, Page 102.
[20] Carl Jung, C. G. Collected works, vol 7, Page 238.

ਹੈ।

**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (ਅੰਗ 353)**

ਮਨੁੱਖੀ ਮਾਨਸਿਕਤਾ ਵਿਚ ਦੋ ਪ੍ਰਕਾਰ ਦੇ ਅਚੇਤਨ ਮਨ ਨਿਵਾਸ ਕਰਦੇ ਹਨ, ਇਕ ਸਮੂਹਿਕ ਅਚੇਤਨ (Collective Unconscious) ਜੋ ਸਮਾਜ ਰਾਹੀਂ ਉਤਪੰਨ ਹੁੰਦਾ ਹੈ ਦੂਜਾ ਵਿਅਕਤੀਗਤ ਅਚੇਤਨ (Individual Unconscious) ਜੋ ਮਨੁੱਖ ਦੇ ਨਿਜੀ ਵਿਚਾਰਾਂ/ਧਾਰਨਾਵਾਂ ਤੋਂ ਉਤਪੰਨ ਹੁੰਦਾ ਹੈ। ਜਿਸ ਨੂੰ ਅਸੀਂ ਆਪਣੇ ਵਿਸ਼ੇ ਦੇ ਸੰਦਰਭ ਵਿਚ ਇੰਝ ਵੀ ਕਹਿ ਸਕਦੇ ਹਾਂ ਕਿ ਮਨੁੱਖ ਦੇ ਸਮੂਹਿਕ ਅਚੇਤਨ ਮਨ ਵਿਚ ਸੇਵਾ ਦਾ ਸੰਕਲਪ ਮੁੱਢ ਤੋਂ ਹੀ ਸਥਾਪਿਤ ਹੈ, ਪਰ ਸੇਵਾ ਰਾਹੀਂ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ ਕਿਵੇਂ ਕਰਨਾ ਹੈ ਇਹ ਮਨੁੱਖ ਦੇ ਵਿਅਕਤੀਗਤ ਅਚੇਤਨ ਦੇ ਵਿਕਾਸ ’ਤੇ ਨਿਰਭਰ ਕਰਦਾ ਹੈ।ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸੇਵਾ ਸਥੂਲ ਜਗਤ ਵਿਚ ਮਾਨਵ ਦੁਵਾਰਾ ਮਾਨਵ ਲਈ ਸੁਵਾਰਥ ਰਹਿਤ ਹੋ ਕੇ ਕੀਤਾ ਗਿਆ ਸ਼ੁਭ ਕਾਰਜ ਹੈ, ਜਿਸ ਦੀਆਂ ਸੀਮਾਵਾਂ ਪਦਾਰਥਕ ਸੰਸਾਰ ਤੋਂ ਸ਼ੁਰੂ ਹੋ ਕੇ ਨੈਤਿਕ ਅਤੇ ਅਧਿਆਤਮਕ ਸੰਸਾਰ ਤਕ ਫੈਲੀਆਂ ਹੋਇਆ ਹਨ ।

ਸੋ, ਉਪਰੋਕਤ ਵਿਚਾਰ ਚਰਚਾ ਤੋਂ ਪ੍ਰਤੱਖ ਰੂਪ ਵਿਚ ਇਹ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਵੱਲੋਂ ਦੱਸਿਆ ਸੇਵਾ ਦਾ ਸੰਕਲਪ ਅਸਲ ਵਿਚ ਮਨੁੱਖੀ ਵਿਕਾਰਾਂ ਦਾ ਨਾਸ਼ ਕਰ ਆਪਣੀ ਸੁੱਚੀ ਦੇਹ ਨੂੰ ਪ੍ਰਗਟ ਕਰਨਾ ਹੈ, ਪਰ ਸਮਕਾਲੀ ਯੁੱਗ ਦੀ ਗੱਲ ਕਰੀਏ ਤਾਂ ਸੇਵਾ ਦਾ ਭਾਵ ਕਿਸੇ ਹੋਰ ਸੰਦਰਭਾਂ ਵਿਚ ਹੀ ਵਰਤਿਆ ਜਾ ਰਿਹਾ ਹੈ। ਅਸਲ ਸੇਵਾ ਦਾ ਸੰਕਲਪ ਉਹ ਹੈ ਜਿਸ ਵਿਚ ਅੰਦਰੂਨੀ ਅਧਿਆਤਮਕਤਾ ਦਾ ਵਿਕਾਸ ਹੋਵੇ, ਜਿਸ ਵਿਚ ਹਉਮੈ, ਵਿਕਾਰਾਂ, ਪਾਖੰਡਾ ਦਾ ਨਾਸ਼, ਰੱਬ ਨਾਲ ਇਕਮਿਕਤਾ, ਨਿਮਰਤਾ ,ਸਬਰ ,ਸੰਤੋਖ ,ਸਾਦਗੀ ਨੂੰ ਜੀਵਨ ਵਿਚ ਕਬੂਲ ਕੀਤਾ ਜਾਵੇ। ਪਰ ਸਮਕਾਲੀ ਯੁੱਗ ਵਿਚ ਸੇਵਾ ਦੇ ਮਾਇਨੇ ਬਦਲ ਗਏ ਹਨ। ਜਿਸ ਤੋਂ ਅਸੀਂ ਸਭ ਚੰਗੇ ਤੌਰ ’ਤੇ ਜਾਣੂ ਹਾਂ, ਪਰ ਹੁਣ ਇਹ ਮਨੁੱਖੀ ਸ਼ਖ਼ਸੀਅਤ ’ਤੇ ਨਿਰਭਰ ਕਰਦਾ ਹੈ ਕਿ ਸੇਵਾ ਦੇ ਸੰਕਲਪ ਨੂੰ ਅਸੀਂ ਦੁਨਿਆਵੀ ਪੱਧਰ ਤੇ ਕਬੂਲ ਕਰਨਾ ਜਾਂ ਮਾਨਸਿਕ ਪੱਧਰ ’ਤੇ।

# ਭਗਤ ਰਵਿਦਾਸ ਜੀ ਦੀ ਬਾਣੀ : ਮਨੋਵਿਗਿਆਨਕ ਅਧਿਐਨ

ਸਤਵਿੰਦਰ ਕੌਰ

ਦਿੱਲੀ ਯੂਨੀਵਰਸਿਟੀ,ਦਿੱਲੀ

ਪੰਜਾਬੀ ਵਿਭਾਗ (ਪੀਐਚ.ਡੀ. ਖੋਜਾਰਥੀ)

ਈਮੇਲ: satvinderk2@gmail.com

ਸੰਪਰਕ ਨੰਬਰ: 78272-35001

ਭਗਤ ਰਵਿਦਾਸ ਜੀ ਦੀ ਬਾਣੀ ਨੂੰ ਜਦੋ ਅਸੀਂ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਆਪਣੇ ਖੋਜ ਕਾਰਜ ਦਾ ਆਧਾਰ ਬਣਾਉਂਦੇ ਹਾਂ, ਤਾਂ ਸਭ ਤੋਂ ਪਹਿਲਾਂ ਕੁਝ ਪ੍ਰਸ਼ਨ ਜੋ ਸਾਡੇ ਜ਼ਿਹਨ ਵਿੱਚ ਆਉਂਦੇ ਹਨ ਕਿ ਰਵਿਦਾਸ ਜੀ ਦੀ ਬਾਣੀ ਵਿੱਚ ਮਨੋਵਿਗਿਆਨ ਕਿਵੇਂ ਉਭਰਦਾ ਹੈ ? ਦੂਜਾ, ਭਗਤ ਰਵਿਦਾਸ ਜੀ ਦੀ ਬਾਣੀ ਨੂੰ ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਉਂ ਵਾਚਣਾ ਚਾਹੀਦਾ ਹੈ ? ਇਹਨਾਂ ਪ੍ਰਸ਼ਨਾਂ ਦੇ ਹੱਲ ਪੂਰਨ ਰੂਪ ਵਿੱਚ ਲੱਭਣ ਲਈ ਉਸ ਵੇਲੇ ਦੀ ਸਮਾਜਕ ਅਤੇ ਧਾਰਮਿਕ ਪ੍ਰਸਥਿਤੀਆਂ ਬਾਰੇ ਸਰਸਰੀ ਨਜ਼ਰ ਮਾਰ ਲੈਣੀ ਜ਼ਰੂਰੀ ਹੈ। ਅਸਲ ਵਿੱਚ ਮੱਧਕਾਲੀ ਭਗਤਾਂ ਨੂੰ ਪ੍ਰੇਰਣਾ ਦੇਣ ਵਿੱਚ ਉਸ ਵੇਲੇ ਦੇ ਧਾਰਮਿਕ ਵਾਤਾਵਰਣ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਕੁਕਰਮ ,ਪਖੰਡ, ਫੋਕੇ ਦਿਖਾਵੇ ਅਤੇ ਬਾਹਰਮੁਖੀ ਕਰਮਕਾਂਡ ਨਾ ਕੇਵਲ ਭੋਲੀ-ਭਾਲੀ ਮਨੁੱਖਤਾ ਨੂੰ ਗੁੰਮਰਾਹ ਕਰ ਰਹੇ ਸਨ, ਸਗੋਂ ਅਧਰਮ ਨੂੰ ਸਥਾਪਿਤ ਕਰਨ ਵਿੱਚ ਵੀ ਯੋਗਦਾਨ ਦੇ ਰਹੇ ਸਨ । ਭਗਤ ਪਰੰਪਰਾਂ ਦੇ ਯੁੱਗ ਵਿੱਚ ਧਾਰਮਿਕ ਗਿਰਾਵਟ ਆਪਣੇ ਜ਼ੋਰ ਤੇ ਪਹੁੰਚ ਚੁੱਕੀ ਸੀ,ਜਿਸ ਦਾ ਹਵਾਲਾ ਇਸ ਸ਼ਬਦ ਤੋਂ ਲਾਇਆ ਜਾ ਸਕਦਾ ਹੈ:-

ਦੇਵ ਸੰਸੈ ਗਾਂਠਿ ਨ ਛੂਟੈ॥

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥1॥

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥2॥[1]

ਇੰਝ ਮੱਧਕਾਲੀਨ ਉੱਤਰ ਭਾਰਤ ਵਿੱਚ ਪੈਦਾ ਹੋਣ ਅਤੇ ਵਿਚਰਨ ਵਾਲੇ ਭਗਤਾਂ ਨੇ ਆਪਣੇ ਸਮੇਂ ਦੀ ਧਾਰਮਿਕ ਅਵਸਥਾ ਨੂੰ ਧਿਆਨ ਰੱਖਦਿਆਂ ਆਪਣੀ ਰਚਨਾ ਵਿੱਚ ਇਸ ਦੇ ਸਹੀ ਸਰੂਪ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ।

ਮੱਧਕਾਲੀਨ ਭਾਰਤ ਵਿੱਚ ਮੁੱਖ ਰੂਪ ਵਿੱਚ ਦੋ ਧਰਮ ਹਿੰਦੂ ਅਤੇ ਇਸਲਾਮ ਧਰਮ ਪ੍ਰਚਲਿਤ ਸਨ। ਉਸ ਵੇਲੇ ਦਾ ਸਭ ਤੋਂ ਵੱਡਾ ਦੁਖਾਂਤ ਇਹੀ ਸੀ ਕਿ ਸਮਾਜ ਨੂੰ ਰਾਮ ਅਤੇ ਰਹੀਮ-ਕਰੀਮ ਦੇ ਆਧਾਰ ਤੇ

ਵੰਡਿਆ ਜਾ ਰਿਹਾ ਸੀ ,ਪਰੰਤੂ ਭਗਤਾਂ ਦੀ ਖੂਬੀ ਇਹ ਸੀ ਕਿ ਵੱਖ-ਵੱਖ ਧਰਮਾਂ ਦੇ ਹੋਣ ਦੇ ਬਾਵਜੂਦ ਭਗਤ ਜਨ ਕਿਸੇ ਵੀ ਮਜ਼ਹਬੀ ਝਗੜੇ ਵਿੱਚ ਨਹੀਂ ਪਏ। ਭਗਤ ਰਵਿਦਾਸ ਜੀ ਅਨੁਸਾਰ ਪਰਮਾਤਮਾ ਹੀ ਗਰੀਬ ਨਿਵਾਜ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥[2]

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਧਾਰਮਿਕ ਪਰਿਪੇਖ ਦੇ ਅੰਤਰਗਤ ਗੁਰੂ ਦੇ ਸੰਕਲਪ ਦੀ ਚਰਚਾ ਕਰਦੇ ਹੋਏ ,ਅਸੀਂ ਕਹਿ ਸਕਦੇ ਹਾਂ ਕਿ ਭਗਤ ਰਵਿਦਾਸ ਜੀ ਇੱਕ ਕਰਮਸ਼ੀਲ ਯੋਗੀ ਅਤੇ ਮਹਾਂਗਿਆਨੀ ਸਨ । ਜਿਨ੍ਹਾਂ ਦਾ ਸਾਧਨਾ ਵਿੱਚ ਭਰੋਸਾ, ਪ੍ਰਭੂ ਪਿਆਰ , ਨਾਮ ਸਿਮਰਨ ਅਤੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਸੀ ।ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਮਨੋਵਿਗਿਆਨ ਕਿਵੇਂ ਉਭਰਦਾ ਹੈ ਇਸ ਪ੍ਰਸ਼ਨ ਦੇ ਜਵਾਬ ਤੱਕ ਪਹੁੰਚ ਕਰਨ ਤੋਂ ਪਹਿਲਾਂ ਮਨੋਵਿਗਿਆਨ ਬਾਰੇ ਸੰਖੇਪ ਵਿੱਚ ਗਿਆਨ ਹੋਣਾ ਲਾਜ਼ਮੀ ਹੈ । ਅਸਲ ਵਿੱਚ ਮਨੋਵਿਗਿਆਨ ਦਾ ਵਿਸ਼ਾ ਕ੍ਰਿਆਤਮਕ ਹੈ,ਕਿਉਂਕਿ ਮਨ ਇੱਕ ਪਦਾਰਥ ਨਹੀਂ ਪ੍ਰਕਿਰਿਆ ਹੈ। ਜਿਸ ਵਿੱਚ ਧਿਆਨ ਕਰਨਾ(Attending), ਯਾਦ ਕਰਨਾ(Remembering), ਚਿੰਤਨ ਕਰਨਾ (Thinking), ਭੁੱਲਣਾ(Forgetting), ਸਿੱਖਣਾ(Learning), ਕਲਪਨਾ ਕਰਨਾ(Imagining) ਆਦਿ ਕ੍ਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਮਨੁੱਖ ਤੇ ਉਸਦੇ ਸੁਭਾਅ ਨੂੰ ਨਿਯੰਤਰਿਤ ਕਰਨਾ ਸਭ ਤੋਂ ਔਖਾ ਕੰਮ ਹੈ । ਇਸ ਦਾ ਅਧਿਐਨ ਬੇਹੱਦ ਕਠਿਨ ਹੈ । ਜੇ ਕਿਸੇ ਪੱਖ ਨੂੰ ਚੰਗੀ ਤਰ੍ਹਾਂ ਸਮਝ ਕੇ ਉਸ ਦੀਆਂ ਭਾਵੀ ਘਟਨਾਵਾਂ ਨੂੰ ਨਿਰਧਾਰਿਤ ਕੀਤਾ ਜਾ ਸਕੇ ਤਾਂ ਉਸ ਨੂੰ ਕਾਬੂ ਕਰਨ ਦਾ ਵੀ ਪ੍ਰਯੋਗ ਕੀਤਾ ਜਾ ਸਕਦਾ ਹੈ। ਇਹ ਜਾਨਣ ਲਈ ਉਨ੍ਹਾਂ ਕਾਰਨਾਂ ਨੂੰ ਜਾਨਣਾ ਜਰੂਰੀ ਹੁੰਦਾ ਹੈ। ਜਿਸ ਤੋਂ ਘਟਨਾ ਪੈਦਾ ਹੁੰਦੀ ਹੈ ਉਸ ਕਾਰਨ ਨੂੰ ਦੂਰ ਕਰਕੇ ਹੀ ਨਿਯੰਤਰਣ ਸੰਭਵ ਹੋ ਸਕਦਾ ਹੈ । ਜਿਵੇਂ ਕਿ ਅਸੀਂ ਰਵਿਦਾਸ ਜੀ ਦੀ ਬਾਣੀ ਵਿੱਚ ਮਨੋਵਿਗਿਆਨਕ ਤੱਤ ਲੱਭਣ ਤੋਂ ਪਹਿਲਾਂ ਉਨ੍ਹਾਂ ਦੀ ਸਮਾਜਕ ਪਰਸਥਿਤੀਆਂ ਤੋਂ ਜਾਣੂ ਹੋਏ ।

ਇਸੇ ਗੱਲ ਨੂੰ ਅਸੀਂ ਭਗਤ ਰਵਿਦਾਸ ਜੀ ਦੀ ਬਾਣੀ ਦੇ ਪਰਿਪੇਖ ਵਿੱਚ ਵਿਚਾਰਦੇ ਹਾਂ । ਜੋ ਕਿ ਇਸ ਪ੍ਰਕਾਰ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

ਕਨਕ ਕਟਿਕ ਜਲ ਤਰੰਗ ਜੈਸਾ ॥[3]

ਭਗਤ ਰਵਿਦਾਸ ਜੀ ਉਪਰੋਕਤ ਸ਼ਬਦ ਰਾਹੀਂ ਬ੍ਰਹਮ ਅਤੇ ਜੀਵ ਦੀ ਅਭੇਦਤਾ ਨੂੰ ਦੱਸ ਕੇ ਕੇਵਲ ਸੋਨੇ ਅਤੇ ਸੋਨੇ ਤੋਂ ਬਣੇ ਗਹਿਣੇ ਜਾਂ ਪਾਣੀ ਅਤੇ ਪਾਣੀ ਦੀ ਲਹਿਰਾ ਸਮਾਨ ਅੰਤਰ ਦੱਸਦੇ ਹਨ । ਇੱਥੇ ਰਵਿਦਾਸ ਜੀ ਸਮਾਜ ਦੀ ਅਵਸਥਾ ਤੋਂ ਭਲੀ ਭਾਂਤੀ ਚੇਤਨ (Conscious) ਹਨ , ਇਸੇ ਕਰਕੇ ਉਹ ਸਮਾਜ ਦੀ ਜਾਤ ਵੰਡ ਨੂੰ ਨਕਾਰਦੇ ਹੋਏ ,ਜੀਵਾਤਮਾ ਤੇ ਪਰਮਾਤਮਾ ਦੇ ਆਤਮੀਕਰਣ

(Identification) ਦੀ ਗੱਲ ਕਰਦੇ ਹਨ। ਜਿੱਥੇ ਭਗਤ ਰਵਿਦਾਸ ਜੀ ਦੇ ਅਚੇਤਨ ਵਿੱਚ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਪਾਖੰਡ,ਅਨੈਤਿਕਤਾ ਸਭ ਨਿਵਾਸ ਕਰਦੇ ਹਨ ,ਪਰੰਤੂ ਰਵਿਦਾਸ ਜੀ ਉਹਨਾਂ ਸੱਭ ਕੁਕਰਮਾਂ ਨੂੰ ਨਕਾਰਦੇ ਹੋਏ ਲੋਕਿਕਤਾ ਤੋਂ ਪਾਰਲੋਕਿਕਤਾ ਵੱਲ ਦਾ ਸਫ਼ਰ ਤੈਅ ਕਰਦੇ ਹਨ । ਰਵਿਦਾਸ ਜੀ ਕਿਸੇ ਵੀ ਥਾਂ ਤੇ ਸਮਾਜਕ ਪ੍ਰਸਥਿਤੀਆਂ ਤੋਂ ਕੁੰਠਿਤ(Frustrated) ਹੁੰਦੇ ਨਜ਼ਰ ਨਹੀਂ ਆਉਂਦੇ ਸਗੋਂ ਰਵਿਦਾਸ ਜੀ ਤਾਂ ਬ੍ਰਹਮ ਨੂੰ ਹੀ ਆਸਰਾ ਮੰਨਦੇ ਹੋਏ ਜੀਵਨ ਜਿਉਣ ਲਈ ਉਤਸੁਕ ਹੁੰਦੇ ਦਿਖਾਈ ਦਿੰਦੇ ਹਨ ।

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥

ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥

ਰਾਮ ਗੁਸਈਆ ਜੀਅ ਕੇ ਜੀਵਨਾ॥

ਮੋਹਿ ਨਾ ਬਿਸਾਰਹੁ ਮੈ ਜਨੁ ਤੇਰਾ॥[4]

ਰਵਿਦਾਸ ਜੀ ਆਪਣੇ ਆਪ ਨੂੰ ਨੀਚ ਦੱਸਦੇ ਹੋਏ ,ਪਰਮਾਤਮਾ ਤੋਂ ਹੀ ਆਸਰੇ ਦੀ ਉਮੀਦ ਕਰਦੇ ਹਨ। ਇੱਥੇ ਇਹ ਸਪਸ਼ਟ ਕਰਨਾ ਲਾਜ਼ਮੀ ਹੈ ਕਿ ਨੀਚ ਤੋਂ ਭਾਵ ਰਵਿਦਾਸ ਜੀ ਦਾ ਮਨੁੱਖ ਅੰਦਰ ਵਸੇ ਕਾਮ, ਕ੍ਰੋਧ ,ਲੋਭ ,ਮੋਹ ਅਤੇ ਹੰਕਾਰ ਤੋਂ ਹੈ ਨਾ ਕਿ ਜਾਤ ਦੇ ਸੰਦਰਭ ਵਿੱਚ ।ਰਵਿਦਾਸ ਜੀ ਕੇਵਲ ਪਾਰਬ੍ਰਹਮ ਨੂੰ ਹੀ ਜੀਵਨ ਦਾ ਸਹਾਰਾ ਮੰਨਦੇ ਹਨ ਅਤੇ ਰੱਬ ਨਾਲ ਇਕਮਿਕਤਾ ਕਾਰਣ ਹੀ ਜੀਵਨ ਪ੍ਰਵਿਰਤੀ(Life instinct) ਵੱਲ ਪ੍ਰੇਰਿਤ ਹੁੰਦੇ ਹਨ । ਇਸੇ ਕਰਕੇ ਰਵਿਦਾਸ ਜੀ ਰੱਬ ਨੂੰ ਸ੍ਰਿਸ਼ਟੀ ਦਾ ਮਾਲਕ ਅਤੇ ਸਭ ਜੀਆਂ ਨੂੰ ਜੀਅ ਦਾਨ ਦੇਣ ਵਾਲਾ ਆਖਦੇ ਹਨ।

ਰਾਮ ਗੁਸਈਆ ਜੀਅ ਕੇ ਜੀਵਨਾ ॥[5]

ਰਵਿਦਾਸ ਜੀ ਪਰਮਾਤਮਾ ਦਾ ਚਿਤਰਣ ਹਰ ਇੱਕ ਜੀਅ ਵਿੱਚ ਕਰਦੇ ਹਨ ਅਤੇ ਆਪਣੇ ਵਿਕਾਰਾਂ ਦਾ ਉਦਾਤੀਕਰਨ (Rationalization) ਕਰਕੇ ਸਿਰਜਣਾਤਮਕ ਕਾਰਜ ਭਾਵ ਨਿਰੰਤਰ ਪ੍ਰਭੂ ਭਗਤੀ ਰਾਹੀਂ ਜੀਵਨ ਪ੍ਰਵਿਰਤੀ (Life instinct) ਵੱਲ ਪ੍ਰੇਰਿਤ ਹੁੰਦੇ ਹਨ। ਜਿਸ ਦਾ ਜ਼ਿਕਰ ਰਵਿਦਾਸ ਜੀ ਦੀ ਬਾਣੀ ਵਿੱਚ ਹੋਰ ਥਾਵਾਂ ਤੇ ਵੀ ਦਰਜ ਹੈ ਜਿਵੇਂ:- ਮੋਹਿ ਆਧਾਰੁ ਨਾਮ ਨਾਰਾਇਨ ਜੀਵਨ ਪ੍ਰਾਨ ਧਨ ਮੇਰੇ॥[6]

ਸੰਸਾਰ ਵਿੱਚ ਕਈ ਲੋਕ ਅਜਿਹੇ ਹੁੰਦੇ ਹਨ ਜੋ ਆਪਣੀਆਂ ਕਮੀਆਂ ਜਾਂ ਦੋਸ਼ਾਂ ਨੂੰ ਸਮਾਜ ਤੋਂ ਲੁਕਾਉਂਦੇ ਨਹੀਂ ਤੇ ਨਾਂ ਹੀ ਉਨ੍ਹਾਂ ਕਾਰਨ ਸ਼ਰਮਿੰਦਗੀ ਮਹਿਸੂਸ ਕਰਦੇ ਹਨ ਸਗੋਂ ਸਦਾ ਕਿਸੇ ਨਾ ਕਿਸੇ ਰਚਨਾਤਮਕ ਕੰਮ ਵਿੱਚ ਜੁਟੇ ਰਹਿੰਦੇ ਹਨ। ਰਵਿਦਾਸ ਜੀ ਬਾਣੀ ਵਿੱਚ ਆਪਣੀ ਜਾਤ ਨੂੰ ਲੁਕਾਉਂਦੇ ਨਹੀਂ ਨਾਂ ਹੀ ਕਿਸੇ ਪੱਖ ਤੋਂ ਆਪਣੇ ਆਪ ਨੂੰ ਹੀਣ(Inferior) ਮੰਨਦੇ ਹਨ,ਸਗੋਂ ਰਵਿਦਾਸ ਜੀ ਤਾਂ ਬੜੇ ਮਾਣ ਨਾਲ ਆਪਣੇ ਆਪ ਨੂੰ ਦਲਿਤ ਅਖਵਾਉਂਦੇ ਹਨ ।

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥[8]

ਰਵਿਦਾਸ ਜੀ ਬਾਣੀ ਰਾਹੀਂ ਸ਼੍ਰੇਸ਼ਠਤਾ ਨੂੰ ਦਰਸ਼ਾਉਂਦੇ ਹੋਏ ਆਪਣੇ ਆਪ ਦਾ ਉਦਾਤੀਕਰਨ (Sublimation)ਕਰਦੇ ਪ੍ਰਤੀਤ ਹੁੰਦੇ ਹਨ । ਰਵਿਦਾਸ ਜੀ ਕਿਸੇ ਵੀ ਥਾਂ ਤੇ ਸਮਾ ਜ ਦੀ ਦਿਸ਼ਾ ਤੋਂ ਪਲਾਇਨ (Escape) ਕਰਦੇ ਨਜ਼ਰ ਨਹੀਂ ਆਉਂਦੇ ਸਗੋਂ ਸਮਾਜ ਵਿੱਚ ਰਹਿ ਕੇ ਸੰਵਾਦ ਸਿਰਜਦੇ ਨਜ਼ਰ ਆਉਂਦੇ ਹਨ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ

ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ॥[9]

ਉਪਰੋਕਤ ਸ਼ਬਦ ਵਿੱਚ ਹਿਰਨ, ਮਛਲੀ ,ਭੌਰਾ, ਪਤੰਗਾ ,ਹਾਥੀ ਸਭ ਆਨੰਦ ਦੀ ਪੂਰਤੀ ਕਰਨ ਕਾਰਣ ਹੀ ਅਪ੍ਰਤੱਖ ਰੂਪ ਵਿੱਚ ਮੌਤ ਵੱਲ ਵੱਧਦੇ ਹਨ। ਮਨੁੱਖ ਅੰਦਰ ਸਥਾਪਿਤ ਪੰਜ ਵਿਕਾਰ ਵੀ ਕੇਵਲ ਅਨੰਦ ਦੀ ਪੂਰਤੀ ਹੀ ਲੋਚਦੇ ਹਨ। ਮਨੁੱਖ ਵਿੱਚ ਇੱਦ ਹਾਵੀ ਹੋਣਾ ਹੀ ਉਸ ਨੂੰ ਵਿਨਾਸ਼ ਦੇ ਰਾਹੇ ਪਾਉਂਦਾ ਹੈ ਜਿਸ ਵੱਲ ਰਵਿਦਾਸ ਜੀ ਵੀ ਧਿਆਨ ਦਿਵਾਉਂਦੇ ਹਨ :

ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ॥[10]

ਭਾਵ ਮਨੁੱਖ ਅੰਦਰ ਤਾਂ ਪੰਜਾਂ ਇੰਦਰੀਆਂ ਹਾਵੀ ਹੁੰਦੀਆਂ ਹਨ ਤਾਂ ਬਚਾਓ ਦੀ ਕੀ ਆਸ ਹੋ ਸਕਦੀ ਹੈ ? ਜਿਸ ਦੇ ਜਵਾਬ ਦੀ ਉਮੀਦ ਰਵਿਦਾਸ ਜੀ ਮਨੁੱਖ ਤੇ ਛੱਡਦੇ ਹਨ।ਆਪ ਜੀ ਮਨੁੱਖ ਦੇ ਕੁਰਾਹੇ ਪੈਣ ਦਾ ਕਾਰਣ ਇੰਦਰੀਆਂ ਦੇ ਵਿਕਾਰਾਂ ਦਾ ਹਾਵੀ ਹੋਣਾ ਦੱਸਦੇ ਹਨ। ਇਸੇ ਵਿਚਾਰਧਾਰਾ ਨੂੰ ਰਵਿਦਾਸ ਜੀ ਬਾਣੀ ਵਿੱਚ ਅੱਗੇ ਫ਼ਰਮਾਉਂਦੇ ਹਨ ਕਿ :

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ

ਪਰਮਾਰਥ ਪਰਵੇਸ ਨਹੀਂ॥[11]

ਅਸੀਂ ਆਪਣੇ ਆਨੰਦ ਨੂੰ ਮਾਨਣ ਵਾਸਤੇ ਜਾਣ ਬੁਝ ਕੇ ਆਪਣੀ ਇੰਦਰੀਆਂ ਨੂੰ ਆਪਣੇ ਉੱਪਰ ਹਾਵੀ ਕਰ ਲੈਂਦੇ ਹਾਂ ਜਿਸ ਕਾਰਣ ਬੁੱਧੀ ਕਮਜ਼ੋਰ ਹੋ ਜਾਂਦੀ ਹੈ। ਜੋ ਕਿ ਸਾਨੂੰ ਪਰਮਾਰਥ ਦੇ ਰਾਹ ਤੋਂ ਕੁਰਾਹੇ ਪਾ ਦਿੰਦੇ ਹਨ। ਰਵਿਦਾਸ ਜੀ ਆਪਣੇ ਸ਼ਬਦਾਂ ਰਾਹੀਂ ਇਹ ਸਮਝਾਉਣ ਦਾ ਯਤਨ ਕਰਦੇ ਹਨ ਕਿ ਜਦੋਂ ਇੱਦ ਇੰਦਰੀਆਂ ਤੇ ਹਾਵੀ ਹੁੰਦੀ ਹੈ। ਫਲਸਰੂਪ , ਮਨੁੱਖ ਦੀ ਬੁੱਧੀ ਦਾ ਵਿਕਾਸ ਨਹੀਂ ਵਿਨਾਸ਼ ਹੁੰਦਾ ਹੈ । ਸਿੱਟੇ ਵਜੋਂ ਮਨੁੱਖ ਗਲਤ ਰਾਹੇ ਭਟਕਦਾ ਹੈ। ਜਿਸ ਬਾਰੇ ਰਵਿਦਾਸ ਜੀ ਅੱਗੇ ਵੀ ਫ਼ਰਮਾਉਂਦੇ ਹਨ:

ਮਾਧੋ ਅਬਿਦਿਆ ਹਿਤ ਕੀਨ

ਬਿਬੇਕ ਦੀਪ ਮਲੀਨ॥[12]

ਸੋ, ਉਪਰੋਕਤ ਚਰਚਾ ਤੋਂ ਸਪੱਸ਼ਟ ਰੂਪ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਦੀ ਮਨੋਵਿਗਿਆਨਕ ਪੜ੍ਹਤ ਉਭਰ ਕੇ ਸਾਮ੍ਹਣੇ ਆ ਜਾਂਦੀ ਹੈ। ਭਗਤ ਰਵਿਦਾਸ ਜੀ ਆਮ ਮਨੁੱਖ ਤੋਂ ਕਿਤੇ ਉੱਚ ਅਵਸੱਥਾ ਵਿੱਚ ਵਿਚਰਦੇ ਹਨ। ਰਵਿਦਾਸ ਜੀ ਦੀ ਬਾਣੀ ਰਾਹੀਂ ਉਹਨਾਂ ਦੀ ਸਹਿਜ ਅਵਸੱਥਾ ਤੋਂ ਜਾਣੂ ਹੋਇਆ

ਜਾ ਸਕਦਾ ਹੈ, ਉਨ੍ਹਾਂ ਦੀ ਜਾਗਰੂਕ ਅਵੱਸਥਾ ਭਾਵ ਹਰੇਕ ਸਥਿਤੀ ਵਿੱਚ ਚੇਤਨ ਹੋਣਾ ਅਤੇ ਆਪਣੀ ਜਾਤ ਨੂੰ ਮਾਣ ਨਾਲ ਸਵੀਕਾਰ ਕਰਨਾ, ਕਿਤੇ ਵੀ ਦਲਿਤ ਹੋਣ ਦੀ ਹੀਣ ਭਾਵਨਾ ਪੈਦਾ ਨਾ ਹੋਣ ਦੇਣਾ ਹੀ ਬਾਣੀ ਵਿੱਚ ਮਨੋਵਿਗਿਆਨਕ ਅੰਸ਼ ਪ੍ਰਗਟ ਕਰਦਾ ਹੈ।

ਜਗਤ ਪ੍ਰਸਿੱਧ ਪੁਸਤਕ "Evolution of Indian culture" ਵਿੱਚ ਰਵਿਦਾਸ ਜੀ ਬਾਰੇ ਲਿਖਿਆ ਹੈ :

*He lived a life of simplicity and contentment and devoted himself to religious men and saint instead of indulging in high philosophic Speculation about God and nature in his hyms. He aimed at the unity of Hinduism and Islam. His hyms breath spirit of humanity.*

ਇਸ ਤਰ੍ਹਾਂ ਅੰਤ ਵਿੱਚ ਕਿਹਾ ਜਾ ਸਕਦਾ ਹੈਂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਦੇ ਹੋਏ ,ਸਮਾਜ ਵਿੱਚ ਚੱਲ ਰਹੇ ਵਿਕਾਰਾਂ ਦੀ ਨਾਸ਼ਮਾਨਤਾ ਦੀ ਗੱਲ ਆਪਣੀ ਬਾਣੀ ਵਿੱਚ ਕਰਦੇ ਹਨ ਅਤੇ ਲੌਕਿਕਤਾ ਨੂੰ ਛੱਡ ਪਾਰਲੌਕਿਕਤਾ ਵੱਲ ਦਾ ਸਫ਼ਰ ਤੈਅ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 973
2 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346
3 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93
4 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345
5 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345
6 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ974
7 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293
8 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 386
9 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 386
10 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 688
11 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 386
12 ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486

# ਮਨੁੱਖੀ ਆਜ਼ਾਦੀ ਦੀ ਬਹਾਲੀ ਵਿਚ ਯੋਗਦਾਨ

## ਸੂਰਜ ਦਾ ਕਤਲ ਨਾਟਕ ਦੇ ਸੰਦਰਭ 'ਚ

ਪ੍ਰੋ. ਮਨਪ੍ਰੀਤ ਕੌਰ

ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ।

ਮੋਬਾ: 9877459403

ਈ ਮੇਲ : manpreetgill0117@gmail.com

ਸੂਰਜ ਦਾ ਕਤਲ ਨਾਟਕ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਦਵਿੰਦਰ ਦਮਨ ਦਾ ਲਿਖਿਆ ਹੋਇਆ ਹੈ ਜਿਸ ਵਿਚ ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਸ਼ਹਾਦਤ ਪਿੱਛੇ ਜਿੰਮੇਵਾਰ ਲੋਕਾਂ ਅਤੇ ਕਾਰਨਾਂ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਇਥੇ ਸ਼ਹਾਦਤ ਇੱਕ ਜ਼ਿਹਨੀ ਸੰਕਲਪ ਹੋ ਨਿਬੜਦੀ ਹੈ ਜਿਸ ਕਾਰਨ ਲੋਕਾਂ ਵਿਚ ਨਿਡਰਤਾ ਆਉਣੀ ਆਰੰਭ ਹੋਈ। ਸੰਸਾਰ ਨੂੰ ਇੱਕ ਰੰਗਮੰਚ ਕਿਹਾ ਜਾ ਸਕਦਾ ਹੈ। ਇਥੇ ਜਿਹੜਾ ਵੀ ਇਨਸਾਨ ਆਉਂਦਾ ਹੈ ਉਹ ਆਪਣਾ ਰੋਲ ਨਿਭਾਅ ਕੇ ਇਸ ਦੁਨੀਆ ਤੋਂ ਚਲਾ ਜਾਂਦਾ ਹੈ। ਸੰਸਾਰ ਵਿਚ ਆਏ ਕੁਝ ਲੋਕ ਆਪਣੀ ਭੂਮਿਕਾ ਇਸ ਢੰਗ ਨਾਲ ਨਿਭਾਉਂਦੇ ਹਨ ਕਿ ਉਹਨਾਂ ਦੇ ਕਾਰਨਾਮਿਆਂ ਨੂੰ ਰਹਿੰਦੀ ਦੁਨੀਆ ਤਕ ਯਾਦ ਕੀਤਾ ਜਾਂਦਾ ਹੈ। ਅਜਿਹੇ ਵਿਸ਼ੇਸ਼ ਕਾਰਨਾਮੇ ਹੀ ਇਤਿਹਾਸ ਬਣ ਜਾਂਦੇ ਹਨ ਅਤੇ ਇਸੇ ਇਤਿਹਾਸ ਨੂੰ ਸਾਹਿਤਕਾਰ ਵੱਖ ਵੱਖ ਵਿਧਾਵਾਂ ਵਿਚ ਚਿਤਰ ਕੇ ਸਾਹਿਤ ਵਿਚ ਢਾਲ ਦਿੰਦੇ ਹਨ। ਸਾਹਿਤ ਦੀਆਂ ਇਹਨਾਂ ਵਿਧਾਵਾਂ ਵਿਚ ਨਾਟਕ ਇੱਕ ਮਹੱਤਵਪੂਰਨ ਵਿਧਾ ਹੈ। ਨਾਟਕ ਨੂੰ ਮਿਸ਼ਰਿਤ ਵਿਧਾ ਵੀ ਕਿਹਾ ਜਾਂਦਾ ਹੈ ਜਿਸ ਵਿਚ ਬਹੁਤ ਸਾਰੀਆਂ ਕਲਾ ਵੰਨਗੀਆਂ ਸ਼ਾਮਿਲ ਹਨ। ਇਹਨਾਂ ਕਲਾ ਵੰਨਗੀਆਂ ਦੇ ਮਿਸ਼ਰਣ ਨਾਲ ਸਿਰਜੀ ਜਾਣ ਵਾਲੀ ਇਹ ਵਿਲੱਖਣ ਜੀਵੰਤ, ਦ੍ਰਿਸ਼ਗਤ ਅਤੇ ਪ੍ਰਦਰਸ਼ਨ ਕਲਾ ਹੈ, ਜਿਸ ਦਾ ਸੁਭਾਅ ਵੀ ਆਪਣਾ ਹੈ ਅਤੇ ਵਿਧਾ ਵੀ। ਨਾਟਕ ਨੂੰ ਸਿਰਫ਼ ਪੜ੍ਹਿਆ ਅਤੇ ਸੁਣਿਆ ਹੀ ਨਹੀਂ ਜਾਂਦਾ, ਬਲਕਿ ਰੰਗਮੰਚ ਉਤੇ ਪ੍ਰਸਤੁਤ ਵੀ ਕੀਤਾ ਜਾਂਦਾ ਹੈ। ਇਤਿਹਾਸਕ ਨਾਟਕ ਵਿਚ ਬੀਤੇ ਦਾ ਇਤਿਹਾਸ ਹੁੰਦਾ ਹੈ ਪਰੰਤੂ ਇਤਿਹਾਸਕ ਨਾਟਕਾਂ ਵਿਚ ਇਤਿਹਾਸ ਨੂੰ ਜਿਉਂ ਦਾ ਤਿਉਂ ਪੇਸ਼ ਨਹੀਂ ਕੀਤਾ ਜਾਂਦਾ, ਸਗੋਂ ਇਤਿਹਾਸ ਦੀ ਪੁਨਰ ਸਿਰਜਣਾ ਕੀਤੀ ਜਾਂਦੀ ਹੈ।

ਇਤਿਹਾਸਕ ਨਾਟਕ ਨੂੰ ਜਾਣਨ ਤੋਂ ਪਹਿਲਾਂ ਇਤਿਹਾਸ ਬਾਰੇ ਜਾਣਨਾ ਜ਼ਰੂਰੀ ਬਣ ਜਾਂਦਾ ਹੈ। ਇਤਿਹਾਸ ਇੱਕ ਅਜਿਹਾ ਅਨੁਸ਼ਾਸਨ ਹੈ ਜਿਸ ਵਿਚ ਅਤੀਤ ਵਿਚ ਵਾਪਰੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਪੇਸ਼ ਕੀਤਾ ਜਾਂਦਾ ਹੈ। 'ਇਤਿਹਾਸ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ 'ਇਵੇਂ ਹੀ ਸੀ', 'ਅਜਿਹਾ ਹੀ ਸੀ' ਜਾਂ 'ਇਸ ਤਰ੍ਹਾਂ ਹੋਇਆ'। ਅੰਗਰੇਜ਼ੀ ਵਿਚ ਇਸ ਲਈ 'ਹਿਸਟਰੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਸਦਾ ਸੰਬੰਧ ਪੁਣ-ਛਾਣ ਅਤੇ ਜਾਂਚ ਪੜਤਾਲ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਅਤੀਤ ਵਿਚ ਵਾਪਰੀਆਂ ਘਟਨਾਵਾਂ ਨੂੰ ਤੱਥਾਂ ਸਹਿਤ ਸਿਲਸਿਲੇਵਾਰ ਪੇਸ਼ ਕਰਨ ਵਾਲੇ ਅਨੁਸ਼ਾਸਨ ਨੂੰ

ਇਤਿਹਾਸ ਕਿਹਾ ਜਾਂਦਾ ਹੈ, ਜਿਸ ਵਿਚ ਕੀ, ਕਦੋਂ ਅਤੇ ਕਿੱਥੇ ਹੋਇਆ ਦੇ ਨਾਲ ਨਾਲ ਕਿਵੇਂ ਵਾਪਰਿਆ ਅਰਥਾਤ ਤੱਥਾਂ ਦਾ ਵੀ ਅਹਿਮ ਰੋਲ ਹੈ। ਇਸ ਸੰਬੰਧੀ ਪ੍ਰਸਿੱਧ ਇਤਿਹਾਸਕਾਰ ਈ. ਐਚ. ਕਾਰ ਲਿਖਦਾ ਹੈ :

*ਤੱਥ ਅਤੇ ਦਸਤਾਵੇਜ਼ ਨਿਸ਼ਚੈ ਹੀ ਇਤਿਹਾਸਕਾਰ ਲਈ ਜ਼ਰੂਰੀ ਹੁੰਦੇ ਹਨ, ਪਰ ਉਹ ਉਸਦੇ ਲਈ ਅੰਨ੍ਹੀ ਸ਼ਰਧਾ ਦੀ ਚੀਜ਼ ਨਹੀਂ ਹੁੰਦੇ। ਦਸਤਾਵੇਜ਼ ਅਤੇ ਤੱਥ ਆਪਣੇ ਆਪ ਵਿਚ ਇਤਿਹਾਸ ਨਹੀਂ ਹੁੰਦੇ ਅਤੇ ਨਾ ਹੀ ਇਤਿਹਾਸ ਕੀ ਹੈ? ਜਿਹੇ ਥਕਾ ਦੇਣ ਵਾਲੇ ਪ੍ਰਸ਼ਨ ਦੇ ਉਹ ਬਣੇ ਬਣਾਏ ਜਵਾਬ ਹੀ ਹੁੰਦੇ ਹਨ । 1*

ਇਤਿਹਾਸ ਵਿਚ ਤੱਥਾਂ ਨੂੰ ਕਾਲਕ੍ਰਮਤਾ ਵਿਚ ਟਿਕਾਉਣ ਦੇ ਨਾਲ ਨਾਲ ਉਹਨਾਂ ਤੱਥਾਂ ਦੀ ਵਿਆਖਿਆ ਦਾ ਵੀ ਵਿਸ਼ੇਸ਼ ਮਹੱਤਵ ਹੈ। ਇਤਿਹਾਸਕ ਨਾਟਕ, ਨਾਟਕ ਦੀ ਹੀ ਇੱਕ ਵੰਨਗੀ ਹੈ, ਜਿਨ੍ਹਾਂ ਨਾਟਕਾਂ ਵਿਚ ਭੂਤਕਾਲ ਦਾ ਇਤਿਹਾਸਕ ਵਰਣਨ ਹੋਵੇ ਉਹਨਾਂ ਨੂੰ ਇਤਿਹਾਸਕ ਨਾਟਕ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਨਾਟਕ ਵਿਚ ਇਤਿਹਾਸਕ ਸਮੱਗਰੀ ਨੂੰ ਜਿਉਂ ਦਾ ਤਿਉਂ ਪੇਸ਼ ਨਹੀਂ ਕੀਤਾ ਜਾਂਦਾ ਸਗੋਂ ਇਤਿਹਾਸਕ ਯਥਾਰਥ ਨੂੰ ਨਾਟਕੀ ਤੱਤਾਂ ਵਿਚ ਰੂਪਾਂਤਰਿਤ ਕਰਕੇ ਸਮਕਾਲੀ ਪਰਿਸਥਿਤੀਆਂ ਵਿਚ ਪੁਨਰ ਸਿਰਜਣਾ ਕੀਤੀ ਜਾਂਦੀ ਹੈ। ਹਰ ਸਾਹਿਤ ਰਚਨਾ ਕਿਸੇ ਨਾ ਕਿਸੇ ਸਮੇਂ ਦੀਆਂ ਸਮਕਾਲੀ ਪਰਿਸਥਿਤੀਆਂ ਦੀ ਦੇਣ ਹੁੰਦੀ ਹੈ। ਇਸੇ ਤਰ੍ਹਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਵੀ ਸਮਕਾਲੀ ਪਰਿਸਥਿਤੀਆਂ ਵਿਚ ਸਿੱਖ ਇਨਕਲਾਬ ਦੀ ਗੌਰਵਤਾ ਨੂੰ ਦਰਸਾਉਣ ਅਤੇ ਸ਼ਤਾਬਦੀ ਨਾਟਕ ਵਜੋਂ ਹੋਂਦ ਗ੍ਰਹਿਣ ਕਰਦਾ ਹੈ। ਇਹ ਇੱਕ ਨਵਾਂ ਪ੍ਰਯੋਗ ਸੀ, ਜੋ ਕਿ 'ਨਾਇਕ ਬਾਰੇ ਨਾਇਕ ਤੋਂ ਬਿਨਾ' ਰਚਿਆ ਜਾ ਰਿਹਾ ਨਾਟਕ ਸੀ, ਕਿਉਂਕਿ ਸਿੱਖ ਗੁਰੂ ਸਾਹਿਬਾਨ ਦੀ ਜਗ੍ਹਾ 'ਤੇ ਕਿਸੇ ਵੀ ਇਨਸਾਨ ਨੂੰ ਮੰਚ ਉਪਰ ਅਭਿਨੈ ਕਰਨਾ ਵਰਜਿਤ ਹੈ। ਇਹਨਾਂ ਨਾਟਕਾਂ ਵਿਚ ਮੂਲ ਰੂਪ ਵਿਚ ਦੋ ਤਰ੍ਹਾਂ ਦੇ ਨਾਟਕ ਦ੍ਰਿਸ਼ਟੀਗੋਚਰ ਹੁੰਦੇ ਹਨ : ਇੱਕ ਉਹ ਜੋ ਇਤਿਹਾਸ ਨੂੰ ਰਚਨਾ ਦੇ ਆਧਾਰ ਸਰੋਤ ਵਜੋਂ ਵਰਤਦੇ ਹਨ ਅਤੇ ਦੂਜੇ ਉਹ ਜੋ ਜਨਮਸਾਖੀਆਂ 'ਤੇ ਆਧਾਰਿਤ ਘਟਨਾਵਾਂ ਨੂੰ ਪੇਸ਼ ਕਰਦੇ ਹਨ। ਇਤਿਹਾਸਕ ਨਾਟਕ ਲਿਖਣ ਵੇਲੇ ਨਾਟਕਕਾਰ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਇਤਿਹਾਸ ਵਿਚ ਨਾਟਕਕਾਰ ਕੋਈ ਤਬਦੀਲੀ ਨਹੀਂ ਕਰ ਸਕਦਾ। ਫਿਰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦੀ ਰਚਨਾ ਕਰਨ ਵੇਲੇ ਨਾਟਕਕਾਰ ਨੂੰ ਹੋਰ ਗੰਭੀਰ ਰੂਪ ਵਿਚ ਧਿਆਨ ਦੇਣਾ ਪੈਂਦਾ ਹੈ, ਕਿਉਂਕਿ ਸਿੱਖ ਗੁਰੂ ਸਾਹਿਬਾਨ ਦੀ ਜਗ੍ਹਾ ਉਤੇ ਕਿਸੇ ਇਨਸਾਨ ਨੂੰ ਸਟੇਜ ਉਪਰ ਅਭਿਨੈ ਕਰਨ ਦੀ ਮਨਾਹੀ ਹੈ। ਇਸ ਲਈ ਨਾਟਕਕਾਰ ਨਾਟਕ ਵਿਚਲੇ ਦੂਸਰੇ ਪਾਤਰਾਂ ਰਾਹੀਂ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੀ ਤਸਵੀਰ ਨੂੰ ਪੇਸ਼ ਕਰਦਾ ਹੈ। ਕਿਤੇ ਕਿਤੇ ਨਾਇਕ ਦਾ ਚਰਿੱਤਰ ਪੇਸ਼ ਕਰਨ ਲਈ ਜਾਂ ਤਾਂ ਪਿਛੋਕੜ ਵਿਚੋਂ ਆਵਾਜ਼ ਰਾਹੀਂ ਕਥਾ ਨੂੰ ਅੱਗੇ ਤੋਰਿਆ ਜਾਂਦਾ ਹੈ ਜਾਂ ਫਿਰ ਪਾਤਰਾਂ ਦੀ ਆਪਸੀ ਗੱਲਬਾਤ ਰਾਹੀਂ ਨਾਇਕ ਦਾ ਚਰਿੱਤਰ ਉਘਾੜਿਆ ਜਾਂਦਾ ਹੈ।

ਪ੍ਰਸਤਾਵਿਤ ਖੋਜ ਪੱਤਰ ਦਾ ਵਿਸ਼ਾ ਮਨੁੱਖੀ ਆਜ਼ਾਦੀ ਦੀ ਬਹਾਲੀ ਵਿਚ ਯੋਗਦਾਨ : ਸੂਰਜ ਦਾ ਕਤਲ ਨਾਟਕ ਦੇ ਸੰਦਰਭ 'ਚ ਹੈ, ਇਸ ਲਈ ਇਸ ਨਾਟਕ ਵਿਚ ਸਿੱਖ ਇਤਿਹਾਸ ਦੀ ਅਹਿਮ ਘਟਨਾ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੀ ਦਾਸਤਾਨ, ਕਾਰਨ ਅਤੇ ਉਸ ਸਮੇਂ ਦੀਆਂ ਸਮਾਜਿਕ, ਧਾਰਮਿਕ

ਅਤੇ ਰਾਜਨੀਤਿਕ ਪਰਿਸਥਿਤੀਆਂ ਨੂੰ ਧਿਆਨ ਅਧੀਨ ਰੱਖਿਆ ਹੈ। ਦਵਿੰਦਰ ਦਮਨ ਦਾ ਲਿਖਿਆ ਹੋਇਆ ਇਹ ਨਾਟਕ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਰੂਪਮਾਨ ਕਰਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤੇ ਨਾਟਕ ਗੁਰੂ ਸਾਹਿਬਾਨ ਦੀਆਂ ਜਨਮ ਜਾਂ ਜੋਤੀ ਜੋਤ ਸਮਾਉਣ ਸੰਬੰਧੀ ਸ਼ਤਾਬਦੀਆਂ ਦੇ ਸਮੇਂ ਹੀ ਰਚੇ ਗਏ ਹਨ। ਸੂਰਜ ਦਾ ਕਤਲ ਨਾਟਕ ਵੀ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਵਸ 'ਤੇ ਹੀ ਲਿਖਿਆ ਗਿਆ ਹੈ। ਲੇਖਕ ਨੇ ਇਹ ਨਾਟਕ ਬਰੈਖਤੀਅਨ ਤਕਨੀਕ ਵਿਚ ਲਿਖਿਆ ਹੈ। ਪੁਸਤਕ ਦੀ ਭੂਮਿਕਾ ਵਿਚ ਦੇਵਿੰਦਰ ਦਮਨ ਲਿਖਦਾ ਹੈ :

*ਨਾਟਕ ਸੂਰਜ ਦਾ ਕਤਲ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਵਸ ਮੌਕੇ 'ਤੇ ਲਿਖਿਆ ਗਿਆ ਸੀ। ਬਹੁਤ ਸਾਰੇ ਸਮਕਾਲੀ ਨਾਟਕਕਾਰਾਂ ਨੇ ਗੁਰੂ ਸਾਹਿਬ ਬਾਰੇ ਨਾਟਕਾਂ ਰਾਹੀਂ ਆਪਣੀ ਧਾਰਮਿਕ*

*ਅਕੀਦਤ ਪੇਸ਼ ਕੀਤੀ, ਪਰ ਮੈਨੂੰ ਗੁਰੂ ਸਾਹਿਬ ਵੱਲੋਂ ਆਜ਼ਾਦੀ ਦੀ ਬਹਾਲੀ ਲਈ ਕੀਤੀ ਕੁਰਬਾਨੀ ਨੇ ਹਮੇਸ਼ਾ ਹੀ ਜ਼ਿਆਦਾ ਪ੍ਰਭਾਵਿਤ ਕੀਤਾ।*[2]

ਨਾਟਕ ਨੂੰ ਕੁੱਲ ਅਠਾਰਾਂ ਝਾਕੀਆਂ ਵਿਚ ਪੇਸ਼ ਕੀਤਾ ਹੈ। ਪਹਿਲੀ ਝਾਕੀ ਵਿਚ ਕੋਰਸ ਰਾਹੀਂ ਸੂਰਜ (ਗੁਰੂ ਤੇਗ ਬਹਾਦਰ ਜੀ) ਨੂੰ ਲੱਭਣ ਤੋਂ ਲੈ ਕੇ ਸੂਰਜ ਨੂੰ ਖੋਹਣ ਤਕ ਦੀ ਗੱਲ ਵੱਲ ਸੰਕੇਤ ਕੀਤਾ ਗਿਆ ਹੈ ਅਰਥਾਤ ਮੱਖਣ ਸ਼ਾਹ ਲੁਬਾਣੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਗੱਦੀਦਾਰ ਨੂੰ ਲੱਭਣ ਤੋਂ ਲੈ ਕੇ ਉਨ੍ਹਾਂ ਦੀ ਸ਼ਹੀਦੀ ਤਕ ਦਾ ਸਫਰ। ਵੇਖੋ ਨਮੂਨਾ :

*ਹਨੇਰੇ ਵਿਚ ਬੈਠੇ ਲੋਕੋ, ਭਾਵੇਂ ਆਪਣੀ ਅੱਖੀਂ ਵੇਖੋ।*

*ਭਾਵੇਂ ਸੁਣੋ ਸਾਡੀ ਜ਼ਬਾਨੀ, ਸੂਰਜ ਤੋਂ ਐ ਵਿਰਵੇ ਲੋਕੋ।*

*ਸੂਰਜ ਦੇ ਛੱਡਣ ਤੋਂ ਲੈ ਕੇ, ਸੂਰਜ ਖੋਹਣ ਦੀ ਇੱਕ ਕਹਾਣੀ।*[3]

ਕੋਰਸ ਦੇ ਚਲਦਿਆਂ ਇੱਕ ਨੌਜਵਾਨ ਆਉਂਦਾ ਹੈ ਤੇ ਆ ਕੇ ਪੁੱਛਦਾ ਹੈ ਕਿ ਤੁਸੀਂ ਕਿਸ ਕਹਾਣੀ ਦੀ ਗੱਲ ਕਰ ਰਹੇ ਹੋ, ਕਿਸ ਨਗਰੀ ਦੀ ਗਾਥਾ ਸੁਣਾ ਰਹੇ ਹੋ? ਕੋਰਸ ਅਤੇ ਨੌਜਵਾਨ ਦੀ ਵਾਰਤਾਲਾਪ ਤੋਂ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਪਤਾ ਚਲਦਾ ਹੈ।ਸਿੱਖ ਗੁਰੂ ਸਾਹਿਬਾਨ ਦੀ ਜਗ੍ਹਾ ਰੰਗਮੰਚ ਉਪਰ ਕਿਸੇ ਮਨੁੱਖ ਨੂੰ ਅਭਿਨੈ ਕਰਨ ਦੀ ਮਨਾਹੀ ਹੋਣ ਕਰਕੇ ਇਹ ਨਾਟਕ 'ਨਾਇਕ ਬਾਰੇ ਨਾਇਕ ਤੋਂ ਬਿਨਾ' ਲਿਖੇ ਗਏ ਹਨ। ਇਸ ਲਈ ਇਸ ਨਾਟਕ ਵਿਚ ਵੀ ਗੁਰੂ ਜੀ ਦੀ ਸ਼ਹਾਦਤ ਨੂੰ ਔਰੰਗਜ਼ੇਬ ਦੇ ਦਰਬਾਰ, ਲੋਕਾਂ ਦੇ ਦ੍ਰਿਸ਼ ਅਤੇ ਸਿੱਖਾਂ ਦੀ ਵਾਰਤਾਲਾਪ ਰਾਹੀਂ ਚਿਤਰਿਆ ਹੈ। ਦੂਜੀ ਝਾਕੀ ਵਿਚ ਔਰੰਗਜ਼ੇਬ ਦਾ ਦਰਬਾਰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਔਰੰਗਜ਼ੇਬ ਮੁਲਕ ਵਿਚ ਫੈਲੀ ਬਦਅਮਨੀ ਅਤੇ ਗੜਬੜੀ ਕਾਰਨ ਚਿੰਤਾਤੁਰ ਹੋਇਆ ਆਪਣੇ ਖਾਸ ਅਹਿਲਕਾਰਾਂ ਅਤੇ ਅਹੁਦੇਦਾਰਾਂ ਨਾਲ ਵਿਗੜੀ ਹੋਈ ਸਥਿਤੀ ਦਾ ਹੱਲ ਕਰਨ ਲਈ ਸਲਾਹ ਮਸ਼ਵਰਾ ਕਰ ਰਿਹਾ ਹੈ। ਉਸਨੂੰ ਡਰ ਹੈ ਕਿ ਉਸ ਵੱਲੋਂ ਆਪਣੇ ਬਾਪ ਅਤੇ ਭਰਾ ਦੇ ਕਤਲ ਤੋਂ ਬਾਅਦ ਕਿਤੇ ਆਵਾਮ ਉਸਦੇ ਖਿਲਾਫ਼ ਨਾ

ਹੋ ਜਾਵੇ, ਜਿਸ ਕਾਰਨ ਹਰ ਗੈਰ ਧਰਮ ਇਨਸਾਨ ਨੂੰ ਵੀ ਇਸਲਾਮ ਧਰਮ ਕਬੂਲ ਕਰਵਾਉਣ 'ਤੇ ਤੁਲਿਆ ਹੋਇਆ ਹੈ ਅਤੇ ਇਸ ਕੰਮ ਨੂੰ ਅੰਜਾਮ ਦੇਣ ਲਈ ਉਹ ਪੁਰਾਣੇ ਅਹੁਦੇਦਾਰਾਂ ਨੂੰ ਵੀ ਤਬਦੀਲ ਅਤੇ ਨੌਕਰੀ ਤੋਂ ਬਰਖਾਸਤ ਕਰਨ ਦੇ ਆਦੇਸ਼ ਦਿੰਦਾ ਹੈ। ਜਿਵੇਂ :

*ਔਰੰਗਜ਼ੇਬ : ਆਪ ਜਾਣਦੇ ਹੀ ਹੋ ਕਿ ਮੁਲਕ ਵਿਚ ਕਿਵੇਂ ਗੜਬੜੀ ਫੈਲੀ ਹੋਈ ਹੈ ਔਰ ਇਸ ਦੀਆਂ ਸਰਹੱਦਾਂ ਨੂ ਹਿਫ਼ਾਜ਼ਤ ਦੀ ਲੋੜ ਹੈ। ਸ਼ਾਹ ਈਰਾਨ ਦਾ ਰਵੱਈਆ ਹਰ ਵੇਲੇ ਸਾਡੇ ਲਈ ਖ਼ਤਰਾ ਅਤੇ ਸਾਡੇ ਦੁਸ਼ਮਣਾਂ ਲਈ ਦਿਲ ਵਧਾਊ ਬਣਿਆ ਹੋਇਆ ਹੈ। ਕਬਾਇਲੀਆਂ ਦੇ ਹੌਸਲੇ ਏਨੇ ਬੁਲੰਦ ਹੋ ਗਏ ਹਨ ਕਿ ਉਹ ਪੰਜਾਬ ਤਕ ਲੁੱਟਮਾਰ ਕਰ ਰਹੇ ਹਨ। ਬੇਸ਼ੱਕ ਅੱਬਾ ਜਾਨ ਤੇ ਦਾਰੇ ਦੇ ਹਮਾਇਤੀ ਮੌਕਾ ਵੇਖ ਕੇ ਚੁੱਪ ਕਰ ਗਏ ਹਨ ਔਰ ਉਸੇ ਤਰ੍ਹਾਂ ਅਹੁਦਿਆਂ 'ਤੇ ਟਿਕੇ ਹੋਏ ਹਨ, ਪਰ ਇਹ ਨਮਕ ਹਰਾਮ ਮੌਕਾ ਵੇਖ ਕੇ ਕਦੇ ਵੀ ਬਗਾਵਤ ਕਰ ਸਕਦੇ ਹਨ*

*ਸ਼ਾਇਸਤਾ ਖ਼ਾਨ : ਆਪ ਨੇ ਬਜਾ ਫ਼ਰਮਾਇਆ ਹੈ...ਹਾਲਾਤ ਬਿਨਾਂ ਸ਼ੱਕ ਫ਼ਿਕਰ ਵਾਲੇ ਹਨ, ਪਰ ਇਸ ਬਾਰੇ ਆਪ ਨੇ ਕੀ ਸੋਚਿਆ ਹੈ?*[4]

ਨਾਟਕ ਵਿਚ ਔਰੰਗਜ਼ੇਬ ਦੀ ਕੱਟੜਤਾ ਪਿਛਲੇ ਕਾਰਨਾਂ ਨੂੰ ਵੀ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਔਰੰਗਜ਼ੇਬ ਦੇ ਦਿਮਾਗ ਵਿਚ ਬਚਪਨ ਤੋਂ ਹੀ ਆਪਣੇ ਪਿਤਾ ਅਤੇ ਭਰਾ ਪ੍ਰਤੀ ਨਫ਼ਰਤ ਦੇ ਬੀਜ ਪਨਪ ਰਹੇ ਸਨ, ਕਿਉਂਕਿ ਉਸ ਦੇ ਪਿਤਾ ਨੇ ਬਾਦਸ਼ਾਹ ਜਹਾਂਗੀਰ ਨੂੰ ਜ਼ਮਾਨਤ ਵਜੋਂ ਅੱਠ ਸਾਲ ਦਾ ਬੱਚਾ ਅਰਥਾਤ ਔਰੰਗਜ਼ੇਬ ਸੌਂਪ ਦਿੱਤਾ ਸੀ। ਉਸਨੂੰ ਲੱਗਦਾ ਸੀ ਕਿ ਉਸਦਾ ਅੱਬਾ ਦਾਰਾ ਨੂੰ ਜ਼ਿਆਦਾ ਪਿਆਰ ਕਰਦਾ ਹੈ ਤੇ ਉਸਦਾ ਹੱਕ ਬਚਪਨ ਵਿਚ ਹੀ ਖੋਹ ਲਿਆ ਗਿਆ ਸੀ ਜਿਸ ਕਾਰਨ ਉਹ ਆਪਣੇ ਪਿਤਾ ਅਤੇ ਭਰਾ ਤੋਂ ਬਦਲਾ ਲੈ ਕੇ ਆਪ ਤਖਤ 'ਤੇ ਬੈਠ ਗਿਆ। ਔਰੰਗਜ਼ੇਬ ਕੱਟੜ ਮੁਸਲਮਾਨ ਹੋਣ ਕਰਕੇ ਕਿਸੇ ਹੋਰ ਧਰਮ ਨੂੰ ਪ੍ਰਫੁੱਲਿਤ ਹੁੰਦੇ ਨਹੀਂ ਸੀ ਜਰ ਸਕਦਾ ਜਿਸ ਕਾਰਨ ਉਸਨੇ ਚਾਰੇ ਪਾਸੇ ਇਸਲਾਮ ਕਬੂਲ ਕਰਵਾਉਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਸਨ।ਤੀਜੀ ਅਤੇ ਚੌਥੀ ਝਾਕੀ ਵਿਚ ਮੱਖਣ ਸ਼ਾਹ ਲੁਬਾਣਾ ਵੱਲੋਂ 'ਗੁਰੂ ਲਾਧੋ ਰੇ' ਦੇ ਹੋਕੇ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਦੇ ਪ੍ਰਗਟ ਹੋਣ ਦਾ ਬਿਰਤਾਂਤ ਮਿਲਦਾ ਹੈ। ਪੰਜਵੀਂ ਝਾਕੀ ਵਿਚ ਢੰਡੋਰਚੀ ਵੱਲੋਂ ਸਾਰੀ ਰਿਆਇਆ ਅੱਗੇ ਫ਼ਰਮਾਨ ਜਾਰੀ ਕੀਤਾ ਜਾਂਦਾ ਹੈ ਜਿਸ ਵਿਚ ਸ਼ਾਹੀ ਮਜ਼ਹਬ ਤੋਂ ਇਲਾਵਾ ਗੈਰ ਮਜ਼ਹਬੀ ਲੋਕਾਂ ਲਈ ਬਹੁਤ ਸਾਰੀਆਂ ਪਾਬੰਦੀਆਂ ਦੀ ਘੋਸ਼ਣਾ ਕੀਤੀ ਜਾਂਦੀ ਹੈ ਜਿਸ ਰਾਹੀਂ ਸ਼ਾਹੀ ਹੁਕਮ ਦੀ ਨਾ- ਫ਼ਰਮਾਨੀ ਕਰਨ ਵਾਲਾ ਸਖ਼ਤ ਤੋਂ ਸਖ਼ਤ ਸਜ਼ਾ ਦਾ ਭਾਗੀ ਹੋਵੇਗਾ। ਬਾਦਸ਼ਾਹ ਨੇ ਆਪਣੇ ਅਧੀਨ ਆਉਂਦੀ ਹਰ ਰਿਆਸਤ ਦੇ ਸੂਬੇਦਾਰ ਨੂੰ ਕਿਸੇ ਵੀ ਤਰੀਕੇ ਲੋਕਾਂ ਕੋਲੋਂ ਇਸਲਾਮ ਕਬੂਲ ਕਰਾਉਣ ਦੇ ਹੁਕਮ ਜਾਰੀ ਕਰ ਦਿੱਤੇ ਜਿਸ ਕਾਰਨ ਭ੍ਰਿਸ਼ਟ ਸੂਬੇਦਾਰ ਹੋਰ ਸ਼ਕਤੀ ਪ੍ਰਾਪਤ ਕਰ ਆਪਣੀ ਮਜ਼ਲੂਮ ਰਿਆਇਆ ਉਪਰ ਜ਼ੁਲਮ ਢਾਹੁਣ ਲੱਗੇ। ਇਸੇ ਅਧੀਨ ਛੇਵੀਂ ਅਤੇ ਸੱਤਵੀਂ ਝਾਕੀ ਵਿਚ ਸੂਬਾ-ਏ-ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਦੇ ਦਰਬਾਰ ਦੇ ਦ੍ਰਿਸ਼ ਨੂੰ ਪ੍ਰਸਤੁਤ ਕੀਤਾ ਗਿਆ ਹੈ। ਸ਼ੇਰ ਅਫ਼ਗਾਨ ਦੇ ਦਰਬਾਰ ਵਿਚ ਔਰੰਗਜ਼ੇਬ ਦਾ ਮੁਰਾਸਲਾ (ਸ਼ਾਹੀ ਚਿੱਠੀ/ਪੈਗ਼ਾਮ) ਆਉਂਦਾ ਹੈ ਜਿਸ ਵਿਚ ਕਿਸੇ ਵੀ ਕੀਮਤ 'ਤੇ ਜ਼ਿਆਦਾ ਤੋਂ ਜ਼ਿਆਦਾ ਗੈਰ ਮੁਸਲਿਮ ਲੋਕਾਂ ਨੂੰ ਮੁਸਲਿਮ ਬਣਾਉਣ ਲਈ ਫ਼ਰਮਾਨ ਜਾਰੀ ਕੀਤਾ ਜਾਂਦਾ

ਹੈ। ਉਸ ਫ਼ਰਮਾਨ ਵਿਚ ਔਰੰਗਜ਼ੇਬ ਦੇ ਰਾਜਨੀਤਕ ਦਾਬੇ ਅਧੀਨ ਕਾਫਰਾਂ ਅਰਥਾਤ ਗੈਰ ਧਰਮਾਂ ਦੇ ਪੂਜਾ ਸਾਧਨਾਂ ਨੂੰ ਤੋੜਨ ਦੇ ਹੁਕਮ ਵੀ ਸਨ। ਗੈਰ ਧਰਮਾਂ ਵਾਲੇ ਲੋਕਾਂ ਦੇ ਸ਼ਰੇਆਮ ਤਿਉਹਾਰ ਮਨਾਉਣ, ਚੰਗੇ ਕੱਪੜੇ ਪਹਿਨਣ, ਘੋੜੇ ਅਤੇ ਪਾਲਕੀ ਦੀ ਸਵਾਰੀ ਕਰਨ ਅਤੇ ਹਥਿਆਰ ਰੱਖਣ 'ਤੇ ਪਾਬੰਦੀ ਲਗਾ ਦਿੱਤੀ ਜਾਵੇ। ਇਹੋ ਜਿਹੇ ਅਧਿਕਾਰਾਂ ਦੀ ਵਰਤੋਂ ਨਿੱਕੇ ਮੋਟੇ ਸੂਬੇਦਾਰਾਂ ਆਪਣੇ ਨਿੱਜੀ ਅਤੇ ਅੱਯਾਸ਼ੀ ਭਰਪੂਰ ਹਿੱਤਾਂ ਲਈ ਕਰਨੀ ਸ਼ੁਰੂ ਕਰ ਦਿੱਤੀ। ਸ਼ੇਰ ਅਫ਼ਗਾਨ ਸ਼ਾਹੀ ਫ਼ਰਮਾਨ ਮਿਲਣ ਤੋਂ ਬਾਅਦ ਇਹਨਾਂ ਅਧਿਕਾਰਾਂ ਦੀ ਨਿੱਜੀ ਹਿੱਤਾਂ ਲਈ ਵਰਤੋਂ ਕਰਦਾ ਹੋਇਆ ਆਪਣੇ ਅਹਿਲਕਾਰ ਮੀਰ ਕਾਸਿਮ ਨੂੰ ਆਪਣੀ ਬੇਟੀ ਉਸਨੂੰ ਭੇਟ ਕਰਨ ਲਈ ਤੰਗ ਕਰਨਾ ਸ਼ੁਰੂ ਕਰ ਦਿੰਦਾ ਹੈ, ਵੇਖੋ ਨਮੂਨਾ :

*ਸ਼ੇਰ ਅਫ਼ਗਾਨ : ਹਰ ਫ਼ਰਮਾਨ ਬਾਦਸ਼ਾਹ ਵੱਲੋਂ ਆਪਣੀ ਤਾਕਤ ਵਿਚੋਂ ਆਪਣੇ ਹਾਕਮ ਨੂੰ ਸੁੱਟੇ ਗਏ ਰੋਟੀ ਦੇ ਟੁਕੜੇ*

*ਵਾਂਗ ਹੈ ਜੋ ਉਸ ਨੂੰ ਪੂਛ ਹਿਲਾ ਕੇ ਸਵੀਕਾਰ ਕਰ ਹੀ ਲੈਣਾ ਚਾਹੀਦਾ ਹੈ। ਪਰ ਸਿਆਣਾ ਹਾਕਮ ਉਸ ਟੁਕੜੇ ਦੀ ਪੂਰੀ ਵਰਤੋਂ ਕਰਦਾ ਹੈ ਜਿਵੇਂ ਕਿ ਹੁਣ ਮੈਂ ਕਰਾਂਗਾ। ਇਸ ਫ਼ਰਮਾਨ ਨਾਲ ਜਿੰਨੀ ਤਾਕਤ ਮੈਨੂੰ ਮਿਲੀ ਹੈ, ਉਹ ਮੇਰੀ ਛੋਟੀ ਜਿਹੀ ਰਿਆਸਤ ਲਈ ਜਰੂਰਤ ਤੋਂ ਜ਼ਿਆਦਾ ਹੈ। ਹੁਣ ਮੈਨੂੰ ਆਪਣੇ-ਆਪ ਨੂੰ ਇਸ ਛੋਟੀ ਜਿਹੀ ਰਿਆਸਤ ਦਾ ਬਾਦਸ਼ਾਹ ਮੰਨਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਬਾਦਸ਼ਾਹ ਵੱਲੋਂ ਦਿੱਤੀ ਗਈ ਇਸ ਤਾਕਤ ਦਾ ਮੈਂ ਨਿੱਜੀ ਤੌਰ 'ਤੇ ਫਾਇਦਾ ਉਠਾਵਾਂਗਾ ਔਰ ਇਸ ਤਰ੍ਹਾਂ ਮੈਂ ਸ਼ਾਹੀ ਹੁਕਮ ਦੀ ਤਾਲੀਮ ਵੀ ਕਰ ਰਿਹਾ ਹੋਵਾਂਗਾ।*[5]

ਉਸ ਸਮੇਂ ਸ਼ੇਰ ਅਫ਼ਗਾਨ ਵਰਗੇ ਹੋਰ ਬਹੁਤ ਸਾਰੇ ਸੂਬੇਦਾਰ ਸ਼ਾਹੀ ਤਾਕਤ ਦੇ ਗਰੂਰ ਅਤੇ ਨਸ਼ੇ ਕਾਰਨ ਰਿਆਇਆ ਨੂੰ ਪਰੇਸ਼ਾਨ ਕਰਕੇ ਆਪਣੇ ਨਿੱਜੀ ਹਿੱਤ ਪੂਰੇ ਕਰਦੇ ਰਹੇ। ਉਹਨਾਂ ਨੇ ਸੱਤਾ ਪ੍ਰਾਪਤ ਕਰਦਿਆਂ ਹੀ ਆਪਣੇ ਗੈਰ ਮਜ਼ਹਬ ਅਹਿਲਕਾਰ ਜੋ ਉਹਨਾਂ ਦੀ ਲੰਮੇ ਸਮੇਂ ਤੋਂ ਖ਼ਿਦਮਤ ਕਰ ਰਹੇ ਸਨ, ਉਹਨਾਂ ਨੂੰ ਵੀ ਨਹੀਂ ਬਖ਼ਸ਼ਿਆ। ਆਪਣੇ ਨਿੱਜੀ ਹਿੱਤਾਂ ਖ਼ਾਤਰ ਈਮਾਨਦਾਰ ਗੈਰ ਮਜ਼ਹਬ ਲੋਕਾਂ 'ਤੇ ਝੂਠੇ ਇਲਜ਼ਾਮ ਲਗਾ ਕੇ ਉਹਨਾਂ ਨੂੰ ਸਖ਼ਤ ਸਜਾਵਾਂ ਦਿੱਤੀਆਂ। ਨਾਟਕ ਵਿਚ ਮੀਰ ਕਾਸਿਮ ਅਤੇ ਸ਼ੇਰ ਅਫ਼ਗਾਨ ਦੀ ਵਾਰਤਾਲਾਪ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ :

*ਸ਼ੇਰ ਅਫ਼ਗਾਨ : ਤੂੰ ਠੀਕ ਕਹਿੰਦਾ ਹੈਂ ਮੀਰ ਕਾਸਿਮ.. ਪਰ ਮੇਰੇ ਕੋਲ ਇਹ ਪੁੱਛਣ ਵਾਲਾ ਕੌਣ ਹੈ? ਹਾਂ ਹੈ...ਤੂੰ ਪੁੱਛ ਸਕਦਾ ਹੈਂ...ਕਿਉਂਕਿ ਤੂੰ ਮੇਰਾ ਹੋਣ ਵਾਲਾ ਸਸੁਰ ਹੈਂ...।*

*ਮੀਰ ਕਾਸਿਮ : ਇਹ ਬਕਵਾਸ ਹੈ ...ਸ਼ੇਰ ਅਫ਼ਗਾਨ ਮੈਂ ਬਾਦਸ਼ਾਹ ਸਲਾਮਤ ਕੋਲ ਤੇਰੀ ਸ਼ਰਾਬਨੋਸ਼ੀ ਅਤੇ ਬਦਚਲਨੀ ਦੀ ਸ਼ਿਕਾਇਤ ਕਰਾਂਗਾ।*

*ਸ਼ੇਰ ਅਫ਼ਗਾਨ : ਹੂੰ..ਇਸ ਲਈ ਕਿ ਤੂੰ ਉਨ੍ਹਾਂ ਜ਼ਿਮੀਂਦਾਰਾਂ ਤੋਂ ਜੋ ਬਾਦਸ਼ਾਹ ਦੇ ਹਮ-ਮਜ਼ਹਬ ਸਨ, ਦੋ ਗੁਣਾਂ ਮੁਆਮਲਾ ਉਗਰਾਹਿਆ ਅਤੇ ਬਾਕੀ ਤੋਂ ਉਗਰਾਹਿਆ ਹੀ ਨਹੀਂ...?*

*ਮੀਰ ਕਾਸਿਮ : ਇਹ ਸਰਾਸਰ ਗ਼ਲਤ ਹੈ...।*

*ਸ਼ੇਰ ਅਫ਼ਗਾਨ : ਮੇਰੇ ਕੋਲ ਜ਼ਿਮੀਂਦਾਰਾਂ ਦੀਆਂ ਸ਼ਿਕਾਇਤਾਂ ਮੌਜੂਦ ਹਨ...ਹੁਣ ਵੀ ਤੂੰ ਮੇਰੇ ਖ਼ਿਲਾਫ਼ ਬਾਦਸ਼ਾਹ ਕੋਲ ਸ਼ਿਕਾਇਤ ਕਰੇਂਗਾ...?*

*ਮੀਰ ਕਾਸਿਮ : ਇਹ ਝੂਠ ਹੈ ਸ਼ੇਰ ਅਫ਼ਗਾਨ... ਮੇਰੇ ਖਿਲਾਫ਼ ਇੱਕ ਸਾਜ਼ਿਸ਼ ਹੈ।*

*ਸ਼ੇਰ ਅਫ਼ਗਾਨ : ਤੂੰ ਠੀਕ ਕਹਿੰਦਾ ਹੈ ਮੀਰ ਕਾਸਿਮ ...ਇਹ ਕੁਫ਼ਰ ਹੈ...ਤੇਰੇ ਖਿਲਾਫ਼ ਇੱਕ ਸਾਜ਼ਿਸ਼ ਹੈ...ਲੇਕਿਨ ਮੈਂ ਹੋਰ ਕਰ ਵੀ ਕੀ ਸਕਦਾ ਸਾਂ।*

*ਮੀਰ ਕਾਸਿਮ : ਮੈਂ ਮਰ ਜਾਵਾਂਗਾ ਸ਼ੇਰ ਅਫ਼ਗਾਨ, ਪਰ ਆਪਣੀ ਬੇਟੀ ਦਾ ਡੋਲਾ ਤੇਰੇ ਹਰਮ ਵਿਚ ਨਹੀਂ ਪੁੱਜਣ ਦੇਵਾਂਗਾ। ਸ਼ੇਰ ਅਫ਼ਗਾਨ : ਅੱਛਾ...? ਤਾਂ ਤੈਨੂੰ ਮਰਨਾ ਹੀ ਚਾਹੀਦਾ ਹੈ।* [6]

ਅੱਠਵੀਂ, ਨੌਵੀਂ ਅਤੇ ਦਸਵੀਂ ਝਾਕੀ ਵਿਚ ਦਿਖਾਇਆ ਗਿਆ ਹੈ ਕਿ ਸ਼ਾਹੀ ਫ਼ਰਮਾਨ ਵਿਚ ਲੋਕਾਂ ਨੂੰ ਦੀਵਾਲੀ ਦਾ ਤਿਉਹਾਰ ਮਨਾਉਣ ਦੀ ਮਨਾਹੀ ਕੀਤੀ ਗਈ ਹੈ। ਇੱਕ ਬੱਚਾ ਆਪਣੀ ਮਾਂ ਨੂੰ ਦੀਵੇ ਜਗਾ ਕੇ ਦੇਣ ਲਈ ਮਨਾ ਰਿਹਾ ਹੈ, ਇਨੇ ਨੂੰ ਅਬਦੁੱਲ ਮੀਆਂ ਉਥੇ ਆਉਂਦਾ ਹੈ ਤੇ ਬੱਚੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਜੇਕਰ ਉਹ ਦੀਵੇ ਜਗਾਏਗਾ ਤਾਂ ਉਸਨੂੰ ਸਜਾ ਦਿੱਤੀ ਜਾਵੇਗੀ, ਪਰ ਬੱਚਾ ਨਹੀਂ ਮੰਨਦਾ ਤੇ ਰੋਕਦਿਆਂ ਰੋਕਦਿਆਂ ਜ਼ਿਦ ਕਰਕੇ ਇੱਕ ਦੀਵਾ ਬਾਲ ਦਿੰਦਾ ਹੈ। ਉਨੇ ਨੂੰ ਫਜਲੂ ਨਾਮ ਦਾ ਚੋਰ ਉਥੇ ਆ ਜਾਂਦਾ ਹੈ ਅਤੇ ਅਬਦੁੱਲ ਮੀਆਂ ਕੋਲੋਂ ਦਾਰੂ ਪੀਣ ਲਈ ਦਮੜਾ ਮੰਗਦਾ ਹੈ, ਅਬਦੁੱਲ ਮੀਆਂ ਦੇ ਦਮੜਾ ਦੇਣ ਤੋਂ ਇਨਕਾਰ ਕਰਨ 'ਤੇ ਉਹ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੰਦਾ ਹੈ। ਰੌਲਾ ਸੁਣ ਕੇ ਬਾਦਸ਼ਾਹ ਦਾ ਇੱਕ ਅਹਿਲਕਾਰ ਆ ਜਾਂਦਾ ਹੈ ਤੇ ਮਾਮਲਾ ਸ਼ਾਹੀ ਦਰਬਾਰ ਤਕ ਪਹੁੰਚ ਜਾਂਦਾ ਹੈ। ਦੀਵਾ ਜਗਾਉਣ ਵਾਲੇ ਬੱਚੇ ਅਤੇ ਉਸਦੇ ਪਰਿਵਾਰ ਨੂੰ ਗ੍ਰਿਫਤਾਰ ਕਰਕੇ ਇਸਲਾਮ ਕਬੂਲ ਕਰਨ ਲਈ ਕਿਹਾ ਜਾਂਦਾ ਹੈ ਤੇ ਉਹਨਾਂ ਦੇ ਇਨਕਾਰ ਕਰਨ 'ਤੇ ਸਖ਼ਤ ਤੋਂ ਸਖ਼ਤ ਸਜਾ ਦੇਣ ਦਾ ਹੁਕਮ ਸੁਣਾਇਆ ਜਾਂਦਾ ਹੈ, ਨਾਲ ਹੀ ਅਬਦੁੱਲ ਮੀਆਂ ਨੂੰ ਉਹਨਾਂ ਦੀ ਮਦਦ ਕਰਨ ਲਈ ਵੀ ਸਜਾ ਸੁਣਾਈ ਜਾਂਦੀ ਹੈ। ਅਗਲੇ ਦਿਨ ਢੰਡੋਰਾ ਪਿਟਵਾ ਕੇ ਸਜਾ ਵਜੋਂ ਅਬਦੁੱਲ ਮੀਆਂ ਦੀਆਂ ਅੱਖਾਂ ਵਿਚ ਗਰਮ ਸਲਾਖ਼ਾਂ ਧਸਾ ਕੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਜਾਂਦੀਆਂ ਹਨ। ਜਦੋਂ ਜੱਲਾਦ ਗਰਮ ਸਲਾਖ਼ਾਂ ਲੈ ਕੇ ਬੱਚੇ ਵੱਲ ਵੱਧਦਾ ਹੈ ਤਾਂ ਉਸਦਾ ਦਾਦਾ ਅਜਿਹਾ ਮੰਜਰ ਨਾ ਵੇਖ ਸਕਣ ਕਾਰਨ ਅਤੇ ਆਪਣੇ ਪੋਤੇ ਨੂੰ ਸਜਾ ਤੋਂ ਬਚਾਉਣ ਲਈ ਇਸਲਾਮ ਕਬੂਲ ਕਰ ਲੈਂਦਾ ਹੈ। ਜਿਸ ਨਾਲ ਜਬਰੀ ਧਰਮ ਪਰਿਵਰਤਨ ਕਾਰਨ ਉਸਦੀ ਮਾਨਸਿਕ ਹਾਲਤ ਬਹੁਤ ਤਰਸਯੋਗ ਹੋ ਜਾਂਦੀ ਹੈ ਤੇ ਉਹ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਦਾ ਹੋਇਆ ਪਰਿਵਾਰ ਦੇ ਜੀਆਂ ਨੂੰ ਆਪਣੇ ਕੋਲ ਆਉਣੋਂ ਰੋਕਦਾ ਹੈ। ਵੇਖਿਆ ਜਾ ਸਕਦਾ ਹੈ ਕਿ ਨਾਟਕਕਾਰ ਨੇ ਉਸ ਸਮੇਂ ਦੀ ਰਾਜਨੀਤਿਕ ਸੱਤਾ ਦੇ ਨਸ਼ੇ ਵਿਚ ਲੋਕਾਂ ਨਾਲ ਕੀਤੇ ਜਾਂਦੇ ਅਮਾਨਵੀ ਵਿਹਾਰ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ।

ਬਾਰਵੀਂ ਝਾਕੀ ਵਿਚ ਦੋ ਕਸ਼ਮੀਰੀ ਪੰਡਿਤਾਂ ਦੀ ਵਾਰਤਾਲਾਪ ਪੇਸ਼ ਕੀਤੀ ਗਈ ਹੈ, ਉਹ ਤੀਜੇ ਪੰਡਿਤ ਦੀ ਉਡੀਕ ਕਰ ਰਹੇ ਹਨ ਜੋ ਆਪਣਾ ਧਰਮ ਬਚਾਉਣ ਖ਼ਾਤਰ ਜਥੇ ਨਾਲ ਗੁਰੂ ਤੇਗ ਬਹਾਦਰ ਜੀ ਕੋਲ ਫ਼ਰਿਆਦ ਲੈ ਕੇ ਗਏ ਹਨ। ਦੋਵੇਂ ਪੰਡਿਤ ਬਹੁਤ ਬੇਚੈਨ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਜੇਕਰ

ਅਸੀਂ ਖ਼ੁਦ ਆਪਣੀ ਰੱਖਿਆ ਲਈ ਕੋਈ ਕਦਮ ਉਠਾ ਸਕਦੇ ਤਾਂ ਫ਼ਕੀਰ ਤੇਗ ਬਹਾਦਰ ਕਿਉਂ ਸਾਡੀ ਖ਼ਾਤਰ ਸਮੇਂ ਦੀ ਸਰਕਾਰ ਨਾਲ ਆਹਡਾ ਲਾਵੇਗਾ। ਦੂਸਰਾ ਪੰਡਿਤ ਪਹਿਲੇ ਪੰਡਿਤ ਨੂੰ ਗੁਰੂ ਨਾਨਕ ਅਤੇ ਉਸਦੇ ਵਾਰਸਾਂ ਦੀਆਂ ਕੁਰਬਾਨੀਆਂ ਅਤੇ ਕਾਰਨਾਮਿਆਂ ਬਾਰੇ ਦੱਸਦਾ ਹੋਇਆ ਧਰਵਾਸ ਦਿੰਦਾ ਹੈ। ਪਹਿਲਾ ਪੰਡਿਤ ਬਹੁਤ ਡਰਿਆ ਹੋਇਆ ਹੈ, ਉਹ ਕਿਸੇ ਦੇ ਆਸਰੇ ਆਪਣੀ ਜਾਨ ਬਖ਼ਸ਼ੀ ਦੀ ਆਸ ਲਾਈ ਬੈਠਾ ਹੈ। ਦੋਹਾਂ ਪੰਡਿਤਾਂ ਦੀ ਵਾਰਤਾਲਾਪ ਤੋਂ ਬ੍ਰਾਹਮਣਾਂ ਦੇ ਕਰਮ-ਕਾਂਡਾਂ ਦਾ ਪਤਾ ਲੱਗਦਾ ਹੈ :

*ਪੰਡਿਤ : ਚੂਹੇ ਨਾ ਬਣੋ ਪੰਡਿਤ ਜੀ।*

*ਯਦਾ ਯਦਾ ਹੇ ਧਰਮਸੱਯ, ਗਲਾਨੀ ਭਰਵਤੀ-ਭਾਰਤ.....*

*ਪੰਡਿਤ 1 : ਬਸ...। ਇਹ ਸਲੋਕ ਪੜ੍ਹਨ-ਸੁਣਨ ਨੂੰ ਹੀ ਚੰਗੇ ਲੱਗਦੇ ਨੇ...।*

*ਪੰਡਿਤ 2 : ਪਰ ਸਲੋਕਾਂ ਵਿਚਲਾ ਸੱਚ ਤਾਂ ਜੀਵੰਤ ਹੈ... ਜ਼ਿੰਦਗੀ ਦੇਣ ਵਾਲਾ।*

*ਪੰਡਿਤ 1 : ਹਾਂ, ਜ਼ਿੰਦਗੀ ਦੇਣ ਵਾਲਾ ਹੈ। ਇਹਨਾਂ ਨੂੰ ਪੜ੍ਹ ਕੇ ਧੰਨ ਇਕੱਠਾ ਕੀਤਾ ਜਾ ਸਕਦੈ... ਪੂਜਾ ਪਾਠ...ਸ਼ਰਾਧ ਖਾਧੇ, ਪੇਟ 'ਤੇ ਹੱਥ ਫੇਰਿਆ ਔਰ ਸੌਂ ਗਏ। ਏਹੋ ਕਰਦੇ ਆ ਰਹੇ ਹਾਂ ਅਸੀਂ। ਇਹ ਜ਼ਿੰਦਗੀ ਹੈ? ਸਾਡੇ ਨਾਲੋਂ ਤਾਂ ਪਸ਼ੂ ਚੰਗਾ ਜੀਅ ਲੈਂਦੇ ਨੇ। ਉਹਨਾਂ ਨੂੰ ਕੋਈ ਕਹਿੰਦਾ ਕਿ ਆਪਣਾ ਧਰਮ ਬਦਲੋ...।*[7]

ਇਨੇ ਨੂੰ ਤੀਜਾ ਪੰਡਿਤ ਆ ਕੇ ਖ਼ੁਸ਼ਖ਼ਬਰੀ ਸੁਣਾਉਂਦਾ ਹੈ ਕਿ ਫ਼ਕੀਰ ਤੇਗ ਬਹਾਦਰ ਸਾਡੇ ਲਈ ਸਮੇਂ ਦੀ ਸਰਕਾਰ ਨੂੰ ਵੰਗਾਰਨ ਲਈ ਤਿਆਰ ਹੋ ਗਿਆ ਹੈ, ਉਸਨੇ ਕਿਹਾ ਹੈ ਕਿ ਔਰੰਗਜ਼ੇਬ ਨੂੰ ਕਹੋ ਕਿ ਜੇ ਤੁਸੀਂ ਤੇਗ ਬਹਾਦਰ ਨੂੰ ਇਸਲਾਮ ਕਬੂਲ ਕਰਵਾ ਲਵੋ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ। ਤੇਰਵੀਂ ਝਾਕੀ ਵਿਚ ਔਰੰਗਜ਼ੇਬ ਦੇ ਦਰਬਾਰ ਦਾ ਦ੍ਰਿਸ਼ ਦਿਖਾਇਆ ਗਿਆ ਹੈ ਜਿਸ ਵਿਚ ਸ਼ੇਰ ਅਫ਼ਗਾਨ ਵੱਲੋਂ ਆਏ ਮੁਰਾਸਲੇ (ਚਿੱਠੀ) ਨੂੰ ਪੜ੍ਹ ਕੇ ਸੁਣਾਇਆ ਜਾ ਰਿਹਾ ਹੈ। ਸ਼ੇਰ ਅਫ਼ਗਾਨ ਬਾਦਸ਼ਾਹ ਨੂੰ ਬਹੁਤ ਸਾਰੇ ਲੋਕਾਂ ਵੱਲੋਂ ਇਸਲਾਮ ਕਬੂਲਣ ਦੀ ਵਧਾਈ ਵੀ ਦਿੰਦਾ ਹੈ ਅਤੇ ਕੁਝ ਲੋਕਾਂ ਵੱਲੋਂ ਛੇ ਮਹੀਨੇ ਦਾ ਵਕਫ਼ਾ ਲੈ ਕੇ ਗੁਰੂ ਤੇਗ ਬਹਾਦਰ ਕੋਲ ਪਨਾਹ ਲੈਣ ਦੀ ਬੁਰੀ ਖ਼ਬਰ ਵੀ ਦੱਸਦਾ ਹੈ। ਗੁਰੂ ਜੀ ਦਾ ਪੈਗ਼ਾਮ ਪਹਿਲਾਂ ਵੀ ਸ਼ਹਿਨਸ਼ਾਹ ਤਕ ਪਹੁੰਚ ਚੁੱਕਿਆ ਹੁੰਦਾ ਹੈ ਅਤੇ ਉਸਨੂੰ ਪੂਰਾ ਭਰੋਸਾ ਹੈ ਕਿ ਉਹ ਫ਼ਕੀਰ ਤੇਗ ਬਹਾਦਰ ਨੂੰ ਇਸਲਾਮ ਵਿਚ ਸ਼ਾਮਿਲ ਹੋਣ ਲਈ ਮਨਾ ਲਵੇਗਾ। ਚੌਦਵੀਂ ਝਾਕੀ ਵਿਚ ਸੈਫ਼ਾਬਾਦ ਦਾ ਦ੍ਰਿਸ਼ ਹੈ ਜਿਥੇ ਸੈਫ਼ੂਦੀਨ ਅਤੇ ਕੁਝ ਹੋਰ ਗੁਰੂ ਘਰ ਦੇ ਸ਼ਰਧਾਲੂ ਗੁਰੂ ਜੀ ਦੇ ਬਾਦਸ਼ਾਹ ਨੂੰ ਮਿਲਣ ਜਾਣ ਲਈ ਰਵਾਨਾ ਹੋਣ ਤੋਂ ਬਾਅਦ ਆਪਸ ਵਿਚ ਗੁਰੂ ਜੀ ਦੀ ਸਿਫ਼ਤ ਸਲਾਹ ਅਤੇ ਫ਼ਿਕਰ ਰਹੇ ਹਨ। ਇਤਨੇ ਨੂੰ ਇੱਕ ਨੌਜਵਾਨ ਭੱਜਾ ਆਉਂਦਾ ਹੈ ਅਤੇ ਆ ਕੇ ਦੱਸਦਾ ਹੈ ਕਿ ਸ਼ਾਹੀ ਦਰਬਾਰ ਵੱਲੋਂ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਸੈਫ਼ੂਦੀਨ ਅਤੇ ਨੌਜਵਾਨ ਦੀ ਵਾਰਤਾਲਾਪ ਤੋਂ ਸਾਨੂੰ ਸ਼ਾਹੀ ਦਰਬਾਰ ਦੇ ਧੋਖੇ ਅਤੇ ਭ੍ਰਿਸ਼ਟ ਚਾਲਾਂ ਦਾ ਪਤਾ ਲੱਗਦਾ ਹੈ :

*ਨੌਜਵਾਨ : ਨਵਾਬ ਸਾਹਿਬ ... ਕਿਥੇ ਹੈ ਗੁਰੂ ਨਵਾਬ ਸਾਹਿਬ ....?*

*ਸੈਫ਼ੂਦੀਨ : ਕਿਉਂ, ਕੀ ਗੱਲ ਹੈ?*

*ਨੌਜਵਾਨ : ਗ਼ਜ਼ਬ ਹੋ ਗਿਐ ਨਵਾਬ ਸਾਹਿਬ ...ਬਾਦਸ਼ਾਹ ਸਲਾਮਤ ਨੇ ਗੁਰੂ ਨੂੰ ਬਾਗ਼ੀ ਕਰਾਰ ਦੇ ਦਿੱਤੈ ਔਰ ਉਸਦੀ ਗ੍ਰਿਫ਼ਤਾਰੀ ਲਈ ਸ਼ਾਹੀ ਘੋੜ-ਸਵਾਰ ਰਵਾਨਾ ਕੀਤੇ ਹਨ।*

*ਸੈਫ਼ੂਦੀਨ : ਤੈਨੂੰ ਕਿਵੇਂ ਪਤਾ ਲੱਗਾ?*

*ਨੌਜਵਾਨ : ਹੁਣੇ-ਹੁਣੇ ਹੀ ਸ਼ਾਹੀ ਲਸ਼ਕਰ ਦੇ ਕੁਝ ਬੰਦੇ ਆਪ ਜੀ ਦੀ ਹਵੇਲੀ ਪੁੱਜੇ ਹਨ ਔਰ ਗੁਰੂ ਦੀ ਤਲਾਸ਼ ਵਿਚ ਹਨ। ਗੁਰੂ ਨੂੰ ਬਾਦਸ਼ਾਹ ਕੋਲ ਜਾਣ ਤੋਂ ਰੋਕ ਲਵੋ। ਉਹ ਤਾਂ ਪਹਿਲਾ ਹੀ ਉਸ ਦੀ ਜਾਨ ਦਾ ਦੁਸ਼ਮਣ ਬਣਿਆ ਹੋਇਆ ਹੈ।*

*ਸੈਫ਼ੂਦੀਨ : ਓਏ ਚੰਗੀ ਬੋਲੀ ਬੋਲ ...ਤੈਨੂੰ ਕਿਸ ਆਖਿਐ ?*

*ਨੌਜਵਾਨ : ਮੈਨੂੰ ਸ਼ਾਹੀ ਘੋੜਸਵਾਰਾਂ ਦੀਆਂ ਗੱਲਾਂ ਤੋਂ ਪਤਾ ਲੱਗੈ। ਗੁਰੂ ਦੀ ਗ੍ਰਿਫ਼ਤਾਰੀ ਲਈ ਬਾਦਸ਼ਾਹ ਨੇ ਬਹੁਤ ਸਖ਼ਤ ਹੁਕਮ ਭੇਜਿਆ ਏ।*[8]

ਨੌਜਵਾਨ ਸ਼ਾਹੀ ਧੋਖੇ ਕਾਰਨ ਗੁਰੂ ਜੀ ਨੂੰ ਜਾਣ ਤੋਂ ਰੋਕਣਾ ਚਾਹੁੰਦਾ ਹੈ ਪਰ ਸੈਫ਼ੂਦੀਨ ਉਹਨਾਂ ਨੂੰ ਕਹਿੰਦਾ ਹੈ ਗੁਰੂ ਜੀ ਤਾਂ ਸੂਰਜ ਦੇ ਪ੍ਰਤੀਕ ਹਨ ਅਤੇ ਸੂਰਜ ਦੀ ਰੌਸ਼ਨੀ ਨੂੰ ਕਦੇ ਕੋਈ ਨਹੀਂ ਫੜ ਸਕਦਾ, ਸੂਰਜ ਦਾ ਕੰਮ ਹਨੇਰਾ ਮਿਟਾਉਣਾ ਹੁੰਦਾ ਹੈ ਤੇ ਗੁਰੂ ਜੀ ਸ਼ਾਹੀ ਜੁਲਮ ਰੂਪੀ ਹਨੇਰਾ ਮਿਟਾਉਣ ਵਾਲੇ ਸੂਰਜ ਹਨ। ਪੰਦਰਵੀਂ ਝਾਕੀ ਵਿਚ ਗੁਰੂ ਜੀ ਦੀ ਗ੍ਰਿਫ਼ਤਾਰੀ ਅਤੇ ਇਸਲਾਮ ਕਬੂਲ ਕਰਵਾਉਣ ਲਈ ਹਰ ਹੀਲਾ ਵਰਤਣ ਤੋਂ ਬਾਅਦ ਆਲਿਫ਼ ਖਾਂ ਦੀ ਮਾਨਸਿਕ ਸਥਿਤੀ ਬਿਆਨ ਕੀਤੀ ਗਈ ਹੈ। ਔਰੰਗਜ਼ੇਬ ਵੱਲੋਂ ਆਏ ਸ਼ਾਹੀ ਖ਼ਤ ਵਿਚ ਗੁਰੂ ਨੂੰ ਇਸਲਾਮ ਕਬੂਲ ਕਰਾਉਣ ਸੰਬੰਧੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤੇ ਜੇ ਉਹ ਸ਼ਾਹੀ ਮਜ਼ਹਬ ਕਬੂਲ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਜਾਰੀ ਕੀਤਾ ਜਾਂਦਾ ਹੈ। ਆਲਿਫ਼ ਖਾਂ ਦੀ ਮਾਨਸਿਕ ਸਥਿਤੀ ਬਹੁਤ ਹੀ ਨਾਸਾਜ਼ ਹੈ ਕਿਉਂਕਿ ਉਹ ਗੁਰੂ ਜੀ ਦੇ ਨੂਰਾਨੀ ਚਿਹਰੇ ਦੀ ਚਮਕ ਅਤੇ ਉਨ੍ਹਾਂ ਦੇ ਹੌਂਸਲੇ ਤੋਂ ਡਰ ਰਿਹਾ ਹੈ। ਉਹ ਮਨ ਹੀ ਮਨ ਸੋਚਦਾ ਹੈ ਕਿ ਬਾਦਸ਼ਾਹ ਨੇ ਬਦਨਾਮੀ ਦੇ ਡਰੋਂ ਇਹ ਕੰਮ ਉਸਨੂੰ ਸੌਂਪਿਆ ਹੈ। ਉਹ ਗੁਰੂ ਜੀ ਦੀ ਨਿਡਰਤਾ ਬਾਰੇ ਸੋਚ ਸੋਚ ਕੇ ਹੈਰਾਨ ਪਰੇਸ਼ਾਨ ਹੋ ਰਿਹਾ ਹੈ ਕਿ ਉਹ ਮੌਤ ਤੋਂ ਬਿਲਕੁਲ ਬੇਖ਼ੌਫ਼ ਹਨ, ਉਨ੍ਹਾਂ ਨੂੰ ਨਾ ਉੱਚੇ ਰੁਤਬੇ ਦਾ ਲਾਲਚ ਹੈ ਅਤੇ ਨਾ ਹੀ ਦੌਲਤ ਦਾ। ਇਨੇ ਨੂੰ ਕੋਤਵਾਲ ਆ ਕੇ ਉਸਨੂੰ ਇਤਲਾਹ ਕਰਦਾ ਹੈ ਕਿ ਫ਼ਕੀਰ ਤੇਰਾ ਬਹਾਦਰ ਇਨੇ ਉੱਚੇ ਉੱਚੇ ਰੁਤਬਿਆਂ ਅਤੇ ਇੰਨੀਆਂ ਭਿਆਨਕ ਸਜਾਵਾਂ ਬਾਰੇ ਸੁਣਕੇ ਵੀ ਸ਼ਾਹੀ ਮਜ਼ਹਬ ਵਿਚ ਸ਼ਾਮਿਲ ਹੋਣ ਲਈ ਤਿਆਰ ਨਹੀਂ। ਇਨੇ ਨੂੰ ਮੁਫ਼ਤੀ ਦਾਖਿਲ ਹੁੰਦਾ ਹੈ ਅਤੇ ਗੁਰੂ ਜੀ ਨੂੰ ਸ਼ਾਹੀ ਮਜ਼ਹਬ ਦਾ ਸਭ ਤੋਂ ਉੱਚਾ ਅਹੁਦਾ ਦੇਣ ਦੀ ਖ਼ਬਰ ਸੁਣ ਕੇ ਤਿਲਮਿਲਾ ਉੱਠਦਾ ਹੈ ਅਤੇ ਇਹ ਜਾਣਨ 'ਤੇ ਕਿ ਗੁਰੂ ਜੀ ਨੇ ਇਸਲਾਮ ਕਬੂਲ ਤੋਂ ਇਨਕਾਰ ਕਰ ਦਿੱਤਾ ਹੈ, ਦੁਬਾਰਾ ਗੁਰੂ ਜੀ ਅੱਗੇ ਇਹ ਤਜਵੀਜ਼ ਰੱਖਣ ਤੋਂ ਆਲਿਫ਼ ਖਾਂ ਨੂੰ ਰੋਕਦਾ ਹੈ ਤੇ ਗੁਰੂ ਜੀ ਨੂੰ ਫ਼ੌਰਨ ਸਜਾ ਦੇਣ ਲਈ ਕਹਿੰਦਾ ਹੈ, ਪਰ ਆਲਿਫ਼ ਖਾਂ ਕਹਿੰਦਾ ਹੈ ਕਿ ਗੁਰੂ ਜੀ ਦਾ ਸ਼ਾਹੀ ਮਜ਼ਹਬ ਕਬੂਲ ਕਰਨਾ ਨਿਹਾਇਤ ਹੀ ਜਰੂਰੀ ਹੈ :

*ਆਲਿਫ਼ ਖਾਂ : ਮੇਰੇ ਆਕਾ, ਉਸ ਪੀਰ ਨੇ ਬਾਦਸ਼ਾਹ ਵੱਲੋਂ ਰੁਤਬੇ ਦੀ ਪੇਸ਼ਕਸ਼ ਦੇ ਬਾਵਜੂਦ ਸ਼ਾਹੀ ਮਜ਼ਹਬ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਹੁਣ ਕੀ ਕੀਤਾ ਜਾਵੇ?*

*ਮੁਫ਼ਤੀ : ਹੁਣ ਉਸਨੂੰ ਦੁਬਾਰਾ ਰੁਤਬਾ ਪੇਸ਼ ਕਰਨ ਦੀ ਲੋੜ ਨਹੀਂ। ਉਸਨੂੰ ਫ਼ੌਰਨ ਕਤਲ ਕਰਵਾ ਦਿਓ...।*

*ਆਲਿਫ਼ ਖਾਂ : ਨਹੀਂ ਮੇਰੇ ਆਕਾ ਕਤਲ ਨਹੀਂ..ਕਤਲ ਕਰਨਾ ਬਹੁਤ ਸੌਖਾ ਹੈ। ਤੁਸੀਂ ਕਿਉਂ ਨਹੀਂ ਸਮਝਦੇ ਮੇਰੇ ਆਕਾ ਕਿ ਉਸਦਾ ਸ਼ਾਹੀ ਮਜ਼ਹਬ ਕਬੂਲ ਕਰਨਾ ਬਹੁਤ ਜਰੂਰੀ ਹੈ। ਬਾਦਸ਼ਾਹ ਸਲਾਮਤ ਨੇ ਅੱਜ ਫਿਰ ਰੁੱਕਾ ਭੇਜਿਆ ਹੈ ਕਿ ਕਤਲ ਕਰਨ ਨਾਲੋਂ ਸ਼ਾਹੀ ਮਜ਼ਹਬ ਕਬੂਲ ਕਰਾਉਣ ਦੀ ਕੋਸ਼ਿਸ਼ ਕਰੋ।*

*ਮੁਫ਼ਤੀ : ਲਾਲਚ ਤੁਸਾਂ ਦੇ ਕੇ ਦੇਖ ਲਿਆ ...ਹੁਣ ਸਜ਼ਾ ਦੇਵੋ, ਸਖ਼ਤ ਸਜ਼ਾ।*

*ਆਲਿਫ਼ ਖਾਂ : ਲੋਹੇ ਦੇ ਪਿੰਜਰੇ ਵਿਚ ਬੰਦ ਹੈ ...ਇਸ ਤੋਂ ਸਖ਼ਤ ਸਜ਼ਾ ਕੀ ਹੋ ਸਕਦੀ ਹੈ ਮੇਰੇ ਆਕਾ?*

*ਮੁਫ਼ਤੀ : ਫਿਰ ਮੌਤ ਦਾ ਹੁਕਮ ਦੇਵੋ...ਹਾਂ, ਲੇਕਿਨ ਭੁੱਲ ਕੇ ਵੀ ਉਸ ਨਾਲ ਰੁਤਬੇ ਦੀ ਗੱਲ ਨਹੀਂ ਕਰਨੀ।*

*ਆਲਿਫ਼ ਖਾਂ : ਨਹੀਂ ਕਰਾਂਗਾ ਹਜ਼ੂਰ। ਹਰਗਿਜ਼ ਨਹੀਂ ਕਰਾਂਗਾ ।*

*(ਦੋਵੇਂ ਬਾਹਰ ਜਾਂਦੇ ਹਨ। ਕੋਤਵਾਲ ਖੜ੍ਹਾ ਰਹਿ ਜਾਂਦਾ ਹੈ)*

*ਕੋਤਵਾਲ : ਉਹ ਦੋਵੇਂ ਉਸਨੂੰ ਮਾਰਨਾ ਚਾਹੁੰਦੇ ਨੇ। ਇੱਕ ਉਸਦੀ ਇਖ਼ਲਾਕੀ ਮੌਤ ਚਾਹੁੰਦਾ ਹੈ ਤਾਂ ਕਿ ਉਹ ਬਾਦਸ਼ਾਹ ਦੀ ਕਰੋਪੀ ਤੋਂ ਹੀ ਨਾ ਬਚ ਸਕੇ, ਸਗੋਂ ਬਾਦਸ਼ਾਹ ਤੋਂ ਉਹ ਮਨਸਿਬ, ਜਾਗੀਰਾਂ ਔਰ ਹੋਰ ਬਖ਼ਸ਼ਿਸ਼ਾਂ ਹਾਸਲ ਕਰ ਸਕੇ ਔਰ ਦੂਜਾ ਉਸਦੀ ਜਿਸਮਾਨੀ ਮੌਤ ਚਾਹੁੰਦਾ ਹੈ ਤਾਂ ਕਿ ਉਹ ਪੀਰ ਉਸਦੀ ਥਾਂ ਨਾ ਲੈ ਲਵੇ ਔਰ ਆਪ ਸਦਾ ਮਜ਼ਹਬ ਦਾ ਠੇਕੇਦਾਰ ਬਣਿਆ ਰਹੇ। ਲੇਕਿਨ ਉਹ ਮਰ ਕੇ ਵੀ ਨਹੀਂ ਮਰੇਗਾ...ਯਾ ਖ਼ੁਦ ਉਸਦੀ ਮਦਦ ਕਰ।*[9]

ਸੋਲਵੀਂ ਝਾਕੀ ਵਿਚ ਕੋਤਵਾਲ ਦੀਆਂ ਮਾਨਸਿਕ ਗੁੰਝਲਾਂ ਨੂੰ ਪੇਸ਼ ਕੀਤਾ ਹੈ ਜੋ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਪਿੱਛੇ ਸਿਆਸਤੀ ਚਾਲਾਂ ਤੋਂ ਵਾਕਿਫ ਹੈ। ਉਸਨੂੰ ਸੱਤਾਧਾਰੀ ਕਰਿੰਦਿਆਂ ਦੀਆਂ ਹਰਕਤਾਂ ਦੀ ਨੀਝ ਨਾਲ ਪਰਖ ਹੈ, ਉਹ ਸਭ ਕੁਝ ਆਪਣੀ ਬੇਗਮ ਨਾਲ ਸਾਂਝਾ ਕਰਦਾ ਹੈ। ਉਸਨੂੰ ਗੁਰੂ ਜੀ ਨਾਲ ਹਮਦਰਦੀ ਵੀ ਹੈ ਅਤੇ ਬੇਗਮ ਉਸਦੀਆਂ ਗੱਲਾਂ ਸੁਣ ਕੇ ਕੁਰਾਨ ਸ਼ਰੀਫ਼ ਦੇ ਹਵਾਲੇ ਨਾਲ ਦੱਸਦੀ ਹੈ ਕਿ ਮੁਕੱਦਸ ਕੁਰਾਨ ਵਿਚ ਵੀ ਧਰਮ ਨਿਰਪੱਖਤਾ ਦੀ ਗੱਲ ਕੀਤੀ ਗਈ ਹੈ। ਕੋਤਵਾਲ ਔਰੰਗਜ਼ੇਬ ਦੇ ਪਿਛੋਕੜ ਬਾਰੇ ਵੀ ਜਾਣਦਾ ਹੈ ਕਿ ਕਿਵੇਂ ਉਸਨੇ ਰਾਜਗੱਦੀ ਲਈ ਆਪਣੇ ਪਿਓ ਅਤੇ ਭਰਾਵਾਂ ਨੂੰ ਵੀ ਨਹੀਂ ਬਖ਼ਸ਼ਿਆ। ਉਸਨੂੰ ਔਰੰਗਜ਼ੇਬ ਦਾ ਅੰਦਰਲਾ ਭੇਤ ਵੀ ਪਤਾ ਹੈ ਕਿ ਕਿਸ ਤਰੀਕੇ ਉਸਨੇ ਬਦਨਾਮੀ ਤੋਂ ਬਚਣ ਲਈ ਇਹ ਸਾਰਾ ਮਾਮਲਾ ਆਲਿਫ਼ ਖਾਂ ਦੇ ਸਪੁਰਦ ਕੀਤਾ ਹੈ। ਕੋਤਵਾਲ ਬਹੁਤ ਹੀ ਪਰੇਸ਼ਾਨੀ ਵਿਚ ਹੈ, ਪਰ ਉਹ ਨਿਸ਼ਚਾ ਕਰਦਾ ਹੈ ਕਿ ਉਹ ਆਪਣੀ ਜ਼ਮੀਰ ਨਹੀਂ ਮਾਰ ਸਕਦਾ। ਉਸਨੂੰ ਲੱਗਦਾ ਹੈ ਕਿ ਉਹ ਹੁਣ ਉਸ ਦਰਵੇਸ਼ ਨੂੰ ਹੋਰ ਤਸੀਹੇ ਨਹੀਂ ਦੇ ਸਕੇਗਾ ਤੇ ਹੁਕਮ ਦੀ ਨਾ ਫ਼ਰਮਾਨੀ ਦੀ ਜੇਕਰ ਉਸਨੂੰ ਸਜਾ ਵੀ ਦਿੱਤੀ ਜਾਵੇਗੀ ਤਾਂ ਉਸਨੂੰ ਮਨਜ਼ੂਰ ਹੈ। ਇਸ ਲਈ ਉਹ ਬੇਗਮ ਨੂੰ ਬੱਚਿਆਂ ਸਮੇਤ ਆਪਣੇ ਪੇਕੇ ਅਫਗਾਨਿਸਤਾਨ ਜਾਣ ਲਈ ਮਨਾ ਲੈਂਦਾ ਹੈ। ਸਤਾਰਵੀਂ ਅਤੇ ਅਠਾਰਵੀਂ ਝਾਕੀ ਵਿਚ ਗੁਰੂ ਜੀ ਦੀ

ਸ਼ਹੀਦੀ ਤੋਂ ਬਾਅਦ ਸ਼ਹੀਦੀ ਵਾਲੀ ਥਾਂ ਦਾ ਦ੍ਰਿਸ਼ ਹੈ ਜਿਥੇ ਆਲਿਫ਼ ਖਾਂ, ਕੋਤਵਾਲ ਅਤੇ ਮੌਲਾਨਾ ਖੜ੍ਹੇ ਹੁੰਦੇ ਹਨ। ਆਲਿਫ਼ ਖਾਂ ਕੋਤਵਾਲ ਕੋਲੋਂ ਗੁਰੂ ਜੀ ਦੀ ਦੇਹ ਦੀ ਮੰਗ ਕਰਦਾ ਹੈ ਤਾਂ ਕੋਤਵਾਲ ਦੱਸਦਾ ਹੈ ਕਿ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਭਾਰੀ ਤੂਫ਼ਾਨ ਝੱਲਿਆ, ਇੱਕ ਕਰਾਮਾਤ ਹੋਈ, ਜਦੋਂ ਤੂਫ਼ਾਨ ਠੱਲਿਆ ਤਾਂ ਉਥੋਂ ਗੁਰੂ ਜੀ ਦਾ ਸਰੀਰ ਗਾਇਬ ਸੀ। ਆਲਿਫ਼ ਖਾਂ ਕੋਤਵਾਲ 'ਤੇ ਗੁੱਸਾ ਵੀ ਕੱਢ ਰਿਹਾ ਸੀ ਤੇ ਸ਼ੱਕ ਵੀ ਕਰ ਰਿਹਾ ਸੀ। ਸ਼ੱਕ ਉਸਨੂੰ ਇਹ ਸੀ ਕਿ ਕਤਲ ਕੀਤਾ ਗਿਆ ਇਨਸਾਨ ਫ਼ਕੀਰ ਤੇਗ ਬਹਾਦਰ ਹੀ ਸੀ ਜਾਂ ਕੋਈ ਹੋਰ, ਜਿਸ ਲਈ ਉਹ ਸਬੂਤ ਦੀ ਮੰਗ ਕਰਦਾ ਹੈ :

*ਆਲਿਫ਼ ਖਾਂ : ਹੁਕਮ ਕਿਸੇ ਦਾ ਵੀ ਹੋਵੇ, ਫ਼ੈਸਲਾ ਤਾਂ ਅਦਾਲਤ ਹੀ ਕਰਦੀ ਹੈ (ਖਿਝ ਕੇ) ...ਬਹਿਸ ਮੱਤ ਕਰੋ... ਤੂੰ ਮੁਕੱਦਸ ਕਿਤਾਬ ਦੀ ਕਸਮ ਖਾ ਕੇ ਬੋਲ ਕਿ ਉਸੇ ਸ਼ਖ਼ਸ ਨੂੰ ਕਤਲ ਕੀਤਾ ਗਿਆ, ਜਿਸਨੂੰ ਕਾਜ਼ੀ*

*ਅਬਦੁੱਲ-ਉੱਲ-ਵਹਾਬ ਬੋਹਰਾ ਦੀ ਅਦਾਲਤ ਨੇ ਕਤਲ ਦਾ ਹੁਕਮ ਦਿੱਤਾ ਸੀ।*

ਕੋਤਵਾਲ :(ਪੱਕੇ ਇਰਾਦੇ ਨਾਲ) ਮੈਂ ਮੁਕੱਦਸ ਕਿਤਾਬ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਜਿਸ ਨੂੰ ਕਤਲ ਕੀਤਾ ਗਿਆ, ਇਹ ਉਹੋ ਸ਼ਖ਼ਸ ਸੀ ਜਿਸਨੂੰ ਕਾਜ਼ੀ ਅਬਦੁੱਲ-ਉੱਲ-ਵਹਾਬ ਬੋਹਰਾ ਨੇ ਮਜ਼ਹਬ ਮਿੱਲਤ ਔਰ

ਬਾਦਸ਼ਾਹ ਸਲਾਮਤ ਦੇ ਖਿਲਾਫ਼ ਬਗਾਵਤ ਉਕਸਾਉਣ ਬਦਲੇ ਸਜ਼ਾ ਦਾ ਹੁਕਮ ਦਿੱਤਾ ਸੀ।

ਆਲਿਫ਼ ਖਾਂ : ਜਾਣੀ ਕਿ ਤੇਗ ਬਹਾਦਰ ...?

ਕੋਤਵਾਲ : ਹਾਂ...ਪੀਰ ਤੇਗ ਬਹਾਦਰ ....।

ਆਲਿਫ਼ ਖਾਂ : ਲੇਕਿਨ ਇਸਦਾ ਕੀ ਸਬੂਤ?[10]

ਕੋਤਵਾਲ ਬਾਰ ਬਾਰ ਕਹਿੰਦਾ ਹੈ ਕਿ ਜਿਹੜੇ ਸੂਰਜ ਨੂੰ ਤੁਸੀਂ ਜਿਸਮਾਨੀ ਤੌਰ 'ਤੇ ਕਤਲ ਕੀਤਾ ਹੈ ਉਹ ਰੂਹਾਨੀ ਤੌਰ 'ਤੇ ਅਮਰ ਹੈ। ਗੁਰੂ ਜੀ ਸ਼ਹਾਦਤ ਨੇ ਲੋਕਾਂ ਵਿਚ ਇੱਕ ਨਵੀਂ ਫੂਕੀ ਹੈ, ਹਕੂਮਤ ਨੇ ਲੋਕਾਂ ਦੇ ਮਨਾਂ ਵਿਚ ਡਰ ਪੈਦਾ ਕਰਨ ਲਈ ਗੁਰੂ ਜੀ ਨੂੰ ਅਮਾਨਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਪਰ ਲੋਕ ਇਸ ਸ਼ਹਾਦਤ ਤੋਂ ਡਰੇ ਨਹੀਂ ਸਗੋਂ ਉਹਨਾਂ ਵਿਚ ਇੱਕ ਨਵਾਂ ਜੋਸ਼ ਭਰਿਆ ਗਿਆ। ਗੁਰੂ ਨਾਨਕ ਦੇਵ ਦੀ ਨੌਵੀਂ ਜੋਤ ਦੀ ਇਸ ਲਾਸਾਨੀ ਸ਼ਹਾਦਤ ਨੇ ਲੋਕਾਂ ਦੇ ਧਰਮ ਬਚਾਅ ਕੇ ਉਹਨਾਂ ਦੇ ਧਰਮ ਰੱਖਿਅਕ ਦੀ ਭੂਮਿਕਾ ਨਿਭਾਈ। ਇਸ ਸ਼ਹੀਦੀ ਦੇ ਅਸਰ ਕਾਰਨ ਲੋਕਾਂ ਵਿਚ ਨਵਾਂ ਉਤਸ਼ਾਹ ਪੈਦਾ ਹੋਇਆ ਕਿਉਂਕਿ ਜਿਸ ਸੂਰਜ ਨੂੰ ਕਤਲ ਕਰਕੇ ਹਕੂਮਤ ਲੋਕਾਂ ਵਿਚ ਭੈਅ ਪੈਦਾ ਕਰਨਾ ਚਾਹੁੰਦੀ ਸੀ ਉਹ ਸੂਰਜ ਕਦੇ ਕਤਲ ਨਹੀਂ ਕੀਤਾ ਜਾ ਸਕਦਾ। ਉਹ ਅੱਜ ਵੀ ਅਮਰ ਹੈ ਤੇ ਰਹਿੰਦੀ ਦੁਨੀਆ ਤਕ ਅਮਰ ਰਹੇਗਾ।

**ਹਵਾਲੇ ਟਿੱਪਣੀਆਂ**


1. ਈ. ਐਚ. ਕਾਰ, **ਇਤਿਹਾਸ ਕੀ ਹੈ**, ਪੰਨਾ-17
2. ਕੇਵਲ ਧਾਲੀਵਾਲ (ਸੰਪਾ), **ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ,** ਪੰਨਾ-13
3. ਉਹੀ, ਪੰਨਾ-107
4. ਉਹੀ, ਪੰਨਾ-113
5. ਉਹੀ, ਪੰਨਾ-132
6. ਉਹੀ, ਪੰਨਾ-135
7. ਉਹੀ, ਪੰਨਾ-155
8. ਉਹੀ, ਪੰਨਾ-165
9. ਉਹੀ, ਪੰਨੇ-174,175
10. ਉਹੀ, ਪੰਨਾ-187,188

# ਸਮਾਜਕ ਯਥਾਰਥ ਅਤੇ ਵਿਅਕਤੀਗਤ ਚੇਤਨਾ ਦਾ ਦਵੰਦ
## "ਜਿਉਣਾ ਸੱਚ ਬਾਕੀ ਝੂਠ" ਕਹਾਣੀ-ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿਚ

ਹੰਸਰਾਜ

ਸਹਾਇਕ ਪ੍ਰੋਫ਼ੈਸਰ

ਸਰਕਾਰੀ ਕਾਲਜ , ਗੁਰਦਾਸਪੁਰ

ਜਤਿੰਦਰ ਹਾਂਸ ਆਧਨਿਕ ਮਨੁੱਖ ਦੇ ਅੰਦਰੂਨੀ ਅਤੇ ਬਾਹਰੀ ਅਸਤਿੱਤਵ ਨੂੰ ਪਰਤ-ਦਰ-ਪਰਤ ਫਰੋਲਣ ਵਾਲਾ ਕਹਾਣੀਕਾਰ ਹੈ। ਸਹਿਜ ਭਾਸ਼ਾ ਰਾਹੀਂ ਗੰਭੀਰ ਸਮਾਜਿਕ ਮੁੱਦਿਆਂ ਨੂੰ ਉਠਾਉਣਾ ਅਤੇ ਆਮ ਜਿਹੇ ਪਾਤਰਾਂ ਅਤੇ ਘਟਨਾਵਾਂ ਰਾਹੀਂ ਡੂੰਘੇ ਸਮਾਜਕ ਅਤੇ ਮਨੋਵਿਗਿਆਨਕ ਅਰਥਾਂ ਨੂੰ ਸਿਰਜਣਾ ਹਾਂਸ ਦੀ ਕਹਾਣੀ-ਕਲਾ ਦੀ ਵਿਸ਼ੇਸ਼ਤਾ ਹੈ। ਡਾ. ਪ੍ਰੇਮ ਪ੍ਰਕਾਸ਼ ਦੇ ਸ਼ਬਦਾਂ ਵਿਚ "*ਜਤਿੰਦਰ ਹਾਂਸ ਆਪਣੇ ਆਮ ਜਿਹੇ ਪਾਤਰਾਂ ਦੇ ਪਿਆਰ, ਸਾੜੇ, ਦੁੱਖਾਂ ਜਾਂ ਸੁਖ ਦੀਆਂ ਭਾਵਨਾਵਾਂ ਵਿਚੀਂ ਲੰਘਦਾ ਆਮ ਜਿਹੀਆ ਗੱਲਾਂ ਨੂੰ ਖ਼ਾਸ ਬਣਾ ਦੇਂਦਾ ਹੈ। ਉਹਦੀ ਸਹਿਜਤਾ ਤੋਂ ਲੱਗਦਾ ਏ ਕਿ ਉਹ ਜਿੰਨ੍ਹਾਂ ਆਮ ਬੋਲੇ ਜਾਂਦੇ ਸ਼ਬਦਾਂ ਤੇ ਮੁਹਾਵਰਿਆਂ ਨਾਲ ਕਿੰਨੇ ਈ ਨਵੇਂ ਪਾਤਰ ਘੜ ਲੈਂਦਾ ਹੈ। ਜਿਹੜੇ ਮੁਹੱਬਤਾਂ, ਸਾੜਿਆਂ, ਸੁਆਰਥਾਂ ਤੇ ਹੋਰ ਖਿੱਚਾਂ-ਧੂਹਾਂ 'ਚ ਪਏ ਚੰਗੀ ਮਾੜੀ ਜ਼ਿੰਦਗੀ ਗੁਜ਼ਾਰੀ ਜਾਂਦੇ ਨੇ। ਇਹ ਆਮ ਜਿਹੇ ਪਾਤਰ ਕਹਾਣੀ 'ਚ ਆ ਕੇ ਖਾਸ ਅਰਥ ਪੈਦਾ ਕਰਨ ਲੱਗ ਪੈਂਦੇ ਨੇ"* ਪੂੰਜੀਵਾਦ/ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਪੰਜਾਬੀ ਸਮਾਜਕ-ਸਭਿਆਚਾਰਕ ਪ੍ਰਬੰਧ ਵਿਚ ਪੁਰਾਣੀਆਂ ਕਦਰਾਂ-ਕੀਮਤਾਂ ਦੇ ਖੰਡਿਤ ਹੋਣ ਅਤੇ ਉਨ੍ਹਾਂ ਦੀ ਥਾਂ ਲੈ ਰਹੀਆਂ ਨਵੀਆਂ ਕਦਰਾਂ-ਕੀਮਤਾਂ ਦੀ ਸਥਾਪਤੀ ਦੀ ਬਿਰਤਾਂਤਕੀ ਪੇਸ਼ਕਾਰੀ ਉਸਦੀਆਂ ਕਹਾਣੀਆਂ ਦਾ ਮੂਲ ਨੁਕਤਾ ਹੈ। ਹਥਲੇ ਕਹਾਣੀ ਸੰਗ੍ਰਹਿ ਦਾ ਸਿਰਲੇਖ "ਜਿਉਣਾ ਸੱਚ ਬਾਕੀ ਝੂਠ" ਚਿਹਨਾਤਮਕ/ਪ੍ਰਤੀਕਾਤਮਕ ਮਹੱਤਤਾ ਰੱਖਦਾ ਹੈ। ਇਹ ਜ਼ਿੰਦਗੀ ਦੇ ਯਥਾਰਥ ਅਤੇ ਉਸਦੇ ਆਲੇ-ਦੁਆਲੇ ਬਣੇ ਦਿਖਾਵਿਆਂ ਜਾਂ ਭਰਮਾਂ ਵੱਲ ਇਸ਼ਾਰਾ ਕਰਦਾ ਹੈ। ਹਾਂਸ ਦੀਆਂ ਇਹ ਕਹਾਣੀਆਂ ਅਕਸਰ ਇਕ ਅਜਿਹੇ ਸੱਚ-ਝੂਠ, ਚੇਤਨ-ਅਵਚੇਤਨ, ਜੀਵਨ-ਮੌਤ ਵਰਗੇ ਦਵੰਦਾਂ ਦੀ ਸਿਰਜਣਾ ਕਰਦੀਆਂ ਹਨ, ਜਿੱਥੇ ਪਾਤਰ ਆਪਣੇ ਵਾਸਤਵਿਕ ਅਸਤਿੱਤਵ ਅਤੇ ਸਮਾਜਕ-ਪ੍ਰਬੰਧ ਦੁਆਰਾ ਥੋਪੀਆਂ ਗਈਆਂ ਰੀਤਾਂ ਜਾਂ ਮਾਨਤਾਵਾਂ ਵਿਚਕਾਰ ਸੰਘਰਸ਼ ਕਰਦੇ ਦਿਖਾਈ ਦਿੰਦੇ ਹਨ। ਇਸ ਸੰਘਰਸ਼ ਵਿਚੋਂ ਹੀ ਉਨ੍ਹਾਂ ਦੀ ਵਿਲੱਖਣ/ਵਿਅਕਤੀਗਤ ਪਛਾਣ ਉਜਾਗਰ ਹੁੰਦੀ ਹੈ। ਇਸ ਸੰਗ੍ਰਹਿ ਵਿਚਲੀਆਂ 9 ਕਹਾਣੀਆਂ ਵਿਚ ਬੇਰੁਜ਼ਗਾਰੀ, ਸਿੱਖਿਆ ਪ੍ਰਣਾਲੀ ਵਿੱਚ ਅਸਮਾਨਤਾ, ਸੋਸ਼ਲ ਮੀਡੀਆ ਦੀ ਦੁਰਵਰਤੋਂ, ਪਰਵਾਸ ਦੇ ਮਸਲੇ, ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ, ਪਰਿਵਾਰਕ ਰਿਸ਼ਤਿਆਂ ਵਿੱਚ ਤਣਾਅ, ਔਰਤਾਂ ਦੀਆਂ ਇੱਛਾਵਾਂ ਅਤੇ ਉਨ੍ਹਾਂ ਦੇ ਮਨੋਵਿਗਿਆਨਕ ਸੰਘਰਸ਼ ਵਰਗੇ ਵਿਸ਼ੇ ਸ਼ਾਮਲ ਹਨ।

ਕਹਾਣੀ ਸੰਗ੍ਰਹਿ ਦੀ ਟਾਈਟਲ ਕਹਾਣੀ **"… ਬਾਕੀ ਸਭ ਝੂਠ ਆ"** ਬੇਰੁਜ਼ਗਾਰੀ ਦੀ ਸਮੱਸਿਆ ਨੂੰ ਮੱਧਵਰਗੀ ਕਿਸਾਨੀ ਪਰਿਵਾਰ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਦੀ ਹੈ। ਆਧੁਨਿਕ ਪੂੰਜੀਵਾਦੀ ਪ੍ਰਬੰਧ ਨੇ ਸਮਾਜਕ ਪਰਿਵਾਰਕ ਰਿਸ਼ਤਿਆਂ ਵਿੱਚਲੇ ਤਣਾਅ ਨੂੰ ਹੋਰ ਜਟਿਲ ਬਣਾ ਦਿੱਤਾ ਹੈ, ਜਿਸਦੇ

ਸਿੱਟੇ ਵਜੋਂ ਸਮਾਜਕ ਅਤੇ ਆਰਥਿਕ ਪਾੜੇ ਵਿੱਚ ਵਾਧਾ ਹੋਇਆ ਹੈ। ਇਸ ਕਹਾਣੀ ਵਿੱਚਲਾ 'ਮੈਂ' ਪਾਤਰ ਜਿਸਦਾ ਨਾਮ ਜਗਜੀਤ ਹੈ, ਦੀ ਬੇਰੁਜ਼ਗਾਰੀ ਦੀ ਸਮੱਸਿਆ ਵੀ ਇਸੇ ਸੰਕਟ ਵਿੱਚੋਂ ਉਭਰ ਕੇ ਸਾਹਮਣੇ ਆਉਂਦੀ ਹੈ। ਜਗਜੀਤ ਆਧੁਨਿਕ ਮਨੁੱਖ ਦੇ ਪ੍ਰਤੀਕ ਵਜੋਂ ਕਹਾਣੀ ਵਿੱਚ ਪੇਸ਼ ਹੁੰਦਾ ਹੈ। ਉਸਦੀ ਆਧੁਨਿਕ ਦ੍ਰਿਸ਼ਟੀ ਜਿਸਦੇ ਅਨੁਕੂਲ ਉਹ ਜੀਵਨ ਬਤੀਤ ਕਰਨ ਬਾਰੇ ਸੋਚਦਾ ਹੈ। ਉਹ ਉੱਚ ਸਿੱਖਿਆ ਪ੍ਰਾਪਤ ਹੋਣ ਦੇ ਬਾਵਜੂਦ ਵੀ ਨੌਕਰੀ ਪ੍ਰਾਪਤ ਕਰਨ ਵਿੱਚ ਅਸਮਰੱਥ ਰਹਿੰਦਾ ਹੈ। ਇਸ ਅਸਮਰੱਥਤਾ ਕਾਰਨ ਉਸ ਵਿੱਚ ਤਣਾਓ ਪੈਦਾ ਹੁੰਦਾ ਹੈ, ਜਿਸ ਕਰਕੇ ਉਹ ਨਸ਼ਿਆਂ ਵਿੱਚ ਲੱਗ ਜਾਂਦਾ ਹੈ ਅਤੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਸਲ ਵਿੱਚ ਉਸਦੀ ਇਸ ਹਾਲਤ ਦਾ ਮੁੱਖ ਕਾਰਨ ਉਸਦਾ ਉਹ ਮਨੋਰਥ ਬਣਦਾ ਹੈ ਜਿਸਦੇ ਤਹਿਤ ਉਹ ਸਾਰੀ ਦੁਨੀਆਂ ਨੂੰ ਆਪਣੇ ਨਿਯੰਤਰਣ ਵਿੱਚ ਕਰਨਾ ਚਾਹੁੰਦਾ ਹੈ। ਇਸ ਪ੍ਰਸੰਗ ਵਿੱਚ ਜਗਜੀਤ ਦੇ ਬੋਲ *"ਮੈਂ ਚਾਹੁੰਦਾ ਸੀ ਕੋਈ ਅਜਿਹਾ ਕੰਮ ਕਰਾਂ, ਦੁਨੀਆਂ ਮੇਰੀ ਮੁੱਠੀ 'ਚ ਹੋਵੇ।"*[2] ਆਧੁਨਿਕ ਮਨੁੱਖ ਦੀ ਇਸੇ ਬਿਰਤੀ ਨੂੰ ਚਿਹਨਤ ਕਰਦੇ ਹਨ।

ਦੂਜੇ ਪਾਸੇ ਜਗਜੀਤ ਦੇ ਪਿਤਾ ਹਰੀ ਸਿੰਘ ਘੱਟ ਪੜ੍ਹੇ ਹੋਣ ਦੇ ਬਾਵਜੂਦ ਵੀ ਆਪਣੀ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ ਵਿੱਚ ਸਫ਼ਲ ਹੁੰਦਾ ਹੈ ਜਿਸਦੇ ਸਿੱਟੇ ਵਜੋਂ ਜਗਜੀਤ ਐੱਮ.ਟੈੱਕ ਵਰਗੀ ਉੱਚ ਸਿੱਖਿਆ ਪ੍ਰਾਪਤ ਕਰ ਜਾਂਦਾ ਹੈ। ਹਰੀ ਸਿੰਘ ਆਧੁਨਿਕ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ ਅਤੇ ਆਪਣੇ ਪਰੰਪਰਕ ਵਿਰਸੇ ਨਾਲ ਵੀ ਜੁੜਿਆ ਰਹਿੰਦਾ ਹੈ। ਇਹ ਵਿਰਸਾ ਹੀ ਉਨ੍ਹਾਂ ਨੂੰ ਹਰ ਮੁਸ਼ਕਿਲ ਅਤੇ ਮੁਸੀਬਤ ਨਾਲ ਲੜਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਇਸ ਸੰਦਰਭ ਵਿੱਚ ਉਨ੍ਹਾਂ ਦੇ ਬੋਲ "*ਕੀ ਆਹ ਇਹ ਟਰਾਲੀ, ਸਾਡੇ ਗੁਰੂ ਮਹਾਰਾਜ ਨੇ ਇੱਕ ਹੱਥ ਨਾਲ ਪਹਾੜ ਰੋਕਤਾ ਸੀ... ਉਹ ਗੱਲ ਭੁੱਲਗੀ?"*[3] *"ਸੱਚੇ ਪਾਤਸ਼ਾਹ, "ਗੁਰੂ ਮਹਾਰਾਜ" ਨੀਲੇ ਘੋੜੇ ਤੇ ਸਵਾਰ ਉਨ੍ਹਾਂ ਦੇ ਹੱਥ ਵਿੱਚ ਲਿਸ਼ਕ ਰਹੀ ਤਲਵਾਰ, ਮੋਢੇ ਤੇ ਬਾਜ, ਉਨ੍ਹਾਂ ਦੇ ਚਿਹਰੇ ਦੀ ਤਾਬ ਝੱਲੀ ਨਾ ਜਾਵੇ। ਮੇਰਾ ਮੋਢਾ ਥਾਪੜ ਕੇ ਕਿਹਾ, "ਬੇਟਾ ਕਦੇ ਹਿੰਮਤ ਨਹੀਂ ਹਾਰਨੀ"*[4] ਆਦਿ ਵਾਕੰਸ਼ ਉਸ ਦੇ ਅਵਚੇਤਨ ਵਿੱਚ ਸਥਾਪਿਤ ਵਿਰਸੇ ਦੀ ਪਛਾਣ ਕਰਵਾਉਂਦੇ ਹਨ।

ਇਹ ਕਹਾਣੀ ਜਗਜੀਤ ਅਤੇ ਹਰੀ ਸਿੰਘ ਦੇ ਮਾਧਿਅਮ ਰਾਹੀਂ ਆਧੁਨਿਕਤਾ ਅਤੇ ਪਰੰਪਰਾ ਵਿਚਲੇ ਦਵੰਦ ਨੂੰ ਪੇਸ਼ ਕਰਦੀ ਹੈ। ਜਿੱਥੇ ਹਰੀ ਸਿੰਘ ਟਰੈਕਟਰ ਖਰੀਦ ਕੇ ਆਧੁਨਿਕਤਾ ਨਾਲ ਜੁੜਿਆ ਹੋਇਆ ਦਿਖਾਈ ਦਿੰਦਾ ਹੈ, ਉੱਥੇ ਉਹ ਆਧੁਨਿਕਤਾ ਨੂੰ ਕੇਵਲ ਲੋੜ ਤੱਕ ਹੀ ਅਪਣਾਉਂਦਾ ਹੈ, ਨਾ ਕਿ ਫੈਸ਼ਨ ਵਜੋਂ। ਭਾਵ ਕਿ ਉਹ ਇਸਨੂੰ ਆਪਣੇ ਜੀਵਨ ਦਾ ਪ੍ਰਮੁੱਖ ਆਧਾਰ ਨਹੀਂ ਬਣਾਉਂਦਾ ਅਤੇ ਆਪਣੇ ਪਰੰਪਰਕ ਵਿਰਸੇ ਨਾਲ ਵੀ ਜੁੜਿਆ ਰਹਿੰਦਾ ਹੈ, ਜਿਸ ਕਰਕੇ ਉਨ੍ਹਾਂ ਦਾ ਜੀਵਨ ਜੀਵਨਮੁਖੀ ਹੈ। ਇਸਦੇ ਉਲਟ ਜਗਜੀਤ ਪੂਰੀ ਤਰ੍ਹਾਂ ਆਧੁਨਿਕਤਾ ਦੇ ਪ੍ਰਭਾਵ ਅਧੀਨ ਆਪਣਾ ਜੀਵਨ ਬਤੀਤ ਕਰਦਾ ਹੋਇਆ ਮੌਤਮੁਖੀ ਜੀਵਨ ਜਿਉਂਦਾ ਹੈ, ਜਿਸ ਕਰਕੇ ਉਸਦਾ ਜੀਵਨ ਮੁਸ਼ਕਿਲਾਂ ਨਾਲ ਭਰਿਆ ਹੋਇਆ ਹੈ। ਜਿੱਥੇ ਹਰੀ ਸਿੰਘ ਕੋਲ ਇਨ੍ਹਾਂ ਮੁਸ਼ਕਿਲਾਂ ਨਾਲ ਲੜਨ ਲਈ ਉਨ੍ਹਾਂ ਦਾ ਵਿਰਸਾ ਇੱਕ ਹੱਲ ਪੇਸ਼ ਕਰਦਾ ਹੈ, ਉੱਥੇ ਜਗਜੀਤ ਕੋਲ ਅਜਿਹਾ ਕੋਈ ਮਾਰਗ ਨਹੀਂ ਹੈ, ਕਿਉਂਕਿ ਆਧੁਨਿਕਤਾ ਨੇ ਤਰਕ ਦੇ ਆਧਾਰ 'ਤੇ ਆਧੁਨਿਕ ਮਨੁੱਖ ਨੂੰ ਧਰਮ ਤੋਂ ਦੂਰ ਤਾਂ ਕਰ ਦਿੱਤਾ ਹੈ, ਪਰ ਉਸਦਾ ਕੋਈ ਢੁਕਵਾਂ ਬਦਲ ਨਹੀਂ ਦਿੱਤਾ।

ਜਤਿੰਦਰ ਹਾਂਸ ਦੀ ਕਹਾਣੀ **"ਙ ਖਾਲੀ ਨਹੀਂ ਹੁੰਦਾ"** ਸਮਕਾਲੀ ਰਾਜਨੀਤਿਕ ਪ੍ਰਬੰਧ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਪੈਦਾ ਕੀਤੀ ਜਾ ਰਹੀ ਵਿਸੰਗਤੀ 'ਤੇ ਤਿੱਖਾ ਵਿਅੰਗ ਕੱਸਦੀ ਹੈ। 'ਸਮਾਨਤਾ ਦਿਵਸ' ਦੇ ਆਲੇ-ਦੁਆਲੇ ਬੁਣੀ ਗਈ ਇਸ ਕਹਾਣੀ ਦਾ ਧੁਰਾ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਿਚਕਾਰ ਦਿਖਾਈ ਦੇਣ ਵਾਲੀ ਸਮਾਨਤਾ ਅਤੇ ਸਹਿਯੋਗ ਦੀ ਉਮੀਦ 'ਤੇ ਟਿਕਿਆ ਹੈ, ਪਰ ਅਸਲ ਵਿੱਚ ਇਹ ਦੋਵਾਂ ਵਿੱਚ ਮੌਜੂਦ ਡੂੰਘੇ ਪਾੜੇ ਅਤੇ ਅਸਮਾਨਤਾਵਾਂ ਨੂੰ ਹੀ ਵਧੇਰੇ ਪ੍ਰਮੁੱਖਤਾ ਨਾਲ ਉਜਾਗਰ ਕਰਦੀ ਹੈ। ਗਰੀਬ ਪਰਿਵਾਰ ਨਾਲ ਸੰਬੰਧਿਤ ਜਿੰਦੂ ਦਾ ਪਾਤਰ, ਜਿਸਦੀ ਪੜ੍ਹਨ ਵਿਚ ਰੁਚੀ ਘੱਟ ਅਤੇ ਸ਼ਰਾਰਤਾਂ ਵਿੱਚ ਵਧੇਰੇ ਹੈ, ਸਿੱਖਿਆ ਪ੍ਰਣਾਲੀ ਦੀ ਸੰਵੇਦਨਹੀਣਤਾ ਦਾ ਸ਼ਿਕਾਰ ਹੁੰਦਾ ਹੈ। ਮੋਨਿਕਾ ਮੈਡਮ ਦੁਆਰਾ ਉਸਦੀ ਤੁਲਨਾ ਗੁਰਮੁਖੀ ਦੇ ਖਾਲੀ ਅੱਖਰ 'ਙ' ਨਾਲ ਕਰਨਾ ਇੱਕ ਅਜਿਹੇ ਰਵੱਈਏ ਨੂੰ ਦਰਸਾਉਂਦਾ ਹੈ ਜੋ ਵਿਦਿਆਰਥੀ ਦੀ ਵਿਲੱਖਣਤਾ ਅਤੇ ਉਸਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਬੁਰੀ ਤਰ੍ਹਾਂ ਅਸਫਲ ਰਹਿੰਦਾ ਹੈ। ਮੈਡਮ ਦਾ ਇਹ ਕਥਨ ਕਿ "ਸਰ ਜਿਨ੍ਹਾਂ ਮਰਜ਼ੀ ਜ਼ੋਰ ਲਗਾ ਲੋ 'ਙ' ਖਾਲੀ ਹੁੰਦਾ,"[5] ਜਿੰਦੂ ਦੀਆਂ ਸ਼ਰਾਰਤਾਂ ਅਤੇ ਪੜ੍ਹਾਈ ਪ੍ਰਤੀ ਉਸਦੀ ਉਦਾਸੀਨਤਾ ਦੇ ਸੰਭਾਵੀ ਕਾਰਨਾਂ ਨੂੰ ਜਾਣਨ ਦੀ ਕੋਈ ਕੋਸ਼ਿਸ਼ ਨਹੀਂ ਕਰਦਾ। ਜਿੰਦੂ ਦੁਆਰਾ ਧਰਤੀ 'ਤੇ ਚਪਲਾਂ ਮਾਰਨ ਨੂੰ ਸਿਰਫ਼ ਇੱਕ ਸ਼ਰਾਰਤ ਸਮਝਣਾ ਅਤੇ ਉਸਨੂੰ ਕੀੜੀਆਂ ਨਾ ਮਾਰਨ ਦੀ ਸਲਾਹ ਦੇਣਾ, ਉਸਦੇ ਅੰਦਰਲੇ ਡੂੰਘੇ ਦੁੱਖ ਅਤੇ ਤਣਾਅ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਦਾ ਹੈ। ਜਿੰਦੂ ਦਾ ਇਹ ਜਵਾਬ ਕਿ *"ਮੈਡਮ ਜੀ ਇਹ ਕੀੜਾ ਤੀ,"*[6] ਇਸ ਪ੍ਰਸੰਗ ਵਿੱਚ ਮਹੱਤਵਪੂਰਨ ਹੈ ਕਿਉਂਕਿ ਇਹ ਉਸਦੇ ਅੰਦਰਲੇ ਤੜਫ ਰਹੇ ਮਨੋਵਿਗਿਆਨਕ ਦਰਦ ਵੱਲ ਸੰਕੇਤ ਕਰਦਾ ਹੈ।

ਕੀੜਿਆਂ ਨੂੰ ਮਾਰਨ ਦੀ ਘਟਨਾ ਦਾ ਮਨੋਵਿਗਿਆਨਕ ਪੱਖ ਉਦੋਂ ਸਪੱਸ਼ਟ ਹੁੰਦਾ ਹੈ, ਜਦੋਂ ਜਿੰਦੂ ਆਪਣੇ ਸ਼ਰਾਬੀ ਪਿਤਾ ਦੀ ਹਿੰਸਾ ਦਾ ਪ੍ਰਦਰਸ਼ਨ ਕਰਦਾ ਹੈ। ਇੱਕ ਅਜਿਹਾ ਦ੍ਰਿਸ਼ ਜੋ ਉਸਦੇ ਦਿਮਾਗ ਵਿੱਚ ਇੱਕ ਜ਼ਹਿਰੀਲੇ ਕੀੜੇ ਵਾਂਗ ਰੇਂਗਦਾ ਰਹਿੰਦਾ ਹੈ। ਕਹਾਣੀਕਾਰ ਦੁਆਰਾ ਇਸ ਨਕਲ ਦੀ ਪੇਸ਼ਕਾਰੀ *"ਸਕਿਟਾਂ ਪੇਸ਼ ਕਰਦਿਆਂ ਜਿੰਦੂ ਸ਼ਰਾਬੀ ਵਾਂਗ ਕਰ ਰਿਹਾ ਸੀ, "ਤੂੰ ਤਾਂ ਕਹਿੰਨੀ ਆਂ, ਮੈਂ ਦਸਾਂ ਬੰਦਿਆ ਜਿੰਨਾਂ ਕੰਮ ਕਰਦੀ ਆਂ,... ਤੂੰ ਕੁੱਤੀਏ ਕਹਿੰਨੀ ਏ ਮੈਂ ਸਾਰਾ ਕੁਝ ਨਸ਼ਿਆ 'ਚ ਰੋੜਤਾ... ਤੂੰ ਕਹਿੰਨੀ ਏ ਮੈਂ ਤੇਰਾ ਲੱਕ ਤੋੜਤਾ... ਕੁੱਤੀਏ ਚੰਗੀ ਭਲੀਂ ਏ... ਮੈਂ ਤੇਰਾ ਖਸਮ ਆਂ... ਮੇਰੇ ਬਰਾਬਰ ਬੋਲਦੀ ਏ... ਚੱਲ ਮੈਨੂੰ ਪਿਸ਼ਾਬ ਕਰਾਕੇ ਲਿਆ"*[7] ਕਹਾਣੀਕਾਰ ਦੁਆਰਾ ਇਸ ਨਕਲ ਦੀ ਪੇਸ਼ਕਾਰੀ ਨਾ ਸਿਰਫ਼ ਘਰੇਲੂ ਹਿੰਸਾ ਦੀ ਭਿਆਨਕਤਾ ਨੂੰ ਉਜਾਗਰ ਕਰਦੀ ਹੈ ਬਲਕਿ ਜਿੰਦੂ ਦੇ ਬਾਲ ਮਨ 'ਤੇ ਇਸਦੇ ਡੂੰਘੇ ਪ੍ਰਭਾਵ ਨੂੰ ਵੀ ਦਰਸਾਉਂਦੀ ਹੈ। ਇਸ ਘਟਨਾ ਤੋਂ ਬਾਅਦ ਮੈਂ ਪਾਤਰ ਨੂੰ ਜਿੰਦੂ ਦੀ ਅਸਲ ਯੋਗਤਾ ਅਤੇ ਸਮਝ ਦਾ ਅਹਿਸਾਸ ਹੁੰਦਾ ਹੈ, ਜਿਸ ਨਾਲ ਉਸਦਾ ਪਹਿਲਾ ਨਕਾਰਾਤਮਕ ਨਜ਼ਰੀਆ ਬਦਲ ਜਾਂਦਾ ਹੈ। ਮੈਂ ਪਾਤਰ ਦਾ ਇਹ ਸੋਚਣਾ ਕਿ *"ਙ ਖਾਲੀ ਨਹੀਂ ਹੁੰਦਾ ਅਸੀਂ ਹੀ ਕਦੇ ਓਹਦੀ ਧੁਨੀ ਵੱਲ ਧਿਆਨ ਨਹੀਂ ਦਿੱਤਾ"*[8] ਇੱਕ ਮਹੱਤਵਪੂਰਨ ਸਵੈ-ਆਲੋਚਨਾ ਹੈ ਜੋ ਸਮਾਜ ਵਿੱਚ ਪ੍ਰਚਲਿਤ ਪੱਖਪਾਤ ਅਤੇ ਪੂਰਵ-ਧਾਰਨਾਵਾਂ ਵੱਲ ਇਸ਼ਾਰਾ ਕਰਦੀ ਹੈ।

ਇਹ ਕਹਾਣੀ ਇੱਕ ਸ਼ਕਤੀਸ਼ਾਲੀ ਤਰਕ ਪੇਸ਼ ਕਰਦੀ ਹੈ ਕਿ ਕੋਈ ਵੀ ਵਿਅਕਤੀ ਬੁੱਧੀ ਜਾਂ ਯੋਗਤਾ ਤੋਂ

ਸੱਖਣਾ ਨਹੀਂ ਹੁੰਦਾ, ਸਗੋਂ ਸਮਾਜਕ ਢਾਂਚੇ ਅਤੇ ਵਿਅਕਤੀਗਤ ਪੱਖਪਾਤ ਕਾਰਨ ਕੁਝ ਯੋਗਤਾਵਾਂ/ਵਿਲੱਖਣਤਾਵਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਅਜੋਕੇ ਰਾਜਨੀਤਿਕ ਪ੍ਰਬੰਧ ਦੁਆਰਾ ਸਮਾਜਕ ਪੱਧਰ 'ਤੇ ਸਮਾਨਤਾ ਸਿਰਜਣ ਦਾ ਦਾਅਵਾ ਉਦੋਂ ਖੋਖਲਾ ਸਾਬਤ ਹੁੰਦਾ ਹੈ ਜਦੋਂ ਮੋਨਿਕਾ ਮੈਡਮ ਵਰਗੀ ਪਾਤਰ, ਜੋ ਖੁਦ ਹਾਸ਼ੀਏ 'ਤੇ ਧੱਕੇ ਗਏ ਵਰਗ ਨਾਲ ਸੰਬੰਧ ਰੱਖਦੀ ਹੈ, ਮੱਧਵਰਗ ਵਿੱਚ ਦਾਖਲ ਹੋਣ ਤੋਂ ਬਾਅਦ ਆਪਣੀ ਹੀ ਜਾਤੀ ਦੇ ਲੋਕਾਂ ਅਤੇ ਆਪਣੇ ਤੋਂ ਹੇਠਲੇ ਅਹੁਦਿਆਂ 'ਤੇ ਕੰਮ ਕਰਨ ਵਾਲਿਆਂ ਨੂੰ ਤੁੱਛ ਸਮਝਣ ਲੱਗਦੀ ਹੈ। ਮੈਂ ਪਾਤਰ ਦਾ ਇਹ ਕਹਿਣਾ ਕਿ *"ਤੁਸੀਂ ਸਾਨੂੰ ਕੀੜੇ ਮਕੌੜੇ ਸਮਝਣੋ ਹਟ ਜੋ, ਸਮਾਨਤਾ ਆਪੇ ਆਜੂ...,"*[9] ਇੱਕ ਤਿੱਖੀ ਸਮਾਜਕ ਟਿੱਪਣੀ ਹੈ ਕਿ ਜਦੋਂ ਤੱਕ ਮਾਨਸਿਕ ਪੱਧਰ 'ਤੇ ਸਮਾਨਤਾ ਅਤੇ ਸੰਵੇਦਨਸ਼ੀਲਤਾ ਨਹੀਂ ਆਉਂਦੀ, ਉਦੋਂ ਤੱਕ ਬਾਹਰੀ ਸਮਾਨਤਾ ਦੀਆਂ ਕੋਸ਼ਿਸ਼ਾਂ ਬੇਅਰਥ ਹਨ। ਇਹ ਕਹਾਣੀ ਇਹ ਸਥਾਪਿਤ ਕਰਦੀ ਹੈ ਕਿ ਅਸਲ ਸਮਾਨਤਾ ਲਈ ਸਮਾਜਕ ਢਾਂਚਿਆਂ ਵਿੱਚ ਤਬਦੀਲੀ ਦੇ ਨਾਲ-ਨਾਲ ਵਿਅਕਤੀਗਤ ਮਾਨਸਿਕਤਾ ਵਿੱਚ ਪਰਿਵਰਤਨ ਵੀ ਜ਼ਰੂਰੀ ਹੈ।

"**ਲਵ–ਜਿਹਾਦ**" ਕਹਾਣੀ ਨਵੀਂ ਪੀੜ੍ਹੀ ਦੁਆਰਾ ਸੋਸ਼ਲ ਮੀਡੀਆ ਦੀ ਅੰਨ੍ਹੇਵਾਹ ਵਰਤੋਂ ਅਤੇ ਇਸਦੇ ਜਾਲ ਵਿੱਚ ਫਸੇ ਨੌਜਵਾਨਾਂ ਦੇ ਸੰਕਟਾਂ 'ਤੇ ਇੱਕ ਚਿੰਤਾਜਨਕ ਰੌਸ਼ਨੀ ਪਾਉਂਦੀ ਹੈ। ਕਹਾਣੀ ਦਾ ਕੇਂਦਰੀ ਧੁਰਾ ਮੈਂ ਪਾਤਰ ਦੀ ਔਲਾਦ ਪ੍ਰਾਪਤੀ ਲਈ ਤੀਬਰ ਮਾਨਸਿਕ ਪੀੜਾ ਅਤੇ ਸੰਘਰਸ਼ ਹੈ, ਜੋ ਇੱਕ ਔਰਤ ਦੇ ਸਮਾਜਕ ਸਵੈਮਾਨ ਨਾਲ ਜੁੜਿਆ ਹੋਇਆ ਹੈ। ਫੇਸਬੁੱਕ 'ਤੇ ਦੋਸਤ ਬਣੇ ਨੌਵੀਂ ਨਾਲ ਵਿਆਹੀ ਮੈਂ ਪਾਤਰ ਨੂੰ ਜਦੋਂ ਵਿਆਹ ਤੋਂ ਲੰਮਾ ਸਮਾਂ ਬੀਤਣ 'ਤੇ ਵੀ ਬੱਚਾ ਨਹੀਂ ਹੁੰਦਾ, ਤਾਂ ਉਹ ਡੂੰਘੀ ਨਿਰਾਸ਼ਾ ਵਿੱਚ ਡੁੱਬ ਜਾਂਦੀ ਹੈ। ਜਦੋਂ ਉਸਨੂੰ ਪਤਾ ਲੱਗਦਾ ਹੈ ਕਿ ਨੁਕਸ ਉਸ ਵਿੱਚ ਨਹੀਂ, ਸਗੋਂ ਨੌਵੀਂ ਵਿੱਚ ਹੈ, ਤਾਂ ਉਹ ਇੱਕ ਨਿਰਾਸ਼ਾਜਨਕ ਕਦਮ ਚੁੱਕਦੀ ਹੈ ਅਤੇ ਕਿਸੇ ਹੋਰ ਮਰਦ ਤੋਂ ਬੱਚਾ ਪੈਦਾ ਕਰਨ ਦਾ ਫੈਸਲਾ ਕਰਦੀ ਹੈ। ਆਪਣੇ ਇੱਕ ਹੋਰ ਫੇਸਬੁੱਕ ਦੋਸਤ ਕਮਲ ਨੂੰ ਘਰ ਬੁਲਾਉਣਾ ਇਸੇ ਨਿਰਾਸ਼ਾ ਅਤੇ ਮਜਬੂਰੀ ਦਾ ਨਤੀਜਾ ਹੈ ਪਰ ਜਦੋਂ ਉਸਨੂੰ ਕਮਲ ਦੀ ਸੌੜੀ ਮਾਨਸਿਕਤਾ ਦਾ ਅਹਿਸਾਸ ਹੁੰਦਾ ਹੈ ਕਿ ਉਹ ਸਿਰਫ਼ ਉਸਦੇ ਸਰੀਰਕ ਪੱਖ ਵਿੱਚ ਦਿਲਚਸਪੀ ਰੱਖਦਾ ਹੈ, ਤਾਂ ਉਹ ਉਸਨੂੰ ਤੁਰੰਤ ਘਰੋਂ ਕੱਢ ਦਿੰਦੀ ਹੈ। ਇਸ ਪ੍ਰਸੰਗ ਵਿੱਚ ਉਸਦੇ ਸ਼ਬਦ "ਮੈਨੂੰ ਮਹਿਸੂਸ ਹੋ ਗਿਆ ਕਮਲ ਮੈਨੂੰ ਪਿਆਰ ਨਹੀਂ ਕਰਦਾ। ਜੇ ਸੱਚਾ ਪਿਆਰ ਕਰਦਾ ਤਾਂ ਕਿਵੇ ਸਹਿ ਲੈਂਦਾ ਮੈਂ ਕਿਸੇ ਹੋਰ ਨੂੰ ਵੀ ਪਿਆਰ ਕਰਾਂ"[10] ਉਸਦੇ ਅੰਦਰਲੇ ਡੂੰਘੇ ਸੰਕਟ ਅਤੇ ਉਸਦੀਆਂ ਰਵਾਇਤੀ ਕਦਰਾਂ-ਕੀਮਤਾਂ ਨਾਲ ਟਕਰਾਅ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ। ਇੱਥੇ ਮੈਂ ਪਾਤਰ ਦਾ ਭਾਰਤੀ ਅਵਚੇਤਨ ਪ੍ਰਗਟ ਹੁੰਦਾ ਹੈ, ਜੋ ਉਸਦੀ ਆਧੁਨਿਕ ਚੇਤਨਾ ਦੀਆਂ ਪਰਤਾਂ ਹੇਠਾਂ ਛੁਪਿਆ ਹੋਇਆ ਹੈ ਅਤੇ ਉਸਦਾ ਮਰਿਆਦਾਗਤ ਰੂਪ ਸਾਹਮਣੇ ਆਉਂਦਾ ਹੈ, ਜਿਸਨੂੰ ਉਲੰਘਣ ਦੀ ਹਿੰਮਤ ਉਸ ਵਿੱਚ ਨਹੀਂ ਹੈ।

ਇਹ ਕਹਾਣੀ ਇੱਕ ਮਹੱਤਵਪੂਰਨ ਤਰਕ ਪੇਸ਼ ਕਰਦੀ ਹੈ ਕਿ ਭਾਰਤੀ ਔਰਤ ਭਾਵੇਂ ਕਿੰਨੀ ਵੀ ਆਧੁਨਿਕਤਾ ਦਾ ਦਿਖਾਵਾ ਕਰੇ, ਉਸਦੇ ਅੰਦਰ ਇੱਕ ਡੂੰਘੀ ਇੱਛਾ ਹੁੰਦੀ ਹੈ ਕਿ ਉਸਨੂੰ ਚਾਹੁਣ ਵਾਲਾ ਉਸਨੂੰ ਸੱਚਾ ਅਤੇ ਬਿਨਾਂ ਸ਼ਰਤ ਪਿਆਰ ਕਰੇ। ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਔਰਤ ਉਸ ਮਰਦ ਨੂੰ ਕਦੇ ਵੀ ਦਿਲੋਂ ਸਵੀਕਾਰ ਨਹੀਂ ਕਰ ਸਕਦੀ ਜੋ ਉਸ 'ਤੇ ਆਪਣਾ ਹੱਕ ਜਾਂ ਅਧਿਕਾਰ ਨਾ ਸਮਝੇ।

ਇੱਕ ਅਜਿਹਾ ਵਿਚਾਰ ਜੋ ਸਮਾਜ ਵਿੱਚ ਔਰਤਾਂ ਪ੍ਰਤੀ ਮਾਲਕੀ ਵਾਲੀ ਮਾਨਸਿਕਤਾ ਨੂੰ ਵੀ ਉਜਾਗਰ ਕਰਦਾ ਹੈ। ਇਹ ਕਹਾਣੀ ਆਧੁਨਿਕ ਰਿਸ਼ਤਿਆਂ ਦੀ ਗੁੰਝਲਤਾ ਅਤੇ ਸੋਸ਼ਲ ਮੀਡੀਆ ਦੁਆਰਾ ਪੈਦਾ ਹੋਏ ਭਰਮਾਂ ਦੇ ਨਾਲ-ਨਾਲ ਔਰਤਾਂ ਦੀਆਂ ਅੰਦਰੂਨੀ ਇੱਛਾਵਾਂ ਅਤੇ ਸਮਾਜਕ ਦਬਾਵਾਂ ਵਿਚਕਾਰ ਸੰਘਰਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।

ਜਤਿੰਦਰ ਹਾਂਸ ਦੀ "**ਲੁਤਰੋ**" ਕਹਾਣੀ ਪ੍ਰਵਾਸ ਦੇ ਰੋਮਾਂਟਿਕ ਚਿੱਤਰਣ ਦੇ ਵਿਪਰੀਤ, ਇਸ ਨਾਲ ਜੁੜੇ ਗੰਭੀਰ ਮਨੁੱਖੀ ਸੰਕਟਾਂ ਨੂੰ ਬੇਬਾਕੀ ਨਾਲ ਪੇਸ਼ ਕਰਦੀ ਹੈ। ਕਹਾਣੀ ਵਿੱਚ ਧਨ ਦੀ ਅੰਨ੍ਹੀ ਲਾਲਸਾ ਮਨੁੱਖੀ ਰਿਸ਼ਤਿਆਂ ਨੂੰ ਕਿਵੇਂ ਖੋਖਲਾ ਕਰ ਦਿੰਦੀ ਹੈ, ਇਸ ਦਾ ਪ੍ਰਭਾਵਸ਼ਾਲੀ ਚਿੱਤਰਣ ਕੀਤਾ ਗਿਆ ਹੈ। ਪਰਵਾਸ ਕਰ ਗਏ ਪੁੱਤਰ ਦੀ ਉਡੀਕ ਵਿੱਚ ਬਿਰਧ ਮਾਂ ਦੀ ਇਕੱਲਤਾ ਅਤੇ ਮਾਨਸਿਕ ਤਕਲੀਫ਼, ਵਿਦੇਸ਼ਾਂ ਵਿੱਚ ਪੈਸੇ ਭੇਜਣ ਦੇ ਬਾਵਜੂਦ, ਮਨੁੱਖੀ ਸੰਵੇਦਨਸ਼ੀਲਤਾ ਦੇ ਖਾਤਮੇ ਦੀ ਇੱਕ ਦੁਖਦਾਈ ਉਦਾਹਰਨ ਹੈ। ਮਾਂ ਦੇ ਇਹ ਸ਼ਬਦ, "ਕੀ ਫਾਇਦਾ ਹੋਇਆ, ਉਸਨੂੰ ਪ੍ਰਦੇਸ ਜਾ ਕੇ... ਉਹੀ ਰੋਣੇ-ਧੋਣੇ ਨੇ ਉਹਦੇ ਜਿਹੜੇ ਇਧਰ ਸੀ। ਪੈਸੇ ਭੇਜੇ ਨੇ, ਮੈਂ ਕੀ ਸਿਰ 'ਚ ਮਾਰਨੇ ਨੇ। ਐਹੋ ਜਿਹੀ ਔਲਾਦ ਰਗੜ ਕੇ ਗੋਡੇ 'ਤੇ ਲਾਉਣੀ ਆ,"[11] ਨਾ ਸਿਰਫ਼ ਉਸਦੀ ਨਿਰਾਸ਼ਾ ਨੂੰ ਬਲਕਿ ਪੁੱਤਰ ਦੇ ਪਰਵਾਸ ਕਾਰਨ ਪਰਿਵਾਰਕ ਬੰਧਨਾਂ ਵਿੱਚ ਆਈ ਤ੍ਰੇੜ ਨੂੰ ਵੀ ਤਿੱਖੇ ਰੂਪ ਵਿੱਚ ਪੇਸ਼ ਕਰਦੇ ਹਨ।

ਇਸ ਕਹਾਣੀ ਵਿੱਚ ਨੌਕਰਾਣੀ ਦਾ ਪਾਤਰ ਇੱਕ ਵਿਪਰੀਤ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਇੱਕ ਨਸ਼ੇੜੀ ਪਤੀ ਦੀ ਹਿੰਸਾ ਅਤੇ ਹੋਰ ਮੁਸ਼ਕਲਾਂ ਦੇ ਬਾਵਜੂਦ ਉਸਦਾ ਹੱਸਦੇ ਰਹਿਣਾ ਜੀਵਨ ਪ੍ਰਤੀ ਇੱਕ ਅਸਾਧਾਰਨ ਲਚਕੀਲਾਪਣ ਅਤੇ ਸਕਾਰਾਤਮਕ ਰਵੱਈਆ ਦਰਸਾਉਂਦਾ ਹੈ। ਮੈਂ ਪਾਤਰ ਦੁਆਰਾ ਉਸਦੇ ਹਾਸੇ ਦੇ ਕਾਰਨ ਦੀ ਭਾਲ ਮਨੁੱਖੀ ਸਹਿਣਸ਼ੀਲਤਾ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਵੱਖ-ਵੱਖ ਤਰੀਕਿਆਂ 'ਤੇ ਇੱਕ ਡੂੰਘਾ ਪ੍ਰਸ਼ਨ ਚੁੱਕਦੀ ਹੈ। ਨੌਕਰਾਣੀ ਦੇ ਇਹ ਸ਼ਬਦ, *"ਫਿਰ ਤਾਂ ਬੀਬੀ ਬੇਪ੍ਰਵਾਹ, ਛੁੱਟੀ ਤਾਂ ਕਰਨੀ ਹੀ ਪੈਣੀ ਆਂ... ਲੜਾਈ ਤਾਂ ਮੈਂ ਦੇਖਣੀ ਹੀ ਦੇਖਣੀ ਆਂ,"*[12] ਉਸਦੀ ਬੇਪਰਵਾਹੀ ਨਹੀਂ, ਸਗੋਂ ਮੁਸ਼ਕਲਾਂ ਵਿੱਚ ਵੀ ਜੀਵਨ ਦੇ ਰਸ ਨੂੰ ਲੱਭਣ ਦੀ ਉਸਦੀ ਸਮਰੱਥਾ ਨੂੰ ਉਜਾਗਰ ਕਰਦੇ ਹਨ। ਇਸ ਤਰ੍ਹਾਂ ਕਹਾਣੀ ਦੋ ਵਿਪਰੀਤ ਪਾਤਰਾਂ ਰਾਹੀਂ ਦੋ ਵੱਖ-ਵੱਖ ਪ੍ਰਭਾਵਾਂ ਨੂੰ ਪੇਸ਼ ਕਰਦੀ ਹੈ। ਇੱਕ ਪਾਸੇ ਧਨ ਦੀ ਲਾਲਸਾ ਵਿੱਚ ਮਨੁੱਖੀ ਰਿਸ਼ਤਿਆਂ ਦਾ ਵਿਗਾੜ ਅਤੇ ਦੂਜੇ ਪਾਸੇ ਦੁੱਖਾਂ ਦੇ ਬਾਵਜੂਦ ਜੀਵਨ ਜਿਉਣ ਦੀ ਅਦੁੱਤੀ ਇੱਛਾ ਸ਼ਕਤੀ। ਇਹ ਕਹਾਣੀ ਪਾਠਕ ਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਔਕੜਾਂ ਭਰੇ ਜੀਵਨ ਵਿੱਚ ਵੀ ਖੁਸ਼ੀ ਅਤੇ ਸੰਤੁਸ਼ਟੀ ਕਿਵੇਂ ਲੱਭੀ ਜਾ ਸਕਦੀ ਹੈ।

"**ਅੰਨ ਬ੍ਰਹਮ ਹੈ**" ਕਹਾਣੀ ਆਧੁਨਿਕ ਸਮੇਂ ਵਿੱਚ ਮਨੁੱਖ ਅੰਦਰੋਂ ਮਰ ਰਹੀ ਇਨਸਾਨੀਅਤ ਦੀ ਇੱਕ ਦੁਖਾਂਤਕ ਤਸਵੀਰ ਪੇਸ਼ ਕਰਦੀ ਹੈ। ਗਰੀਬੀ ਤੋਂ ਪਰੇਸ਼ਾਨ ਸਲੋਨੀ ਨਾਮ ਦੀ ਇੱਕ ਛੋਟੀ ਬੱਚੀ ਦੀ ਆਪਣੇ ਪਰਿਵਾਰ ਲਈ ਭੋਜਨ ਦੀ ਭਾਲ ਅਤੇ ਇਸ ਦੌਰਾਨ ਉਸ ਨਾਲ ਵਾਪਰੀ ਘਟਨਾ ਸਮਾਜ ਦੀ ਸੰਵੇਦਨਹੀਣਤਾ ਅਤੇ ਨੈਤਿਕ ਪਤਨ ਨੂੰ ਉਜਾਗਰ ਕਰਦੀ ਹੈ। ਜਿਨ੍ਹਾਂ ਲੋਕਾਂ ਤੋਂ ਮਦਦ ਦੀ ਉਮੀਦ ਕੀਤੀ ਜਾ ਸਕਦੀ ਸੀ, ਉਹ ਵੀ ਆਪਣਾ ਮੂੰਹ ਫੇਰ ਲੈਂਦੇ ਹਨ, ਜੋ ਸਮਾਜ ਵਿੱਚ ਫੈਲੀ ਸਵਾਰਥੀ ਮਾਨਸਿਕਤਾ ਅਤੇ ਦੂਜਿਆਂ ਦੇ ਦੁੱਖਾਂ ਪ੍ਰਤੀ ਉਦਾਸੀਨਤਾ ਨੂੰ ਦਰਸਾਉਂਦਾ ਹੈ। ਹਵਸੀ ਆਦਮੀ ਦਾ ਸ਼ੋਸ਼ਣ ਅਤੇ ਕਥਿਤ

ਸਮਾਜ ਸੇਵਕਾਂ ਦਾ ਮੂੰਹ ਮੋੜ ਲੈਣਾ ਮਨੁੱਖਤਾ ਦੇ ਦੀਵਾਲੀਏਪਣ ਦੀ ਇੱਕ ਭਿਆਨਕ ਉਦਾਹਰਨ ਹੈ। ਹਾਲਾਂਕਿ, ਕਾਮਰੇਡ ਮੋਹਨ ਸਿੰਘ ਦਾ ਪਾਤਰ ਇਸ ਹਨੇਰੇ ਵਿੱਚ ਇੱਕ ਆਸ਼ਾ ਦੀ ਕਿਰਨ ਵਾਂਗ ਹੈ। ਲੋਕਾਂ ਦੁਆਰਾ ਉਸਦਾ ਮਜ਼ਾਕ ਉਡਾਏ ਜਾਣ ਦੇ ਬਾਵਜੂਦ ਉਸਦੀ ਨਿਰਸਵਾਰਥ ਮਦਦ ਦੀ ਪੇਸ਼ਕਸ਼ ਮਨੁੱਖਤਾ ਵਿੱਚ ਬਚੀ ਹੋਈ ਭਲਾਈ ਦੀ ਭਾਵਨਾ ਨੂੰ ਰੂਪਮਾਨ ਕਰਦੀ ਹੈ। ਇਹ ਕਹਾਣੀ ਇੱਕ ਤਿੱਖਾ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ ਕੀ ਸਮਾਜ ਵਿੱਚ ਸੱਚਮੁੱਚ ਇਨਸਾਨੀ ਕਦਰਾਂ-ਕੀਮਤਾਂ ਬਾਕੀ ਹਨ ਜਾਂ ਇਹ ਸਿਰਫ਼ ਦਿਖਾਵੇ ਦੀਆਂ ਗੱਲਾਂ ਬਣ ਕੇ ਰਹਿ ਗਈਆਂ ਹਨ।

"**ਅੱਧੇ ਸੌ ਦਾ ਨੋਟ**" ਕਹਾਣੀ ਪਰਵਾਸ ਦੇ ਹੋਰ ਤ੍ਰਾਸਦਿਕ ਮਸਲਿਆਂ ਜਿਵੇਂ; ਬੁਢਾਪੇ ਵਿੱਚ ਵਿਦੇਸ਼ਾਂ ਵਿੱਚ ਗਏ ਬਜ਼ੁਰਗਾਂ ਦੀ ਬੇਗਾਨਗੀ, ਇਕੱਲਤਾ ਦੀ ਸਮੱਸਿਆ ਅਤੇ ਪੂੰਜੀ ਕੇਂਦਰਤ ਮਾਨਸਿਕਤਾਦਾ ਬਿਰਤਾਂਤ ਸਿਰਜਦੀ ਹੈ। ਆਰਥਿਕ ਮਜਬੂਰੀਆਂ ਜਾਂ ਸਮਾਜਕ ਦਬਾਵਾਂ ਕਾਰਨ ਆਪਣੇ ਆਖ਼ਰੀ ਸਾਲਾਂ ਵਿੱਚ ਆਪਣੇ ਪੁੱਤਰ ਕੋਲ ਕੈਨੇਡਾ ਗਈ ਮੈਂ ਪਾਤਰ ਦੀ ਕਹਾਣੀ ਮਾਂ-ਪੁੱਤ ਦੇ ਰਿਸ਼ਤੇ ਵਿੱਚ ਆਈ ਵਿੱਥ ਅਤੇ ਪਿਆਰ ਦੀ ਘਾਟ ਨੂੰ ਪੇਸ਼ ਕਰਦੀ ਹੈ। ਉਸਦੀ ਇਹ ਉਮੀਦ ਕਿ ਉਸਦਾ ਪੁੱਤਰ ਉਸਦਾ ਸਹਾਰਾ ਬਣੇਗਾ, ਉਸ ਸਮੇਂ ਟੁੱਟ ਜਾਂਦੀ ਹੈ ਜਦੋਂ ਉਸਨੂੰ ਆਪਣੀ ਪਤਨੀ ਅਤੇ ਸੱਸ ਦੇ ਕਹਿਣ 'ਤੇ ਘਰੋਂ ਕੱਢ ਦਿੰਦਾ ਹੈ। ਇਹ ਕਹਾਣੀ ਮਾਂ-ਪੁੱਤ ਦੇ ਪਵਿੱਤਰ ਰਿਸ਼ਤੇ ਵਿੱਚ ਪੈਦਾ ਹੋਈ ਵਿੱਥ ਅਤੇ ਧਨ ਦੀ ਲਾਲਸਾ ਵਿੱਚ ਅੰਨ੍ਹੇ ਹੋਏ ਪੁੱਤਰਾਂ ਦੀ ਕਠੋਰ ਹਕੀਕਤ ਨੂੰ ਬਿਆਨ ਕਰਦੀ ਹੈ। ਇਹ ਪਰਵਾਸ ਦੇ ਉਸ ਪਾਸੇ ਨੂੰ ਉਜਾਗਰ ਕਰਦੀ ਹੈ ਜਿੱਥੇ ਪਰਿਵਾਰਕ ਕਦਰਾਂ-ਕੀਮਤਾਂ ਅਤੇ ਮਨੁੱਖੀ ਸੰਬੰਧ ਪੈਸੇ ਅਤੇ ਸਹੂਲਤਾਂ ਦੀ ਭੇਂਟ ਚੜ੍ਹ ਜਾਂਦੇ ਹਨ ਅਤੇ ਬਜ਼ੁਰਗ ਆਪਣੇ ਹੀ ਘਰਾਂ ਵਿੱਚ ਬੇਸਹਾਰਾ ਅਤੇ ਇਕੱਲੇ ਰਹਿ ਜਾਂਦੇ ਹਨ।

ਜਤਿੰਦਰ ਹਾਂਸ ਦੀ "**ਰਸ ਰੰਗ**" ਕਹਾਣੀ ਮਰਦ ਦੀ ਔਰਤ ਪ੍ਰਤੀ ਇੱਕ ਖਾਸ ਕਿਸਮ ਦੀ ਆਦਰਸ਼ਵਾਦੀ ਪਹੁੰਚ ਦੇ ਭਿਆਨਕ ਨਤੀਜਿਆਂ ਦੀ ਪੜਚੋਲ ਕਰਦੀ ਹੈ। ਇਹ ਕਹਾਣੀ ਇਸ ਗੁੰਝਲਦਾਰ ਦਵੰਦ ਨੂੰ ਉਭਾਰਦੀ ਹੈ ਕਿ ਕਿਵੇਂ ਮਰਦ ਦੀ ਰੋਮਾਂਟਿਕ ਅਤੇ ਸੰਵੇਦਨਸ਼ੀਲਤਾ ਭਰਪੂਰ ਪਹੁੰਚ ਔਰਤ ਅੰਦਰ ਛੁਪੀ ਸਹਿਜ ਕਾਮੁਕਤਾ ਅਤੇ ਸਰੀਰਕ ਇੱਛਾਵਾਂ ਅੱਗੇ ਬੇਅਸਰ ਸਾਬਤ ਹੋ ਸਕਦੀ ਹੈ। ਕਹਾਣੀ ਦਾ ਮੈਂ ਪਾਤਰ ਆਪਣੀ ਪਤਨੀ ਨਾਲ ਸਰੀਰਕ ਸਬੰਧ ਸਥਾਪਿਤ ਕਰਨ ਤੋਂ ਪਹਿਲਾਂ ਉਸਨੂੰ ਪਿਆਰ ਕਰਨ ਅਤੇ ਉਸਨੂੰ ਡੂੰਘਾਈ ਨਾਲ ਜਾਨਣ ਦੀ ਇੱਛਾ ਰੱਖਦਾ ਹੈ। ਉਸਦੀ ਇਹ ਆਦਰਸ਼ਕ ਸੋਚ ਉਸ ਸਮੇਂ ਚਕਨਾਚੂਰ ਹੋ ਜਾਂਦੀ ਹੈ ਜਦੋਂ ਉਸਦੀ ਪਤਨੀ ਉਸਨੂੰ ਛੱਡ ਕੇ ਚਲੀ ਜਾਂਦੀ ਹੈ। ਪਤੀ ਦੇ ਇਹ ਨਿਰਾਸ਼ਾਜਨਕ ਸ਼ਬਦ, *"ਅਮਨ ਪੇਕੇ ਚਲੀ ਗਈ, ਮੁੜ ਕੇ ਨਹੀਂ ਆਈ। ਵਿਚੋਲੇ ਰਾਹੀਂ ਪਤਾ ਲੱਗਿਆ, ਕੁੜੀ ਕਹਿੰਦੀ ਆ, "ਮੈਂ ਨਹੀਂ ਉਥੇ ਜਾਣਾ। ਉਹਨੇ ਤਾਂ ਮੈਨੂੰ 'ਬੁਲਾਇਆ' ਹੀ ਨਹੀਂ।" ਉਹ ਮੇਰੇ ਵਿਰੁੱਧ ਗੱਲਾਂ ਕਰੀ ਗਈ ਜਿਹੜੀਆਂ ਸੁਣਨੀਆਂ ਔਖੀਆਂ ਹੁੰਦੀਆਂ ਨੇ। ਮੈਂ ਸੋਚਿਆ, ਕਰ ਲਉ ਘਿਉ ਨੂੰ ਭਾਂਡਾ। ਖਾ ਲਉ ਇਨ੍ਹਾਂ ਤੇ ਤਰਸ। ਅਸਲ 'ਚ ਤੀਮੀਂ... ਬੰਦੇ ਅੰਦਰਲੇ ਸ਼ੈਤਾਨ ਨੂੰ ਪਿਆਰ ਕਰਦੀ ਆ।"*[13] ਨਾ ਸਿਰਫ਼ ਉਸਦੀ ਨਿੱਜੀ ਨਿਰਾਸ਼ਾ ਨੂੰ ਦਰਸਾਉਂਦੇ ਹਨ, ਸਗੋਂ ਔਰਤ ਦੀ ਕਾਮੁਕਤਾ ਬਾਰੇ ਇੱਕ ਸੌੜੀ ਅਤੇ ਨਕਾਰਾਤਮਕ ਧਾਰਨਾ ਨੂੰ ਵੀ ਪੇਸ਼ ਕਰਦੇ ਹਨ। ਇਹ ਕਹਾਣੀ ਇਸ ਪ੍ਰਸ਼ਨ ਨੂੰ ਜਨਮ ਦਿੰਦੀ ਹੈ ਕਿ ਕੀ ਮਰਦ ਦੀ ਆਦਰਸ਼ਕ ਪਹੁੰਚ ਅਸਲ ਵਿੱਚ ਔਰਤ ਦੀਆਂ ਗੁੰਝਲਦਾਰ ਇੱਛਾਵਾਂ ਨੂੰ ਸਮਝਣ ਵਿੱਚ ਇੱਕ ਰੁਕਾਵਟ

ਬਣ ਜਾਂਦੀ ਹੈ।

ਇਸ ਤੋਂ ਇਲਾਵਾ, ਕਹਾਣੀ ਇਹ ਵਿਵਾਦਪੂਰਨ ਤਰਕ ਵੀ ਪੇਸ਼ ਕਰਦੀ ਹੈ ਕਿ ਸਮਾਜ ਵਿੱਚ ਇੱਕ ਮਰਦ ਦੀ ਇੱਜ਼ਤ ਉਸਦੇ 'ਮਰਦਾਵੇਂਪਣ' ਨਾਲ ਜੁੜੀ ਹੁੰਦੀ ਹੈ ਅਤੇ ਜੇ ਉਹ ਇਸ ਮਾਪਦੰਡ 'ਤੇ ਖਰਾ ਨਹੀਂ ਉੱਤਰਦਾ, ਤਾਂ ਉਹ ਸਮਾਜ ਵਿੱਚ ਆਪਣਾ ਸਨਮਾਨ ਗੁਆ ਬੈਠਦਾ ਹੈ। ਇਹ ਵਿਚਾਰ ਮਰਦਾਨਗੀ ਦੀ ਇੱਕ ਤੰਗ ਅਤੇ ਰੂੜ੍ਹੀਵਾਦੀ ਪਰਿਭਾਸ਼ਾ ਨੂੰ ਉਜਾਗਰ ਕਰਦਾ ਹੈ। ਇਹ ਕਹਾਣੀ ਇਸ ਗੱਲ 'ਤੇ ਵੀ ਪ੍ਰਸ਼ਨ ਚੁੱਕਦੀ ਹੈ ਕਿ ਕੀ ਇੱਕ ਮਰਦ ਦੀ ਕੀਮਤ ਸਿਰਫ਼ ਉਸਦੀ ਜਿਨਸੀ ਸਮਰੱਥਾ ਜਾਂ ਰਵਾਇਤੀ ਮਰਦਾਨਾ ਗੁਣਾਂ 'ਤੇ ਨਿਰਭਰ ਕਰਦੀ ਹੈ?

"**ਗਹਿਣਾ**" ਕਹਾਣੀ ਔਰਤ ਮਨ ਦੀ ਸਦੀਵੀ ਸੁੰਦਰ ਦਿਖਾਈ ਦੇਣ ਦੀ ਇੱਛਾ ਦੀ ਪੜਚੋਲ ਕਰਦੀ ਹੈ ਪਰ ਇਸਨੂੰ ਸਮਾਜਕ ਅਤੇ ਆਰਥਿਕ ਸੰਦਰਭਾਂ ਵਿੱਚ ਰੱਖ ਕੇ ਇਸ ਇੱਛਾ ਦੀ ਗੁੰਝਲਤਾ ਅਤੇ ਇਸਦੇ ਦਮਨ ਦੇ ਸੰਭਾਵੀ ਨਤੀਜਿਆਂ ਨੂੰ ਉਜਾਗਰ ਕਰਦੀ ਹੈ। ਕਹਾਣੀ ਦੀ ਕੇਂਦਰੀ ਪਾਤਰ ਦਾ ਆਪਣੀ ਮਾਂ ਤੋਂ ਲਗਾਤਾਰ ਕੰਨਾਂ ਦੀਆਂ ਵਾਲੀਆਂ ਮੰਗਣਾ ਇੱਕ ਬੁਨਿਆਦੀ ਮਨੁੱਖੀ ਇੱਛਾ ਨੂੰ ਦਰਸਾਉਂਦਾ ਹੈ, ਜਿਸਨੂੰ ਮਾਂ ਦੁਆਰਾ "ਔਰਤ ਦਾ ਗਹਿਣਾ ਉਸਦੀ ਇੱਜ਼ਤ ਹੁੰਦੀ ਹੈ" ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਇਹ ਜਵਾਬ ਨਾ ਸਿਰਫ਼ ਰਵਾਇਤੀ ਸਮਾਜਕ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ, ਸਗੋਂ ਪਰਿਵਾਰ ਦੀ ਮਾੜੀ ਆਰਥਿਕ ਹਾਲਤ ਨੂੰ ਵੀ ਛੁਪਾਉਂਦਾ ਹੈ। ਵਿਆਹ ਸਮੇਂ ਮਿਲੀਆਂ ਸੋਨੇ ਦੀਆਂ ਵਾਲੀਆਂ, ਜੋ ਉਸਦਾ ਨਸ਼ੇੜੀ ਪਤੀ ਪਹਿਲੀ ਰਾਤ ਹੀ ਉਤਾਰ ਲੈਂਦਾ ਹੈ, ਔਰਤ ਦੀਆਂ ਉਮੀਦਾਂ ਦੇ ਭੁਰਭੁਰੇਪਣ ਅਤੇ ਉਸਦੀ ਬੇਵਸੀ ਨੂੰ ਤਿੱਖੇ ਰੂਪ ਵਿੱਚ ਪੇਸ਼ ਕਰਦਾ ਹੈ। ਇਹ ਅਧੂਰੀ ਇੱਛਾ ਬੁਢਾਪੇ ਤੱਕ ਉਸਦੇ ਮਨ ਵਿੱਚ ਇੱਕ ਮਾਨਸਿਕ ਪੀੜਾ ਬਣੀ ਰਹਿੰਦੀ ਹੈ, ਜਿਸਦਾ ਭਿਆਨਕ ਪ੍ਰਗਟਾਵਾ ਉਦੋਂ ਹੁੰਦਾ ਹੈ ਜਦੋਂ ਉਹ ਆਪਣੇ ਪੁੱਤਰ ਨੂੰ ਕਹਿੰਦੀ ਹੈ, *"ਜੇ ਤੇਰਾ ਬਾਪ ਮਰਜੇ ਤਾਂ ਤੇਰੇ ਮਾਮੇ ਵੀ ਮੈਨੂੰ ਵਾਲੀਆਂ ਪਾਉਣਗੇ।"*[14] ਇਹ ਬੋਲ ਨਾ ਸਿਰਫ਼ ਉਸਦੀ ਦੱਬੀ ਹੋਈ ਇੱਛਾ ਨੂੰ ਉਜਾਗਰ ਕਰਦੇ ਹਨ, ਸਗੋਂ ਸਮਾਜ ਵਿੱਚ ਔਰਤ ਦੀ ਨਿਰਭਰਤਾ ਅਤੇ ਉਸਦੀਆਂ ਅਣਗੌਲੀਆਂ ਇੱਛਾਵਾਂ ਦੀ ਤ੍ਰਾਸਦੀ ਨੂੰ ਵੀ ਦਰਸਾਉਂਦੇ ਹਨ, ਜਿਸ ਵਿੱਚ ਸੁੰਦਰਤਾ ਦੀ ਇੱਕ ਸਧਾਰਨ ਇੱਛਾ ਵੀ ਆਰਥਿਕ ਮਜਬੂਰੀਆਂ ਅਤੇ ਸਮਾਜਕ ਰੋਕਾਂ ਕਾਰਨ ਇੱਕ ਜਨੂੰਨ ਬਣ ਜਾਂਦੀ ਹੈ।

"**ਵਿਸ਼ਵ ਸੁੰਦਰੀ**" ਕਹਾਣੀ ਆਧੁਨਿਕ ਔਰਤ ਵਿੱਚ ਰੂਹਾਨੀ ਪਿਆਰ ਦੀ ਘਾਟ ਕਾਰਨ ਪੈਦਾ ਹੋਏ ਮਾਨਸਿਕ ਤਣਾਅ ਅਤੇ ਭਾਵਨਾਤਮਕ ਖਾਲੀਪਣ ਦੀ ਇੱਕ ਡੂੰਘੀ ਅਤੇ ਸੰਵੇਦਨਸ਼ੀਲ ਪੜਚੋਲ ਕਰਦੀ ਹੈ। ਰਾਜਬੀਰ, ਜੋ ਬਾਹਰੀ ਤੌਰ 'ਤੇ ਆਪਣੀ ਇੱਛਾ ਅਨੁਸਾਰ ਜੀਵਨ ਬਤੀਤ ਕਰਦੀ ਅਤੇ ਪਰੰਪਰਾਗਤ ਸੋਚ ਤੋਂ ਮੁਕਤ ਦਿਖਾਈ ਦਿੰਦੀ ਹੈ ਪਰ ਅੰਦਰੋਂ ਇੱਕ ਡੂੰਘੇ ਭਾਵਨਾਤਮਕ ਸੰਕਟ ਨਾਲ ਜੂਝ ਰਹੀ ਹੈ। ਇਸ ਤਣਾਅ ਦਾ ਮੁੱਖ ਕਾਰਨ ਉਸਦੇ ਪਤੀ ਦਾ ਵਿਦੇਸ਼ ਵਿੱਚ ਪੈਸਾ ਕਮਾਉਣ ਲਈ ਜਾਣਾ ਅਤੇ ਉਸਨੂੰ ਪਿਆਰ ਅਤੇ ਸਮਾਂ ਨਾ ਦੇਣਾ ਹੈ। ਇਹ ਭਾਵਨਾਤਮਕ ਦੂਰੀ ਉਸਨੂੰ ਇੱਕ ਹੋਰ ਪੁਰਸ਼ ਵੱਲ ਆਕਰਸ਼ਿਤ ਕਰਦੀ ਹੈ, ਜੋ ਉਸਦੀਆਂ ਅਣਗੌਲੀਆਂ ਭਾਵਨਾਤਮਕ ਲੋੜਾਂ ਨੂੰ ਪੂਰਾ ਕਰਦਾ ਜਾਪਦਾ ਹੈ। ਦੂਜੇ ਪਾਸੇ ਕਹਾਣੀ ਦਾ ਮਰਦ ਪਾਤਰ ਇੱਕ ਸਥਿਰ ਅਤੇ ਸੁਖੀ ਘਰੇਲੂ ਜੀਵਨ ਜਿਉਣ ਦੇ ਬਾਵਜੂਦ ਅਜਿਹੇ ਗੈਰ-

ਰਵਾਇਤੀ ਸੰਬੰਧਾਂ ਵੱਲ ਇਸ ਲਈ ਖਿੱਚਿਆ ਜਾਂਦਾ ਹੈ ਕਿਉਂਕਿ ਉਹ ਆਪਣੀ ਜ਼ਿੰਦਗੀ ਦੀ ਰੁਟੀਨ ਅਤੇ ਨੀਰਸਤਾ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਅਤੇ ਆਪਣੀ ਜ਼ਿੰਦਗੀ ਵਿੱਚ ਨਵੇਂ ਰੰਗ ਭਰਨਾ ਚਾਹੁੰਦਾ ਹੈ। ਰਾਜਬੀਰ ਦਾ ਮੈਸੇਜ ਆਉਣ 'ਤੇ ਉਸਦੇ ਇਹ ਉਤਸ਼ਾਹ ਭਰੇ ਸ਼ਬਦ, *"ਮੈਸੇਜ ਨੂੰ ਵਾਰ ਵਾਰ ਪੜ੍ਹਦਾ ਹਾਂ। ਮੇਰਾ ਪੈਰ ਧਰਤੀ ਤੇ ਨਹੀਂ ਲੱਗ ਰਿਹਾ ਸੀ। ਜਿਵੇਂ ਸਾਰੀ ਦੁਨੀਆਂ ਮਿਲ ਗਈ ਹੋਵੇ।... ਦੁਨੀਆਂ 'ਚ ਕਦੇ ਚਮਤਕਾਰ ਵੀ ਹੋ ਜਾਂਦੇ ਨੇ। ਏਨੀ ਖੁਸ਼ੀ ਤਾਂ ਦੇਵਤਿਆਂ ਨੂੰ ਸਮੁੰਦਰ ਰਿੜਕ ਕੇ ਅੰਮ੍ਰਿਤ ਕੱਢ ਲੈਣ ਤੇ ਵੀ ਨਹੀਂ ਹੋਈ ਹੋਣੀ। ਜਿਹਨੂੰ ਪੀ ਕੇ ਉਨ੍ਹਾਂ ਅਮਰ ਹੋ ਜਾਣਾ ਸੀ।"*[45] ਉਸਦੀ ਜ਼ਿੰਦਗੀ ਵਿੱਚ ਭਾਵਨਾਤਮਕ ਸੰਤੁਸ਼ਟੀ ਦੀ ਘਾਟ ਅਤੇ ਇੱਕ ਨਵੇਂ ਸੰਬੰਧ ਤੋਂ ਉਸਦੀਆਂ ਅਸਾਧਾਰਨ ਉਮੀਦਾਂ ਨੂੰ ਦਰਸਾਉਂਦੇ ਹਨ। ਇਹ ਕਹਾਣੀ ਆਧੁਨਿਕ ਰਿਸ਼ਤਿਆਂ ਦੀ ਗੁੰਝਲਤਾ, ਔਰਤਾਂ ਦੀਆਂ ਭਾਵਨਾਤਮਕ ਲੋੜਾਂ ਦੀ ਅਣਦੇਖੀ ਅਤੇ ਮਰਦਾਂ ਵਿੱਚ ਭਾਵਨਾਤਮਕ ਸੰਤੁਸ਼ਟੀ ਦੀ ਭਾਲ ਦੇ ਮੁੱਦਿਆਂ ਨੂੰ ਸੰਵੇਦਨਸ਼ੀਲਤਾ ਨਾਲ ਉਠਾਉਂਦੀ ਹੈ।

ਸਹਿਜ ਸੁਭਾਵਿਕ ਸ਼ਬਦਾਂ ਰਾਹੀਂ ਡੂੰਘੇ ਅਰਥਾਂ ਦੀ ਸਿਰਜਣਾ ਕਰਨੀ ਜਤਿੰਦਰ ਹਾਂਸ ਦੀ ਕਹਾਣੀ-ਕਲਾ ਦਾ ਗੁਣ ਹੈ। ਉਸਦਾ ਕਹਾਣੀ ਕਹਿਣ ਦਾ ਅੰਦਾਜ਼ ਬਹੁਤ ਹੀ ਸਿੱਧਾ ਅਤੇ ਯਥਾਰਥਵਾਦੀ ਹੈ। ਉਹ ਬਿਨਾਂ ਕਿਸੇ ਬਣਾਵਟੀਪਣ ਦੇ ਘਟਨਾਵਾਂ ਅਤੇ ਪਾਤਰਾਂ ਨੂੰ ਪੇਸ਼ ਕਰਦਾ ਹੈ। ਉਸ ਦੀ ਭਾਸ਼ਾ ਆਮ ਲੋਕਾਂ ਦੀ ਬੋਲਚਾਲ ਦੇ ਨੇੜੇ ਹੁੰਦੀ ਹੈ ਜਿਸ ਕਾਰਨ ਉਸ ਦੀਆਂ ਕਹਾਣੀਆਂ ਨਾਲ ਪਾਠਕ ਤੁਰੰਤ ਜੁੜ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿਚਲੀ ਡੂੰਘੀ ਸੰਵੇਦਨਸ਼ੀਲਤਾ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਕਹਾਣੀਆਂ ਦੇ ਪਾਤਰ ਸਥਿਤੀਆਂ, ਪ੍ਰਸਥਿਤੀਆਂ ਅਨੁਕੂਲ ਸੰਵਾਦ ਰਚਾਉਂਦੇ ਹੋਏ ਆਪਣੀ ਮਾਨਸਿਕਤਾ ਦਾ ਪ੍ਰਦਰਸ਼ਨ ਕਰਦੇ ਹਨ। ਹਾਂਸ ਦੀ ਚੇਤਨਾ ਅਤੀਤ ਨਾਲ ਵੀ ਗੂੜ੍ਹੇ ਰੂਪ ਵਿਚ ਜੁੜੀ ਹੋਈ ਹੈ ਅਤੇ ਸਮਕਾਲੀ ਸਮਾਜਕ ਯਥਾਰਥਕ ਪ੍ਰਬੰਧ ਤੋਂ ਭਲੀਭਾਂਤ ਵਾਕਿਫ਼ ਹੈ। ਉਸਦੀ ਚੇਤਨਾ ਸਮਕਾਲੀ ਯੁੱਗ ਦੀ ਵਿਸ਼ਵ ਦ੍ਰਿਸ਼ਟੀ ਉਤਰ-ਆਧੁਨਿਕਤਾ ਤੋਂ ਵੀ ਪ੍ਰਭਾਵਿਤ ਹੈ ਜਿਸ ਰਾਹੀਂ ਉਹ ਵਿਸ਼ਵੀਕਰਨ ਦੇ ਪੰਜਾਬੀ ਸਮਾਜ ਉਪਰ ਪਏ ਪ੍ਰਭਾਵਾਂ ਦੀ ਗਹਿਰਾਈ ਤੱਕ ਪਹੁੰਚ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਜਤਿੰਦਰ ਸਿੰਘ ਹਾਂਸ, **ਜਿਉਣਾ ਸੱਚ ਬਾਕੀ ਝੂਠ**, ਪੰਨਾ 9.
2. ਉਹੀ, ਪੰਨਾ 45.
3. ਉਹੀ, ਪੰਨਾ 48.
4. ਉਹੀ, ਪੰਨੇ 44-45
5. ਉਹੀ, ਪੰਨਾ 12.

6. ਉਹੀ, ਪੰਨਾ 11.
7. ਉਹੀ, ਪੰਨਾ 22.
8. ਉਹੀ, ਪੰਨਾ 26.
9. ਉਹੀ, ਪੰਨਾ 17.
10. ਉਹੀ, ਪੰਨਾ 41.
11. ਉਹੀ, ਪੰਨਾ 60.
12. ਉਹੀ, ਪੰਨਾ 64.
13. ਉਹੀ, ਪੰਨਾ 98.
14. ਉਹੀ, ਪੰਨਾ 114.
15. ਉਹੀ, ਪੰਨਾ 115.

# ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ

ਪਰਮਜੀਤ ਸਿੰਘ ਸੁਚਿੰਤਨ

ਲੁਧਿਆਣਾ (ਪੰਜਾਬ)

ਸੰਪਰਕ ਨੰਬਰ: 97791-24500

ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਆਪ ਜੀ ਦੀਵਾਨ ਕੌੜਾ ਮੱਲ ਜੀ ਦੀ ਨੌਵੀਂ ਬੰਸ ਵਿੱਚੋਂ ਸਨ। ਦੀਵਾਨ ਕੌੜਾ ਮੱਲ ਜੀ ਦਾ ਜਨਮ ਸੰਨ ੧੭੧੦ ਈ. ' ਚ ਹੋਇਆ ਸੀ। ਮੁੱਢਲੀ ਵਿੱਦਿਆ ਹਾਸਲ ਕਰਕੇ ਤੇ ਫ਼ਾਰਸੀ ਭਾਸ਼ਾ ਦਾ ਗਿਆਨ ਹਾਸਲ ਕਰਕੇ, ਆਪ ਜੀ ਨੇ ਮੁਗ਼ਲ ਫ਼ੌਜ ' ਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ ੧੭੪੮ ਈ. ' ਚ, ਮੀਰ ਮੰਨੂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਥਾਪਿਆ ਗਿਆ। ਮੀਰ ਮੰਨੂ ਨੇ ਗੱਦੀ ' ਤੇ ਬੈਠਦਿਆਂ ਹੀ ਦੀਵਾਨ ਲਖਪਤ ਰਾਇ ਨੂੰ ਕੈਦ ਕਰਕੇ, ਕੌੜਾ ਮੱਲ ਨੂੰ ਆਪਣਾ ਨਾਇਬ ਮੁਕੱਰਰ ਕਰ ਦਿੱਤਾ। ਇੰਝ ਕੌੜਾ ਮੱਲ ਜੀ ਸਿਪਾਹੀ ਦੀ ਹੈਸੀਅਤ ' ਚ ਭਰਤੀ ਹੋ ਕੇ, ਲਾਹੌਰ ਸੂਬੇ ਦੇ ਦੀਵਾਨ ਦੇ ਅਹੁਦੇ ਤੱਕ ਪਹੁੰਚੇ। ਇਹ ਉਹੀ ਸਮਾਂ ਸੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਸਿੱਖ ਬਿਖੜੇ ਸਮੇਂ ' ਚੋਂ ਲੰਘ ਰਹੇ ਸਨ। ਦੀਵਾਨ ਕੌੜਾ ਮੱਲ ਜੀ ਉਹ ਸ਼ਖ਼ਸੀਅਤ ਹੋਏ ਹਨ, ਜਿੰਨ੍ਹਾਂ ਨੇ ਮੁਗ਼ਲ ਸਲਤਨਤ ਦੇ ਰਾਜ ਵਿੱਚ, ਦੀਵਾਨ ਦੇ ਅਹੁਦੇ ' ਤੇ ਰਹਿੰਦਿਆਂ ਹੋਇਆਂ, ਉਸ ਬਿਖੜੇ ਸਮੇਂ ਦੌਰਾਨ, ਕਈ ਮੌਕਿਆਂ ' ਤੇ ਸਿੱਖਾਂ ਦਾ ਸਾਥ ਦਿੱਤਾ ਤੇ ਸਿੱਖਾਂ ਦੀ ਮਦਦ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਅਗਰ ਇਸ ਬਿਖੜੇ ਸਮੇਂ ' ਚ ਦੀਵਾਨ ਕੌੜਾ ਮੱਲ ਜੀ ਸਿੱਖਾਂ ਦਾ ਸਾਥ ਨਾ ਦਿੰਦੇ ਤੇ ਸਿੱਖਾਂ ਦੀ ਮਦਦ ਨਾ ਕਰਦੇ ਤਾਂ ਸਿੱਖਾਂ ਦੀ ਭਾਰੀ ਤਬਾਹੀ ਹੋਣੀ ਸੀ। ਬਿਖੜੇ ਸਮੇਂ ਦੌਰਾਨ, ਦੀਵਾਨ ਕੌੜਾ ਮੱਲ ਜੀ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਕਾਰਨ, ਉਹਨਾਂ ਨੂੰ ਖ਼ਾਲਸੇ ਵੱਲੋਂ "ਮਿੱਠਾ ਮੱਲ" ਦਾ ਖ਼ਿਤਾਬ ਦਿੱਤਾ ਗਿਆ ਸੀ। ਮਿਤੀ ੬ ਮਾਰਚ ਸੰਨ ੧੭੫੨ ਈ. ਨੂੰ, ਅਹਿਮਦ ਸ਼ਾਹ ਅਬਦਾਲੀ ਦੀ ਫੌਜ਼ ਨਾਲ ਜੰਗ ਲੜਦਿਆਂ ਹੋਇਆਂ, ਆਪ ਜੀ ਸ਼ਹੀਦ ਹੋ ਗਏ।

### ਬਾਬਾ ਕਾਹਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਦਾਦਾ ਜੀ) :

ਦੀਵਾਨ ਕੌੜਾ ਮੱਲ ਜੀ ਦੀ ਬੰਸ ਵਿਚੋਂ ਹੀ ਬਾਬਾ ਕਾਹਨ ਸਿੰਘ ਜੀ ਹੋਏ ਹਨ। ਆਪ ਜੀ ਦਾ ਜਨਮ ਸੰਨ ੧੭੮੮ ਈ. ' ਚ ਜ਼ਿਲ੍ਹਾ ਜਿਹਲਮ (ਪਾਕਿਸਤਾਨ) ' ਚ ਹੋਇਆ ਸੀ। ਆਪ ਜੀ ਦਾ ਜਨਮ ਸੰਨ ੧੭੮੮ ਈ. ' ਚ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਹੋਇਆ ਸੀ। ਚੌਧਰੀ ਰਾਮ ਚੰਦ ਜੀ ਸੰਤਾਂ - ਮਹਾਂਪੁਰਖਾਂ ਦੇ ਸਤਿਸੰਗੀ ਸਨ। ਆਪ ਜੀ ਨੇ ਇੱਕ ਵਾਰ ਸੰਤਾਂ - ਮਹਾਂਪੁਰਖਾਂ ਨੂੰ ਇਹ ਬਚਨ ਦੇ ਦਿੱਤਾ ਕਿ ਜੇ ਆਪ ਜੀ ਦੇ ਗ੍ਰਿਹ ਵਿਖੇ ਪੁੱਤਰ ਹੋਇਆ ਤਾਂ ਉਸਨੂੰ ਉਹ ਸਿੱਖ ਸਜਾ ਦੇਣਗੇ। ਇੰਝ ਜਦੋਂ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਬਾਬਾ ਕਾਹਨ ਸਿੰਘ ਜੀ ਦਾ ਜਨਮ ਹੋਇਆ ਤਾਂ ਸੰਤਾਂ - ਮਹਾਂਪੁਰਖਾਂ ਨੂੰ ਦਿੱਤੇ ਬਚਨ ਦੀ

ਪਾਲਣਾ ਕਰਦਿਆਂ ਹੋਇਆਂ, ਆਪ ਜੀ ਨੇ ਬਾਬਾ ਕਾਹਨ ਸਿੰਘ ਜੀ ਨੂੰ ਸਿੱਖ ਸਜਾ ਦਿੱਤਾ। ਬਾਬਾ ਕਾਹਨ ਸਿੰਘ ਜੀ ਬਚਪਨ ਤੋਂ ਹੀ ਸੰਤ-ਸੁਭਾਅ ਵਾਲੇ ਅਤੇ ਤਿਆਗ ਤੇ ਵੈਰਾਗ ਦੀ ਮੂਰਤ ਸਨ। ਬਾਬਾ ਕਾਹਨ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ ਪਾਸੋਂ ਅੱਖਰ ਬੋਧ ਪ੍ਰਾਪਤ ਕੀਤਾ। ਫਿਰ, ਭਾਈ ਗੁਰਬਖ਼ਸ਼ ਸਿੰਘ ਜੀ ਨੇ ਹੀ ਭਾਈ ਕਾਹਨ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਇਆ। ਭਾਈ ਕਾਹਨ ਸਿੰਘ ਜੀ ਬਹੁਤ ਸ਼ੁਧ ਤੇ ਰਸੀਲੀ ਆਵਾਜ਼ ' ਚ ਪਾਠ ਕਰਦੇ ਹੁੰਦੇ ਸਨ। ਆਪ ਜੀ ਸੰਤ ਬਹਾਦਰ ਸ਼ਾਹ ਦੇ ਕਹਿਣ ' ਤੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ। ਇੱਥੇ ਆ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਇੱਥੋਂ ਦੇ ਹੀ ਹੋ ਕੇ ਰਹਿ ਗਏ। ਬਾਬਾ ਕਾਹਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਝ ਸਾਲ ਟਿਕੇ ਰਹੇ, ਫਿਰ, ਵੱਖ-ਵੱਖ ਥਾਵਾਂ ' ਤੇ ਵਿਚਰਨ ਲੱਗੇ। ਇੱਕ ਵਾਰ ਆਪ ਜੀ ਕਿਸੇ ਨਾਲ ਕੁੰਭ ਦੇ ਮੇਲੇ ' ਤੇ ਹਰਿਦੁਆਰ ਚਲੇ ਗਏ। ਫਿਰ, ਉਥੋਂ ਅੱਗੇ ਜੰਗਲਾਂ ' ਚ ਤੇ ਪਰਬਤਾਂ ' ਤੇ ਵਿਚਰਦੇ ਰਹੇ ਅਤੇ ਦੇਸ਼ਾਟਨ (ਵੱਖ-ਵੱਖ ਥਾਵਾਂ ' ਤੇ ਭ੍ਰਮਣ) ਕਰਦੇ ਰਹੇ। ਆਪ ਜੀ ਨੇ ਜੰਗਲਾਂ ' ਚ ਤੇ ਪਰਬਤਾਂ ' ਤੇ ਜਾ ਕੇ ਇਕਾਂਤ ਅਸਥਾਨਾਂ ' ਤੇ ਬਹੁਤ ਭਜਨ-ਬੰਦਗੀ ਕੀਤੀ। ਅਖ਼ੀਰ, ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਕੇ ਟਿਕ ਗਏ। ਹੌਲੀ-ਹੌਲੀ ਆਪ ਜੀ ਦਾ ਪਰਿਵਾਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਗਿਆ। ਆਪ ਜੀ ਨੇ ਕਟੜਾ ਗਰਬਾ ਸਿੰਘ ਵਿਖੇ ਆਪਣੀ ਰਿਹਾਇਸ਼ ਦਾ ਪ੍ਰਬੰਧ ਕਰ ਲਿਆ। ਬਾਬਾ ਕਾਹਨ ਸਿੰਘ ਜੀ ਕਵੀ ਵੀ ਸਨ ਅਤੇ ਹਕੀਮੀ ਵੀ ਕਰਦੇ ਸਨ, ਜਿਸ ਕਾਰਨ ਆਪ ਜੀ ਦਾ ਸਮਾਜ ' ਚ ਚੰਗਾ ਰੁਤਬਾ ਬਣ ਗਿਆ ਸੀ। ਆਪ ਜੀ ਗੁਰਬਾਣੀ ਦੇ ਪ੍ਰੇਮੀ ਤੇ ਨਾਮ ਰਸੀਏ ਸਨ। ਆਪ ਜੀ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਆਪ ਜੀ ਆਪਣੇ ਸਮੇਂ ਦੇ ਉੱਘੇ ਵੈਦ ਤੇ ਹਕੀਮ ਮੰਨੇ ਜਾਂਦੇ ਸਨ। ਬਾਬਾ ਕਾਹਨ ਸਿੰਘ ਜੀ ਚਾਲ੍ਹੀ ਸਾਲਾਂ ਦੇ ਹੋ ਗਏ ਸਨ। ਪਰ, ਆਪ ਜੀ ਗ੍ਰਿਹਸਥ ਨਹੀਂ ਧਾਰਨ ਕਰਨਾ ਚਾਹੁੰਦੇ ਸਨ। ਪਰ, ਮਾਤਾ ਜੀ ਦੇ ਵਾਰ-ਵਾਰ ਕਹਿਣ ' ਤੇ, ਬਾਬਾ ਜੀ ਵਿਆਹ ਕਰਵਾਉਣ ਲਈ ਤਿਆਰ ਹੋ ਗਏ। ਵਿਆਹ ਤੋਂ ਬਾਅਦ, ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ ਤਿੰਨ ਸਪੁੱਤਰਾਂ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਵਿੱਚੋਂ ਸਭ ਤੋਂ ਛੋਟੇ ਸ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ) ਸਨ। ਬਾਬਾ ਕਾਹਨ ਸਿੰਘ ਜੀ ਲਗਭਗ ੯੦ ਸਾਲਾਂ ਦੀ ਉਮਰ ' ਚ, ਮਈ ਸੰਨ ੧੮੭੮ ' ਚ, ਅਕਾਲ ਚਲਾਣਾ ਕਰ ਗਏ।

### ਗਿਆਨੀ ਹਜ਼ਾਰਾ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਨਾਨਾ ਜੀ) :

ਭਾਈ ਵੀਰ ਸਿੰਘ ਜੀ ਦੇ ਨਾਨਾ ਜੀ (ਗਿਆਨੀ ਹਜ਼ਾਰਾ ਸਿੰਘ ਜੀ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਟੜਾ ਘਨ੍ਹਈਆ ਜੀ ਵਿਖੇ ਰਹਿੰਦੇ ਸਨ। ਆਪ ਜੀ ਪੰਜਾਬੀ, ਹਿੰਦੀ, ਬ੍ਰਿਜ ਤੇ ਫ਼ਾਰਸੀ ਭਾਸ਼ਾਵਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਸੰਸਕ੍ਰਿਤ ਭਾਸ਼ਾ ਦੇ ਵੀ ਚੰਗੇ ਵਿਦਵਾਨ ਸਨ। ਇਸੇ ਕਰਕੇ, ਆਪ ਜੀ ਨੂੰ ਪੰਡਿਤ, ਗਿਆਨੀ ਹਜ਼ਾਰਾ ਸਿੰਘ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਆਪ ਜੀ "ਸਿੰਘ ਸਭਾ ਲਹਿਰ" ਦੇ ਸਮਰਥਕ ਤੇ ਮੁਖੀਆਂ ਵਿੱਚੋਂ ਸਨ। ਜਦੋਂ "ਖ਼ਾਲਸਾ ਦੀਵਾਨ" ਸ੍ਰੀ ਅੰਮ੍ਰਿਤਸਰ ਸਾਹਿਬ ਬਣਿਆ ਤਾਂ ਆਪ ਜੀ ਇਸ ਦੀਵਾਨ ਦੇ ਪੰਜ ਸਕੱਤਰਾਂ ਵਿੱਚੋਂ ਇੱਕ ਸਨ। ਸਿੰਘ ਸਭਾ ਲਹਿਰ ਚੱਲੀ ਤਾਂ ਸਭਾ ਦੁਆਰਾ

ਪ੍ਰਚਾਰ ਕਰਨ ਸਦਕਾ, ਵਿੱਦਿਆ ਵਿਭਾਗ ਪੰਜਾਬ ਨੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਕਰਵਾਉਣੀ ਪ੍ਰਵਾਨ ਕਰ ਲਈ। ਪਰ, ਸਕੂਲਾਂ ' ਚ ਪੰਜਾਬੀ ਦੀ ਪੜ੍ਹਾਈ ਕਰਵਾਉਣ ਲਈ, ਪਾਠ ਪੁਸਤਕਾਂ ਤਿਆਰ ਨਹੀਂ ਸਨ। ਉਹਨਾਂ ਦਿਨਾਂ ' ਚ ਗਿਆਨੀ ਹਜ਼ਾਰਾ ਸਿੰਘ ਜੀ ਲੜਕੀਆਂ ਦੇ ਸਕੂਲਾਂ ਦੇ ਇੰਸਪੈਕਟਰ ਵਜੋਂ ਕੰਮ ਕਰਦੇ ਸਨ। ਇਸ ਲਈ ਇਸ ਮਹਿਕਮੇ ਨੇ ਆਪ ਜੀ ਨੂੰ ਬੱਚਿਆਂ ਲਈ ਉਰਦੂ ਭਾਸ਼ਾ ' ਚ ਲਿੱਖੀਆਂ ਪੁਸਤਕਾਂ ਦਾ, ਪੰਜਾਬੀ ਭਾਸ਼ਾ ' ਚ ਉਲਥਾ ਕਰਕੇ, ਪਾਠ-ਪੁਸਤਕਾਂ ਤਿਆਰ ਕਰਨ ਲਈ ਕਿਹਾ। ਆਪ ਜੀ ਨੇ ਤਕਰੀਬਨ ਸਾਰੇ ਕੋਰਸਾਂ ਦੀ ਦੀਆਂ ਪਾਠ-ਪੁਸਤਕਾਂ ਦੇ ਉਲਥੇ ਕੀਤੇ ਤੇ ਕਰਵਾਏ। ਗਿਆਨੀ ਹਜ਼ਾਰਾ ਸਿੰਘ ਜੀ ਗੁਰਬਾਣੀ ਦੇ ਟੀਕਾਕਾਰ ਵਜੋਂ ਵੀ ਪ੍ਰਸਿੱਧ ਹੋਏ। ਆਪ ਜੀ ਨੇ "ਭਾਈ ਗੁਰਦਾਸ ਜੀ ਦੀਆਂ ਵਾਰਾਂ" ਦਾ ਟੀਕਾ ਕਰਨ ਤੋਂ ਇਲਾਵਾ, ਸ਼ੇਖ ਸਾਅਦੀ ਦੀਆਂ ਰਚਨਾਵਾਂ "ਗੁਲਿਸਤਾਂ" ਤੇ "ਬੋਸਤਾਂ" ਦਾ ਪੰਜਾਬੀ ਅਨੁਵਾਦ ਵੀ ਕੀਤਾ। ਭਾਈ ਵੀਰ ਸਿੰਘ ਜੀ, ਆਪਣੇ ਨਾਨਾ ਜੀ ਦੇ ਇਹਨਾਂ ਸਾਰੇ ਕਾਰਜਾਂ ' ਚ ਹੱਥ ਵੰਡਾਉਂਦੇ ਸਨ। ਪ੍ਰਸਿੱਧ ਅੰਗ੍ਰੇਜ਼ ਵਿਦਵਾਨ ਮੈਕਾਲਿਫ਼ ਨੇ "ਸਿੱਖ ਰਿਲੀਜ਼ਨ" ਪੁਸਤਕ ਦੀ ਤਿਆਰੀ ਕਰਨ ਸਮੇਂ ਜਿੰਨ੍ਹਾਂ ਵਿਦਵਾਨਾਂ ਪਾਸੋਂ ਮਦਦ ਲਈ ਸੀ, ਉਹਨਾਂ ਵਿੱਚੋ ਗਿਆਨੀ ਹਜ਼ਾਰਾ ਸਿੰਘ ਜੀ ਵੀ ਇੱਕ ਸਨ।

**ਡਾ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ) :**

ਡਾ. ਚਰਨ ਸਿੰਘ ਜੀ ਦਾ ਜਨਮ, ਪ੍ਰਸਿੱਧ ਕਵੀ ਤੇ ਹਕੀਮ ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ, ੭ ਮਾਰਚ ਸੰਨ ੧੮੫੩ ਈ. ਨੂੰ ਕਟੜਾ ਗਰਭਾ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹੋਇਆ। ਡਾ. ਚਰਨ ਸਿੰਘ ਜੀ ਨੇ ਬਚਪਨ ' ਚ ਹੀ ਪੰਜਾਬੀ, ਹਿੰਦੀ ਤੇ ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ ਸੀ। ਆਪ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ' ਚੋਂ ਮਿਲੀ ਸੀ। ਆਪ ਜੀ ਦੇ ਪਿਤਾ ਜੀ (ਬਾਬਾ ਕਾਹਨ ਸਿੰਘ ਜੀ) ਨੇ ਆਪ ਜੀ ਨੂੰ ਹਕੀਮੀ ਦੀ ਸਿੱਖਿਆ ਦਿੱਤੀ ਅਤੇ ਆਪਣੇ ਪਿਆਰ ਵਾਲੇ ਡਾਕਟਰਾਂ ਪਾਸੋਂ ਐਲੋਪੈਥਿਕ ਦੁਆਈਆਂ ਦਾ ਗਿਆਨ ਵੀ ਦਿਵਾਇਆ। ਡਾ. ਚਰਨ ਸਿੰਘ ਜੀ ਦਾ ਵਿਆਹ, ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ ਬੀਬੀ ਉੱਤਮ ਕੌਰ ਜੀ (ਪੇਕਾ ਨਾਮ - ਬੀਬੀ ਭਗਵਾਨ ਕੌਰ ਜੀ) ਨਾਲ ਸੰਨ ੧੮੬੯ ਈ. ' ਚ ਹੋਇਆ। ਬੀਬੀ ਉੱਤਮ ਕੌਰ ਜੀ ਉਸ ਅਕਾਲਪੁਰਖੁ ਨੂੰ ਮੰਨਣ ਵਾਲੀ ਸੱਚੀ-ਸੁੱਚੀ ਸ਼ਖ਼ਸੀਅਤ ਸਨ। ਡਾ. ਚਰਨ ਸਿੰਘ ਜੀ ਨੇ ਕੁਝ ਸਮਾਂ ਵੱਖ - ਵੱਖ ਸਰਕਾਰੀ ਡਿਸਪੈਂਸਰੀਆਂ ' ਚ, ਕੰਪਾਊਡਰ ਵਜੋਂ ਨੌਕਰੀ ਕੀਤੀ। ਫਿਰ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਆਪਣੀ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਤਿਗੁਰੂ ਜੀ ਨੇ ਆਪ ਜੀ ਦੇ ਹੱਥ ' ਚ ਸ਼ਫਾ ਦਾ ਖੁੱਲ੍ਹਾ ਖ਼ਜ਼ਾਨਾ ਬਖ਼ਸ਼ਿਸ਼ ਕੀਤਾ ਹੋਇਆ ਸੀ। ਆਪ ਜੀ ਪਾਸ ਜੋ ਵੀ ਮਰੀਜ਼ ਆਉਂਦਾ ਸੀ, ਠੀਕ ਹੋ ਜਾਂਦਾ ਸੀ। ਆਪ ਜੀ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਸਨ, ਉੱਥੇ ਨਾਲ ਹੀ ਲੋੜਵੰਦ ਮਰੀਜ਼ਾਂ ਨੂੰ ਦੁੱਧ ਤੇ ਫਲ ਆਦਿ ਖਰੀਦਣ ਲਈ, ਆਪਣੇ ਕੋਲੋਂ ਪੈਸੇ ਵੀ ਦੇ ਦਿੰਦੇ ਸਨ। ਕਈ ਵਾਰ ਤਾਂ ਆਪ ਜੀ ਲੋੜਵੰਦ ਮਰੀਜ਼ਾਂ ਨੂੰ ਕੱਪੜੇ ਅਤੇ ਹੋਰ ਜ਼ਰੂਰੀ ਵਸਤਾਂ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਆਪ ਜੀ ਜਦੋਂ ਕਿਸੇ ਲੋੜਵੰਦ ਮਰੀਜ਼ ਨੂੰ ਦੇਖਣ ਲਈ, ਉਸ ਦੇ ਘਰ ਜਾਂਦੇ ਸਨ ਤਾਂ ਕਾਲੇ ਛੋਲਿਆਂ ਦੀ ਤਰੀ ਤੇ ਦੁੱਧ ਆਦਿ ਬੋਤਲਾਂ '

ਚ ਪਾ ਕੇ ਲੈ ਜਾਂਦੇ ਸਨ ਅਤੇ ਉਸ ਮਰੀਜ਼ ਨੂੰ ਦੇ ਆਉਂਦੇ ਸਨ। ਆਪ ਜੀ ਅੰਮ੍ਰਿਤ ਵੇਲੇ ਉੱਠਦੇ ਸਨ। ਫਿਰ, ਇਸ਼ਨਾਨ ਆਦਿ ਕਰਕੇ ਪਾਠ ਕਰਦੇ ਹੋਏ, ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ। ਦਿਨ ਚੜ੍ਹੇ ਵਾਪਸ ਆ ਕੇ ਪ੍ਰਸ਼ਾਦਾ ਛੱਕਦੇ ਸਨ ਅਤੇ ਲਗਭਗ ਦੱਸ ਵਜੇ, ਆਪਣੀ ਕਲੀਨਿਕ ' ਤੇ ਚਲੇ ਜਾਂਦੇ ਸਨ। ਕਲੀਨਿਕ ਤੋਂ ਸ਼ਾਮ ਨੂੰ ਸੱਤ-ਅੱਠ ਵਜੇ ਵਾਪਸ ਆਉਂਦੇ ਸਨ ਅਤੇ ਪ੍ਰਸ਼ਾਦਾ ਛੱਕ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਚਲੇ ਜਾਂਦੇ ਸਨ। ਆਪ ਜੀ ਸ੍ਰੀ ਦਰਬਾਰ ਸਾਹਿਬ ਤੋਂ ਵਾਪਸ ਆ ਕੇ, ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ। ਆਪ ਜੀ ਦੇ ਗ੍ਰਿਹ ਵਿਖੇ, ਧਾਰਮਿਕ ਵਿੱਦਿਆ ਦਾ ਪ੍ਰਵਾਹ ਸਦਾ ਹੀ ਚਲਦਾ ਰਹਿੰਦਾ ਸੀ। ਅਨੇਕਾਂ ਹੀ ਸਤਿਸੰਗੀ ਡਾ. ਚਰਨ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਗ੍ਰੰਥ ' ਚ ਕਾਵਿ ਰੂਪ ' ਚ ਲਿਖੇ ਇਤਿਹਾਸ ਦੇ ਅਰਥ ਸਮਝਣ ਲਈ ਆਉਂਦੇ ਰਹਿੰਦੇ ਸਨ। ਆਪ ਜੀ ਦੀ ਪ੍ਰੇਰਣਾ ਸਦਕਾ, ਸਿੰਘ ਸਭਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ "ਸਿੰਘ ਸਭਾ ਡਿਸਪੈਂਸਰੀ" ਖੋਲ੍ਹੀ ਗਈ, ਜਿਸ ਰਾਹੀਂ ਲੋੜਵੰਦ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਸੀ। ਆਪ ਜੀ ਆਪਣੇ ਪਿਤਾ ਜੀ ਦੀ ਤਰ੍ਹਾਂ ਹੀ, ਪੰਜਾਬੀ, ਹਿੰਦੀ, ਫ਼ਾਰਸੀ, ਅੰਗ੍ਰੇਜ਼ੀ, ਬ੍ਰਿਜ ਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ, ਉੱਚ ਕੋਟੀ ਦੇ ਵਿਦਵਾਨ ਅਤੇ ਡੂੰਘੀ ਸੂਝ-ਬੂਝ ਦੇ ਮਾਲਕ ਸਨ। ਆਪ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ, "ਖ਼ਾਲਸਾ ਟ੍ਰੈਕਟ ਸੁਸਾਇਟੀ" ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ। ਡਾ. ਚਰਨ ਸਿੰਘ ਜੀ ਨੇ ਸਿੱਖਾਂ ਅੰਦਰ ਗੁਰਪੁਰਬ ਮਨਾਉਣ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ ਪ੍ਰਚਾਰ ਕੀਤਾ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ ' ਚ, ਕਵੀ ਦਰਬਾਰ ਆਯੋਜਿਤ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਉਸ ਸਮੇਂ ਦੇ ਉੱਘੇ ਕਵੀ, ਇਹਨਾਂ ਕਵੀ ਦਰਬਾਰਾਂ ' ਚ ਹਿੱਸਾ ਲੈ ਕੇ, ਕਵੀ ਦਰਬਾਰਾਂ ਦੀ ਸ਼ਾਨ ਵਧਾਉਂਦੇ ਸਨ। ਆਪ ਜੀ ਦੇ ਗ੍ਰਿਹ ਵਿਖੇ ਚਾਰ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਦਾ ਵੇਰਵਾ ਹੇਠ ਲਿੱਖੇ ਅਨੁਸਾਰ ਹੈ।

ਭਾਈ ਵੀਰ ਸਿੰਘ ਜੀ (੦੫.੧੨.੧੮੭੨)

ਬੀਬੀ ਮਥਰਾ ਦੇਵੀ ਜੀ (੦੯.੦੬.੧੮੭੬)

ਬੀਬੀ ਸੰਤ ਕੌਰ ਜੀ (੨੫.੧੦.੧੮੮੦)

ਭਾਈ ਜੈ ਰਾਜ ਸਿੰਘ ਜੀ (੨੦.੧੦.੧੮੮੩)

ਭਾਈ ਲਖਬੀਰ ਸਿੰਘ ਜੀ (੧੯.੦੯.੧੮੮੯)

ਡਾ. ਬਲਬੀਰ ਸਿੰਘ ਜੀ (੧੩.੧੨.੧੮੯੬)

(ਭਾਈ ਲਖਬੀਰ ਸਿੰਘ ਜੀ ਤੋਂ ਬਾਅਦ, ਇੱਕ ਹੋਰ ਸਪੁੱਤਰੀ ਨੇ ਜਨਮ ਲਿਆ ਸੀ, ਪਰ, ਉਹ ਬਚਪਨ ' ਚ ਹੀ ਚੜ੍ਹਾਈ ਕਰ ਗਏ ਸਨ।) ਡਾ. ਚਰਨ ਸਿੰਘ ਜੀ ਬਹੁਤ ਦੂਰ-ਅੰਦੇਸ਼ ਤੇ ਰੋਹਬਦਾਰ ਸੁਭਾਅ ਦੇ ਮਾਲਕ ਸਨ। ਆਪ ਜੀ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਪਰ, ਆਪ ਜੀ ਦੇ ਰੋਹਬਦਾਰ ਸੁਭਾਅ ਕਾਰਨ, ਬੱਚਿਆਂ ਦੇ ਵਿਗੜਨ ਦਾ ਡਰ ਨਹੀਂ ਰਹਿੰਦਾ ਸੀ। ਅਖ਼ੀਰ ੧੪ ਜਾਂ ੧੧ ਨਵੰਬਰ ਸੰਨ ੧੯੦੮ ਈ. ਨੂੰ ਡਾ. ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ

ਉਮਰ ਲਗਭਗ ੩੬ ਸਾਲਾਂ ਦੀ ਸੀ।

**ਮਾਤਾ ਉੱਤਮ ਕੌਰ ਜੀ (ਭਾਈ ਵੀਰ ਸਿੰਘ ਜੀ ਦੇ ਮਾਤਾ ਜੀ) :**

ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ ੧੮੫੬ ਈ. ' ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ ੧੮੬੯ ਈ. ' ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸੀਅਤ ਸਨ। ਇੱਕ ਵਾਰ ਇੱਕ ਸਾਧੂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪ੍ਰਸ਼ਾਦਾ ਛੱਕ ਕੇ ਗਿਆ ਤਾਂ ਉਸ ਦਾ ਮਨ ਨਾਮ-ਸਿਮਰਨ ' ਚ ਜੁੜਿਆ ਰਿਹਾ। ਉਸ ਸਾਧੂ ਨੂੰ ਇੰਝ ਲੱਗਾ ਜਿਵੇਂ ਕਿ ਇਹ ਉਸ ਲੰਗਰ ਦੀ ਬਰਕਤਿ ਹੈ, ਜਿਸ ਸਦਕਾ ਉਸ ਨੂੰ ਨਾਮ-ਸਿਮਰਨ ਦੇ ਰਸ ਦਾ ਅਨੰਦ ਆਇਆ ਹੈ। ਉਹ ਸਾਧੂ ਅਗਲੇ ਦਿਨ ਪ੍ਰਸ਼ਾਦਾ ਛਕਣ ਲਈ, ਫਿਰ ਤੋਂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪਹੁੰਚ ਗਿਆ। ਪ੍ਰਸ਼ਾਦਾ ਛੱਕ ਕੇ, ਉਹ ਸਾਧੂ ਕਹਿਣ ਲੱਗਾ ਕਿ ਆਪ ਜੀ ਵੱਲੋਂ ਤਿਆਰ ਕੀਤਾ ਭੋਜਨ ਸੱਚੀ-ਸੁੱਚੀ ਕਿਰਤ ਤੋਂ ਆਈ ਮਾਇਆ ਨਾਲ ਤਿਆਰ ਕੀਤਾ ਗਿਆ ਹੈ। ਜਿਸਦਾ ਪ੍ਰਤੱਖ ਪ੍ਰਮਾਣ ਹੈ ਕਿ ਬੀਤੇ ਕੱਲ੍ਹ ਆਪ ਜੀ ਦੇ ਘਰ ' ਚ ਪ੍ਰਸ਼ਾਦਾ ਛਕਣ ਤੋਂ ਬਾਅਦ, ਮੇਰਾ ਮਨ ਨਾਮ ਸਿਮਰਨ ' ਚ ਜੁੜਿਆ ਰਿਹਾ ਅਤੇ ਨਾਮ ਸਿਮਰਨ ਦਾ ਅਨੰਦ ਵੀ ਬਹੁਤ ਆਇਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਗ੍ਰਿਹ ਵਿਖੇ ਸਦਾ ਹੀ ਲੰਗਰ ਚਲਦੇ ਰਹਿਣ। ਫਿਰ, ਉਹ ਸਾਧੂ ਭਾਈ ਵੀਰ ਸਿੰਘ ਜੀ ਨੂੰ ਲੰਗਰ ਦੀ ਹੱਥੀਂ ਸੇਵਾ ਕਰਦੇ ਦੇਖ ਕੇ ਕਹਿਣ ਲੱਗਾ ਕਿ ਇਸ ਗ੍ਰਿਹ ਵਿਚ ਕਦੇ ਮਾਇਆ ਦੀ ਥੁੜ੍ਹ ਨਾ ਹੋਵੇ, ਇਸ ਲਈ ਮੈਂ ਅਰਦਾਸ ਕਰਦਾ ਹਾਂ ਕਿ ਇਹ ਸੁਸ਼ੀਲ ਤੇ ਭਾਗਾਂ ਵਾਲਾ ਬੱਚਾ ਬਹੁਤ ਧਨਵਾਨ ਹੋਵੇ। ਅੱਗੋਂ ਮਾਤਾ ਉੱਤਮ ਕੌਰ ਜੀ ਕਹਿਣ ਲੱਗੇ ਕਿ ਹੇ ਸੰਤ ਜੀ! ਮਾਇਆ ਤਾਂ ਮੈਲ ਹੈ, ਸੁਰਤਿ ਨੂੰ ਮੈਲਿਆਂ ਕਰ ਦਿੰਦੀ ਹੈ ਅਤੇ ਸਿਰਜਣਹਾਰ ਤੋਂ ਵਿਛੋੜ ਦਿੰਦੀ ਹੈ। ਇਸ ਲਈ, ਜੇ ਤਰੁੱਠੇ ਹੀ ਹੋ ਤਾਂ ਅਰਦਾਸ ਕਰੋ ਕਿ ਸਾਨੂੰ ਨਾਮ-ਚਿੱਤ ਰਹੇ ਤੇ ਸਿਮਰਨ ' ਚ ਵਿੱਥ ਨਾ ਪਵੇ। ਇਹੋ ਜਿਹੇ ਸਨ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ। ਮਾਤਾ ਉੱਤਮ ਕੌਰ ਜੀ ੯ ਅਪ੍ਰੈਲ ਸੰਨ ੧੯੧੮ ਈ. ਨੂੰ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ੪੫ ਸਾਲਾਂ ਦੀ ਸੀ

# ਨਵੀਂ ਸਿੱਖਿਆ ਨੀਤੀ ਦੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਤੇ ਪ੍ਰਭਾਵ ਸੁਧਾਰ ਜਾਂ ਨੁਕਸਾਨ


ਸਹਾਇਕ ਪ੍ਰੋਫ਼ੈਸਰ ਸ਼ਰਨਜੀਤ ਸਿੰਘ

ਮਾਈ ਭਾਗੋ ਐਜੂਕੇਸ਼ਨ ਕਾਲਜ (ਰੱਲਾ)

ਮੋਬਾਈਲ ਨੰ:9878875813

ਈਮੇਲ: shrnaklia@gmail.com


ਸਿੱਖਿਆ ਨੂੰ ਮਨੁੱਖੀ ਸੱਭਿਆਚਾਰ ਦੀ ਸਭ ਤੋਂ ਜਿਆਦਾ ਵਡਮੁੱਲੀ ਪੈਦਾਇਸ਼ ਮੰਨਿਆ ਜਾ ਸਕਦਾ ਹੈ ਕਿਉਂਕਿ ਇਸਨੇ ਮਨੁੱਖੀ ਪੀੜ੍ਹੀਆਂ ਨੂੰ ਜਾਂ ਉਨ੍ਹਾਂ ਦੇ ਬੌਧਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਵਿੱਚ ਸਭ ਤੋਂ ਅਹਿਮ ਰੋਲ ਅਦਾ ਕੀਤਾ ਹੈ। ਸਿੱਖਿਆ ਦੀ ਉਪਯੋਗਤਾ ਨੂੰ ਸਮਝਦੇ ਹੋਏ ਪ੍ਰਾਚੀਨ ਯੂਨਾਨੀ ਵਿਚਾਰਕ ਪਲੂਟੋ ਨੇ ਆਪਣੀ ਰਚਨਾ ਰਿਪਬਲਿਕ ਵਿੱਚ ਕਿਹਾ ਕਿ **ਸਭਿਅਕ ਸਮਾਜ ਦੇ ਨਿਰਮਾਣ ਲਈ ਸਿੱਖਿਆ ਸਭ ਤੋਂ ਅਹਿਮ ਹੈ। ਸਿੱਖਿਆ ਪਲੈਟੋ ਦੇ ਆਦਰਸ਼ ਰਾਜ ਦੀ ਨੀਂਹ ਹੈ। "Education is the positive means by which the ruler can shape human nature in the right direction"** [1] **ਸਿੱਖਿਆ ਪਲੈਟੋ ਦੁਆਰਾ ਆਪਣੇ ਆਦਰਸ਼ ਰਾਜ ਵਿੱਚ ਨਿਆਂ ਪ੍ਰਾਪਤ ਕਰਨ ਲਈ ਪੇਸ਼ ਕੀਤੇ ਗਏ ਦੋ ਤਰੀਕਿਆਂ ਵਿੱਚੋਂ ਇੱਕ ਸਕਾਰਾਤਮਕ ਤਰੀਕਾ ਹੈ।** ਸਮਾਜ ਵਿੱਚ ਸਿੱਖਿਆ ਦੀ ਬਹੁਤ ਲੋੜ ਹੈ। ਸਿੱਖਿਆ ਏਕਤਾ ਦੀ ਭਾਵਨਾ ਪੈਦਾ ਕਰਦੀ ਹੈ। ਰੂਸੋ ਪਲੈਟੋ ਦੀ ਪ੍ਰਮੁੱਖ ਕਿਤਾਬ "ਰਿਪਬਲਿਕ" ਵਿੱਚ ਜ਼ਿਕਰ ਕੀਤੀ ਗਈ ਸਿੱਖਿਆ ਯੋਜਨਾ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸਨੇ ਇਸਨੂੰ ਰਾਜਨੀਤੀ ਵਿਗਿਆਨ 'ਤੇ ਨਹੀਂ, ਸਗੋਂ ਸਿੱਖਿਆ 'ਤੇ ਲਿਖੀ ਗਈ ਸਭ ਤੋਂ ਵਧੀਆ ਕਿਤਾਬ ਕਿਹਾ। **ਪਲੈਟੋ ਦੇ ਅਨੁਸਾਰ, ਸਿੱਖਿਆ ਸਮਾਜਿਕ ਨੈਤਿਕਤਾ ਦਾ ਮਾਰਗ ਹੈ ਅਤੇ ਇਹ ਨਾ ਸਿਰਫ਼ ਸਮਾਜਿਕ ਸਫਲਤਾ ਦਾ ਅਧਾਰ ਹੈ, ਸਗੋਂ ਸੱਚ ਨੂੰ ਲੱਭਣ ਦਾ ਤਰੀਕਾ ਵੀ ਹੈ।** ਉਸਦੇ ਅਨੁਸਾਰ, ਸਿੱਖਿਆ ਇੱਕ ਅਜਿਹੀ ਸਮਾਜਿਕ ਪ੍ਰਣਾਲੀ ਹੈ ਜੋ ਇੱਕ ਵਿਅਕਤੀ ਨੂੰ ਸਮਾਜ ਦੇ ਨਿਰਮਾਣ ਕਾਰਜਾਂ ਲਈ ਸਿਖਲਾਈ ਦਿੰਦੀ ਹੈ ਭਾਵ ਸਿੱਖਿਆ ਇੱਕ ਅਜਿਹੀ ਸਮਾਜਿਕ ਪ੍ਰਣਾਲੀ ਹੈ ਜਿਸ ਰਾਹੀਂ ਸਮਾਜ ਦੀਆਂ ਵੱਖ-ਵੱਖ ਇਕਾਈਆਂ/ਸੰਸਥਾਵਾਂ ਆਦਿ ਨੂੰ ਸਮਾਜਿਕ ਚੇਤਨਾ ਅਤੇ ਸਮਾਜਿਕ ਹਿੱਤ ਦੀਆਂ ਜ਼ਰੂਰਤਾਂ ਨੂੰ ਸਾਰਥਿਕਤ ਰੂਪ ਵਿੱਚ ਪੂਰਾ ਕਰਨ ਲਈ ਸਿੱਖਿਅਤ ਕੀਤਾ ਜਾਂਦਾ ਹੈ। ਇਹ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਸਮਾਜ ਅਤੇ ਵਿਅਕਤੀਆਂ ਨੂੰ ਸਮਾਜਿਕ/ਬੌਧਿਕ ਵਿਕਾਰਾਂ ਤੋਂ ਮੁਕਤ

ਬਣਾਇਆ ਜਾ ਸਕਦਾ ਹੈ।

ਭਾਰਤ ਵਿੱਚ ਅਜਿਹੇ ਬਹੁਤ ਸਬੂਤ ਮਿਲਦੇ ਹਨ ਕਿ ਇਸ ਦੀ ਉਤਪੱਤੀ ਵੈਦਿਕ ਯੁੱਗ ਤੋਂ ਹੀ ਹੋਈ ਹੈ। ਸੰਸਾਰ ਦਾ ਸਭ ਤੋਂ ਪਹਿਲਾ ਵਿਸ਼ਵ ਵਿਦਿਆਲੇ 700 ਈਸਾ ਪੂਰਵ ਤਕਸ਼ੀਲਾ ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ ਨਾਲੰਦਾ ਵਿਸ਼ਵ ਵਿਦਿਆਲੇ ਚੌਥੀ ਸ਼ਤਾਬਦੀ ਵਿੱਚ ਸਥਾਪਿਤ ਕੀਤਾ ਗਿਆ ਸੀ। ਸਾਲ 1854 ਈ. ਚਾਰਲਸ ਵੁੱਡ ਨੇ ਭਾਰਤ ਵਿੱਚ ਅੰਗਰੇਜ਼ੀ ਸਿੱਖਿਆ ਦੇ ਪ੍ਰਚਾਰ ਅਤੇ ਮਹਿਲਾਵਾਂ ਦੀ ਸਿੱਖਿਆ ਉੱਪਰ ਜੋਰ ਦੇਣ ਲਈ ਤੱਤਕਾਲੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਇੱਕ ਪੱਤਰ ਲਿਖਿਆ ਜਿਸ ਨੂੰ 'ਵੁੱਡ ਦਾ ਘੋਸ਼ਣਾ ਪੱਤਰ' ਕਿਹਾ ਜਾਂਦਾ ਹੈ ਅਤੇ ਇਸ ਘੋਸ਼ਣਾ ਪੱਤਰ ਨੂੰ ਭਾਰਤ ਵਿੱਚ ਅੰਗਰੇਜ਼ੀ ਸਿੱਖਿਆ ਦਾ ਮੈਗਨਾ ਕਾਰਟ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਸ ਘੋਸ਼ਣਾ ਪੱਤਰ ਦਾ ਨਵੀਂ ਭਾਰਤੀ ਸਿੱਖਿਆ ਨੀਤੀ 2020 ਉੱਪਰ ਵੀ ਪ੍ਰਭਾਵ ਹੈ। ਨਵੀਂ ਸਿੱਖਿਆ ਨੀਤੀ ਦੇ ਨਿਰਮਾਣ ਲਈ ਜੂਨ 2017 ਸਾਬਕਾ ਇਸ਼ਰੋ ਪ੍ਰਮੁੱਖ ਡਾ ਕੇ ਕਸਤੂਰੀਰੰਗਨ ਦੀ ਪ੍ਰਧਾਨਗੀ ਵਿੱਚ ਇੱਕ ਸੰਮਤੀ ਦਾ ਗਠਨ ਕੀਤਾ ਗਿਆ ਇਸ ਸੰਮਤੀ ਨੇ ਮਈ 2019 ਵਿੱਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਪ੍ਰਸਤਾਵ ਪੇਸ਼ ਕੀਤਾ। ਨਵੀਂ ਸਿੱਖਿਆ ਨੀਤੀ ਦੇ ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਸਿੱਖਿਆ ਉੱਪਰ ਦੇਸ਼ ਦੀ ਜੀਡੀਪੀ ਦਾ 6% ਭਾਗ ਆਪਸੀ ਸਹਿਮਤੀ ਨਾਲ ਨਿਸ਼ਚਿਤ ਰੱਖਿਆ । ਇਸ ਤੋਂ ਇਲਾਵਾ 10 + 2 ਪ੍ਰਣਾਲੀ ਨੂੰ 5 + 3 + 3 + 4 ਦੀ ਸਰੰਚਨਾ ਦੁਆਰਾ ਪੁਨਰ ਸਥਾਪਿਤ ਕੀਤਾ ਗਿਆ। ਤਕਨੀਕੀ ਸਿੱਖਿਆ ਭਾਸ਼ਾਵਾਂ ਨਾਲ ਸੰਬੰਧਿਤ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਅਪਾਹਜ ਵਿਦਿਆਰਥੀਆਂ ਦੇ ਲਈ ਸਿੱਖਿਆ ਨੂੰ ਸੌਖਾ ਬਣਾਉਣਾ ਅਤੇ ਹੋਰ ਸਿੱਖ ਸੁਧਾਰਾਂ ਨੂੰ ਲਾਗੂ ਕਰਨ ਦੇ ਲਈ ਇਸ ਨਵੀਂ ਸਿੱਖਿਆ ਨੀਤੀ ਉੱਪਰ ਧਿਆਨ ਕੇਂਦਰਿਤ ਕਰਨਾ ਬਣਦਾ ਹੈ ਪਰ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਰਤ ਇੱਕ ਬਹੁ ਵਿਭਿੰਨਤਾਵਾਂ ਵਾਲਾ ਦੇਸ਼ ਹੈ ਅਤੇ ਭਾਸ਼ਾਈ ਅਤੇ ਸੱਭਿਆਚਾਰਿਕ ਵਖੇਰਵੇਂ ਦੇ ਕਾਰਨ ਕਈ ਰਾਜਾਂ ਵਿੱਚ ਇਸਦੀ ਸਾਰਥਿਕਤਾ ਨੂੰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਅਤੇ ਪੰਜਾਬ ਇਸ ਦਾ ਅਪਵਾਦ ਨਹੀਂ ਹੈ।

**ਨਵੀਂ ਸਿੱਖਿਆ ਨੀਤੀ ਅਤੇ ਪੰਜਾਬ : ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿੱਚ ਇਹ ਕਿਹਾ ਜਾਂਦਾ ਹੈ ਕਿ ਇਹ ਭਾਰਤੀ ਵਿਸ਼ੇਸ਼ਤਾਈਆਂ ਵਿੱਚ ਜੜਾਂ ਵਾਲੀ ਅਜਿਹੀ ਸਿੱਖਿਆ ਪ੍ਰਣਾਲੀ ਚਿਤਵਦੀ ਹੈ ਜਿਹੜੀ ਹਰ ਇੱਕ ਨੂੰ ਉੱਚ ਦਰਜਾ ਸਿੱਖਿਆ ਹਾਸਿਲ ਕਰਵਾ ਕੇ ਭਾਰਤ ਦੀ ਇੱਕ ਹੰਡਣਸਾਰ ਇਕ ਸਮਾਨਤਾ ਮੁਖੀ ਅਤੇ ਜੀਵੰਤ ਗਿਆਨ ਸਮਾਜ ਵਿੱਚ ਕਾਇਆ ਪਲਟ ਕਰਦੀ ਹੋਵੇ, ਅਤੇ ਇੰਜ ਭਾਰਤ ਨੂੰ ਇੱਕ ਭੂਮੰਡਲੀ ਗਿਆਨ ਮਹਾਂਸ਼ਕਤੀ ਬਣਾਉਂਦੀ ਹੋਵੇ''** [2] ਪਰ ਕੀ ਖੇਤਰੀ ਰੂਪਾਂ ਵਿੱਚ ਇਹ ਸੰਭਵ ਹੈ। ਕੀ ਭਾਰਤ ਵਿੱਚ ਭਾਸ਼ਾਵਾਂ ਦੀ ਵਿਲੱਖਣਤਾ ਨੂੰ ਨਵੀਂ ਸਿੱਖਿਆ ਨੀਤੀ **ਦੇ ਸੰਦਰਭ**

ਰਾਹੀਂ ਸਹੀ ਮਾਇਨੇ ਵਿੱਚ ਸਮਝਿਆ ਗਿਆ ਹੈ। ਪੰਜਾਬ ਉੱਤਰ ਭਾਰਤ ਦਾ ਇੱਕ ਅਜਿਹਾ ਸੂਬਾ ਹੈ ਜੋ ਭਾਸ਼ਾ ਦੀ ਅਲਿਹਦਗੀ ਨੂੰ ਅਪਣਾਉਂਦਾ ਹੈ। ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿੱਚ ਪੰਜਾਬ ਦੇ ਸਿੱਖਿਅਕ ਢਾਂਚੇ ਵਿੱਚ ਕੇਂਦਰੀ/ਰਾਸ਼ਟਰੀ ਪ੍ਰਵਿਰਤੀ ਭਾਰੂ ਹੋ ਰਹੀ ਹੈ। ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿੱਚ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ 10+2 ਨੂੰ ਨਵੀਂ ਬਣਤਰ ਦਿੱਤੀ ਜਾ ਰਹੀ ਹੈ। **ਇਸਨੂੰ ਹੁਣ ਨਵੀਂ ਬਣਤਰ 5+3+3+4 ਵਿੱਚ ਪਰਿਵਰਤਿਤ ਕੀਤਾ ਜਾ ਰਿਹਾ ਹੈ। ਪਾਠਸ਼ਾਲਾ ਸਿੱਖਿਆ ਲਈ ਪਾਠਕ੍ਰਮ ਅਤੇ ਸਿੱਖਿਆ–ਵਿਧੀ ਬਣਤਰ ਅਤੇ ਪਾਠਕ੍ਰਮ ਦੀ ਰੂਪ–ਰੇਖਾ ਦੀ ਅਗਵਾਈ 5+3+3+4 ਰੂਪ–ਰੇਖਾ ਕਰੇਗੀ, ਜਿਸ ਵਿੱਚ ਆਧਾਰ ਪੱਧਰ (ਦੋ ਹਿੱਸਿਆਂ ਵਿੱਚ, ਮਤਲਬ, ਆਂਗਣਵਾੜੀ/ਪੂਰਬ–ਪਾਠਸ਼ਾਲਾ ਕਾਲ ਦੇ 3 ਸਾਲ + ਜਮਾਤ 1–2 ਦੇ ਮੁੱਢਲੀ ਪਾਠਸ਼ਾਲਾ ਦੇ 2 ਸਾਲ, ਦੋਵਾਂ ਦਾ ਪਸਾਰ 3–8 ਸਾਲ ਦੀ ਉਮਰ ਲਈ ਹੋਵੇਗਾ), ਤਿਆਰੀ–ਕਾਲ ਦੀ ਪੱਧਰ (3–5 ਜਮਾਤਾਂ, 8–11 ਉਮਰ ਤੱਕ), ਮੱਧਲੀ ਪੱਧਰ (6–8 ਜਮਾਤਾਂ, 11–14 ਉਮਰ ਤੱਕ), ਅਤੇ ਦੂਜਾਵੀ ਪੱਧਰ (9–12 ਜਮਾਤਾਂ, ਦੋ ਪੜਾਵਾਂ ਵਿੱਚ, 9–10 ਪਹਿਲਾ ਤੇ 11–12 ਦੂਜਾ, 14–18 ਉਮਰ ਤੱਕ) ਹੋਵੇਗੀ।**[3]" ਪਰ ਕੀ ਇਹ ਵਿਵਹਾਰਿਕ ਰੂਪ ਵਿੱਚ ਲਾਗੂ ਹੋਵੇਗੀ ਅਤੇ ਕੀ ਇਸ ਨਾਲ ਆਂਗਣਵਾੜੀ ਅਧਿਆਪਕਾਂ ਦੀ ਯੋਗਤਾ ਦਾ ਕੋਈ ਮਾਪਦੰਡ ਤਿਆਰ ਕੀਤਾ ਜਾਵੇਗਾ ।NEP ਵਿੱਚ ਸਿੱਖਿਆ ਖੇਤਰ ਵਿੱਚ ਜਨਤਕ ਨਿਵੇਸ਼ ਨੂੰ GDP ਦੇ ਛੇ ਪ੍ਰਤੀਸ਼ਤ ਤੱਕ ਵਧਾਉਣ ਲਈ ਕੇਂਦਰ ਅਤੇ ਰਾਜਾਂ ਨੂੰ ਮਿਲ ਕੇ ਕੰਮ ਕਰਨ ਦੀ ਸ਼ਰਤ ਰੱਖੀ ਗਈ ਹੈ। ਭਾਵੇਂ ਪੰਜਾਬ ਰਾਜ ਸਰਕਾਰ ਵੱਲੋਂ 2025-26 ਵਿੱਤੀ ਸਾਲ ਲਈ ਸਿੱਖਿਆ ਲਈ ਬਜਟ ਲਗਭਗ 18000 ਕਰੋੜ ਅਲਾਟਮੈਂਟ ਹੋਇਆ ਹੈ ਪਰ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸਦੀ ਵਿਵਹਾਰਿਕਤਾ ਵਿੱਚ ਇਹ ਸਾਨੂੰ ਨਹੀਂ ਵੇਖਣ ਨੂੰ ਨਹੀਂ ਮਿਲ ਰਿਹਾ ਹੈ। ਇਸਤੋਂ ਇਲਾਵਾ NEP ਨੇ ਉੱਚ ਸਿੱਖਿਆ ਵਿੱਚ ਵਿਆਪਕ ਬਦਲਾਅ ਦਾ ਪ੍ਰਸਤਾਵ ਰੱਖਿਆ ਹੈ ਜੋ ਬਦਲਦੇ ਰੁਜ਼ਗਾਰ ਬਾਜ਼ਾਰ /ਕਿੱਤਾ ਮੁਖੀ ਕੋਰਸਾਂ ਨੂੰ ਧਿਆਨ ਵਿੱਚ ਰੱਖਕੇ ਉਪਜੀਵਿਕਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਈ ਹੋਵੇਗਾ। ਖੇਤਰੀ ਸਮਾਨਤਾ ਨੂੰ ਬਿਹਤਰ ਬਣਾਉਣ ਦੀ ਇੱਕ ਹੋਰ ਸ਼ਾਨਦਾਰ ਉਦਾਹਰਣ ਮਾਤ ਭਾਸ਼ਾ ਨੂੰ ਵਿਦਿਅਕ ਅਤੇ ਕਿੱਤਾਮੁਖੀ ਸਿੱਖਿਆ ਦੋਵਾਂ ਦੇ ਮਾਧਿਅਮ ਵਜੋਂ ਸ਼ਾਮਲ ਕਰਨ ਦੀ ਕੋਸ਼ਿਸ਼ ਹੈ। ਖੇਤਰੀ ਭਾਸ਼ਾਵਾਂ ਨੂੰ ਸ਼ਾਮਲ ਕਰਕੇ, ਇਸ ਮਾਮਲੇ ਵਿੱਚ ਪੰਜਾਬੀ, ਨੂੰ ਸਿੱਖਿਆ ਦੇ ਮਾਧਿਅਮ ਵਜੋਂ, NEP 2020 ਬੱਚੇ ਦੀ ਊਰਜਾ ਨੂੰ ਮਾਤ ਭਾਸ਼ਾ ਵਿੱਚ ਸਿੱਖਣ ਦੇ ਸੰਕਲਪਾਂ 'ਤੇ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਵਿਵਹਾਰਿਕ ਰੂਪ ਵਿੱਚ ਇਹ ਵੇਖਣ ਨੂੰ ਨਹੀਂ ਮਿਲ ਰਿਹਾ ਹੈ ਖਾਸ ਕਰ ਪ੍ਰਾਈਵੇਟ ਸਿੱਖਿਆ ਸੈਕਟਰ ਵਿੱਚ। **BBC ਦੀ ਖ਼ਬਰ ਮੁਤਾਬਕ ," ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾਕਟਰ ਰਵੇਲ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਬਹੁਤ ਹੀ ਚਲਾਕੀ ਨਾਲ ਨਵੀਂ ਸਿੱਖਿਆ ਨੀਤੀ ਲਿਆਂਦੀ ਹੈ।"** [4] ਉਨ੍ਹਾਂ

ਆਖਿਆ, "ਨਵੀਂ ਸਿੱਖਿਆ ਵਿੱਚ ਪੰਜਵੀਂ ਜਮਾਤ ਤੱਕ ਮਾਤ-ਭਾਸ਼ਾ, ਸਥਾਨਕ ਜਾਂ ਖੇਤਰੀ ਭਾਸ਼ਾ ਵਿੱਚ ਸਿੱਖਿਆ ਦਾ ਮਾਧਿਅਮ ਰੱਖਣ ਦੀ ਗੱਲ ਕਹੀ ਗਈ ਹੈ ਜਦਕਿ ਹਾਇਰ ਐਜੂਕੇਸ਼ਨ ਵਿੱਚ ਬੱਚਿਆਂ ਨੂੰ ਭਾਸ਼ਾ ਬਾਰੇ ਬਦਲ ਦਿੱਤਾ ਗਿਆ ਹੈ ਪਰ ਸਵਾਲ ਫੈਕਲਟੀ ਦਾ ਹੈ ਉਹ ਕਿਥੋਂ ਲੈ ਕੇ ਆਉਣੀ ਹੈ।"ਉਨ੍ਹਾਂ ਦਾ ਕਹਿਣਾ ਹੈ ਕਿ ਇਹ ਬਦਲ 22 ਭਾਸ਼ਾਵਾਂ ਦਾ ਹੈ। ਡਾਕਟਰ ਰਵੇਲ ਮੁਤਾਬਕ ਅੰਗਰੇਜ਼ੀ ਕਾਰਨ ਪਹਿਲਾਂ ਹੀ ਖੇਤਰੀ ਭਾਸ਼ਾਵਾਂ ਹਾਸ਼ੀਏ ਉੱਤੇ ਜਾ ਰਹੀਆਂ ਹਨ ਅਜਿਹੇ ਵਿੱਚ ਨਵੀਂ ਸਿੱਖਿਆ ਨੀਤੀ ਨਾਲ ਖੇਤਰੀ ਭਾਸ਼ਾਵਾਂ ਨੂੰ ਹੋਰ ਠੇਸ ਪਹੁੰਚੇਗੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਜੋਗਾ ਸਿੰਘ ਵਿਰਕ ਮੁਤਾਬਕ ਨਵੀਂ ਸਿੱਖਿਆ ਨੀਤੀ ਨਾਲ ਬਹੁਤ ਵੱਡਾ ਖੋਰਾ ਕੌਮੀ ਭਾਸ਼ਾਵਾਂ ਨੂੰ ਲੱਗੇਗਾ। ਪੰਜਾਬ ਵਿੱਚ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਨੂੰ ਇੱਕ ਵਿਕਲਪ ਵਜੋਂ ਰੱਖਿਆ ਜਾਂਦਾ ਹੈ ਅਤੇ ਕਿੱਤਾ ਮੁਖੀ ਕੋਰਸਾਂ ਨੂੰ ਅੱਜ ਵੀ ਹਾਸ਼ੀਏ ਤੇ ਖੜ੍ਹੀ ਭਾਸ਼ਾ ਦੇ ਰੂਪ ਵਿੱਚ ਹੀ ਵੇਖਿਆ ਜਾਂਦਾ ਹੈ। ਨਵੀਂ ਸਿੱਖਿਆ ਨੀਤੀ ਤ੍ਰੈਭਾਸ਼ੀ ਸਿਧਾਂਤ ਰਾਹੀਂ ਇਸਦੀ ਸਥਿਤੀ ਵਿੱਚ ਨਿਘਾਰ ਰਹੀ ਹੈ।

ਆਂਗਣਵਾੜੀ, ਪ੍ਰਾਇਮਰੀ ਅਤੇ ਪ੍ਰੀ-ਪ੍ਰਾਇਮਰੀ ਸਿੱਖਿਆ ਹਰ ਇੱਕ ਬੱਚੇ ਨੂੰ ਪ੍ਰਦਾਨ ਕਰਨਾ ਨਵੀਂ ਸਿੱਖਿਆ ਨੀਤੀ ਦਾ ਮੁੱਖ ਮਕਸਦ ਹੈ। ਇਸ ਲਈ, NEP 2020 ਨੂੰ ਲਾਗੂ ਕਰਨ ਵਿੱਚ ਪੰਜਾਬ ਸਰਕਾਰ ਦਾ ਆਦੇਸ਼ ਇਹ ਯਕੀਨੀ ਬਣਾਉਣਾ ਹੈ ਕਿ 3 ਤੋਂ 6 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਦੀ ਨਾ ਸਿਰਫ਼ ਪ੍ਰੀ-ਪ੍ਰਾਇਮਰੀ ਸਿੱਖਿਆ ਤੱਕ ਪਹੁੰਚ ਹੋਵੇ, ਸਗੋਂ ਉਨ੍ਹਾਂ ਨੂੰ ਇਸ ਵਿੱਚ ਸ਼ਾਮਲ ਵੀ ਕਰਵਾਇਆ ਜਾਵੇ। ਇਸ ਵਿੱਚ ਪ੍ਰੀ-ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਸ਼ਾਮਲ ਸਾਰੀਆਂ ਸੰਸਥਾਵਾਂ (ਨਿੱਜੀ ਅਤੇ ਸਰਕਾਰੀ ਆਂਗਣਵਾੜੀ ਕੇਂਦਰਾਂ ਸਮੇਤ) ਵਿੱਚ ਰਾਸ਼ਟਰੀ ਪਾਠਕ੍ਰਮ ਅਤੇ ਸਿੱਖਿਆ ਸ਼ਾਸਤਰੀ ਢਾਂਚਾ (NCPF-ECCE) ਪਾਠਕ੍ਰਮ ਢਾਂਚੇ ਨੂੰ ਲਾਗੂ ਕਰਨਾ ਸ਼ਾਮਲ ਹੈ। ਪਰ ਇਹ ਬਰਾਬਰਤਾ ਦੇ ਸਿਧਾਂਤ ਨੂੰ ਅਣਗੌਲਿਆਂ ਕਰਦਾ ਹੈ ਕਿਉਂਕਿ ਪਿਛਲੇ ਕੁੱਝ ਸਮੇਂ ਤੋਂ ਪ੍ਰਾਈਵੇਟ ਸਕੂਲਾਂ ਜਾਂ ਸੰਸਥਾਵਾਂ ਵਿੱਚ ਖਾਸ ਤਬਕੇ ਨਾਲ ਸਬੰਧਿਤ ਵਰਗ ਦੇ ਬੱਚਿਆਂ ਦੀ ਗਿਣਤੀ ਵਧ ਰਹੀ ਹੈ ਭਾਵ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਰਕਾਰੀ ਆਂਗਣਵਾੜੀ ਸੈਂਟਰਾਂ/ ਸਕੂਲਾਂ ਵਿੱਚ ਹਾਸ਼ੀਆਕ੍ਰਿਤ ਵਰਗ ਦੇ ਬੱਚਿਆਂ ਦੀ ਗਿਣਤੀ ਦੂਸਰੇ ਵਰਗਾਂ ਦੇ ਮੁਕਾਬਲੇ ਵੱਧ ਹੈ। ਇਸਦਾ ਕਾਰਨ ਸਰਕਾਰੀ ਸਿੱਖਿਅਕ ਸੰਸਥਾਵਾਂ ਦੀ ਖ਼ਸਤਾ ਹਾਲਤ ਹੋ ਸਕਦੀ ਹੈ। ਪੰਜਾਬ ਇਸ ਬਿਰਤਾਂਤ ਦਾ ਅਪਵਾਦ ਨਹੀਂ ਹੈ

ਪ੍ਰਾਇਮਰੀ ਸਿੱਖਿਆ, ਸਿੱਖਿਆ ਦੇ ਅਗਲੇ ਪੱਧਰਾਂ ਅਤੇ ਜੀਵਨ ਭਰ ਸਿੱਖਣ ਲਈ ਇੱਕ ਲਾਜ਼ਮੀ ਨੀਂਹ ਹੈ। ਇਸ ਪੜਾਅ ਵਿੱਚ, ਬੱਚਾ ਅੰਕੜਾ ਵਿਗਿਆਨ ਵਿੱਚ ਬੁਨਿਆਦੀ ਹੁਨਰ ਅਤੇ ਪੜ੍ਹਨ ਅਤੇ ਲਿਖਣ ਦੀ ਜ਼ਰੂਰੀ ਯੋਗਤਾ ਪ੍ਰਾਪਤ ਕਰਦਾ ਹੈ ਪਰ ਹਾਲੇ ਵੀ ਬਹੁਤ ਸਾਰੇ ਬੱਚੇ ਸਿੱਖਣ ਦੇ ਨਤੀਜਿਆਂ/ਗ੍ਰੇਡ ਪੱਧਰ

ਦੀ ਯੋਗਤਾ ਦੇ ਅਨੁਮਾਨਿਤ ਪੱਧਰਾਂ ਦਾ ਪ੍ਰਦਰਸ਼ਨ ਕਰਨ ਦੇ ਯੋਗ ਨਹੀਂ ਹਨ। ਇਸ ਸਬੰਧ ਵਿੱਚ, NEP 2020 ਨੂੰ ਲਾਗੂ ਕਰਦੇ ਸਮੇਂ, ਸਰਕਾਰ ਭਾਰਤ ਸਰਕਾਰ ਇੱਕ ਮਿਸ਼ਨ ਮੋਡ ਵਿੱਚ ਨੈਸ਼ਨਲ ਇਨੀਸ਼ੀਏਟਿਵ ਫਾਰ ਪ੍ਰੋਫੀਸ਼ੈਂਸੀ ਇਨ ਰੀਡਿੰਗ ਵਿਦ ਅੰਡਰਸਟੈਂਡਿੰਗ ਐਂਡ ਨਿਊਮੇਰੇਸੀ (NIP RUN) ਸ਼ੁਰੂ ਕਰਨ ਜਾ ਰਹੀ ਹੈ। ਸਿੱਖਣ ਦੇ ਪਾੜੇ ਅਤੇ ਸੰਬੰਧਿਤ ਕਾਰਕਾਂ ਦੀ ਹੱਦ ਨੂੰ ਪਛਾਣਨਾ ਅਤੇ ਸਮਝਣਾ ਅਤੇ ਰਾਜ ਦੇ ਜ਼ਿਲ੍ਹਿਆਂ ਵਿੱਚ ਹਾਲਾਤਾਂ ਅਤੇ ਵਿਭਿੰਨਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਰਣਨੀਤੀਆਂ ਤਿਆਰ ਕਰਨਾ ਮਹੱਤਵਪੂਰਨ ਹੈ। ਯੋਗ ਅਧਿਆਪਕਾਂ ਨਾਲ ਖਾਲੀ ਅਸਾਮੀਆਂ ਨੂੰ ਭਰਨਾ ਹੱਲ ਦਾ ਇੱਕ ਹਿੱਸਾ ਹੈ ਪਰ ਇਸ ਤੋਂ ਇਲਾਵਾ ਅਧਿਆਪਕਾਂ ਦੀ ਜਵਾਬਦੇਹੀ ਅਤੇ ਲੋੜ ਅਨੁਸਾਰ ਉਨ੍ਹਾਂ ਦੀ ਸਿਖਲਾਈ ਉਮੀਦ ਅਨੁਸਾਰ ਸਿੱਖਣ ਦੇ ਨਤੀਜਿਆਂ ਨੂੰ ਪ੍ਰਾਪਤ ਕਰਦੇ ਹੋਏ ਇਸ ਮੁਸ਼ਕਿਲ ਨੂੰ ਹੱਲ ਕਰਨਾ ਮਹੱਤਵਪੂਰਨ ਹੈ। ਪਰ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਪੰਜਾਬ ਵਿੱਚ ਪਹਿਲਾਂ ਤੋਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ। ਇਸ ਔਕੜ ਦਾ ਸਾਹਮਣਾ ਪੰਜਾਬ ਵਿੱਚ ਪ੍ਰਾਇਮਰੀ ਜਾਂ ਪ੍ਰੀ ਪ੍ਰਾਇਮਰੀ ਨੂੰ ਹੀ ਨਹੀਂ ਕਰਨਾ ਪੈ ਰਿਹਾ ਬਲਕਿ ਪੰਜਾਬ ਦੀ ਉਚੇਰੀ ਸਿੱਖਿਆ ਵੀ ਇਸ ਸੰਤਾਪ ਵਿੱਚੋਂ ਗੁਜ਼ਰ ਰਹੀ ਹੈ। ਇਸਨੂੰ 1158 ਦੇ ਸੰਦਰਭ ਰਾਹੀਂ ਸਮਝਿਆ ਜਾ ਸਕਦਾ ਹੈ।

ਦੇਸ਼ ਦੇ ਕੁਝ ਪਿੰਡ ਅਜਿਹੇ ਹਨ ਜਿੱਥੇ ਅੱਜ ਤੱਕ ਅਖ਼ਬਾਰ ਨਹੀਂ ਪਹੁੰਚਿਆ ਉਥੇ ਅਤਿ ਆਧੁਨਿਕ ਸਹੂਲਤਾਂ ਪਹੁੰਚਾਉਣਾ ਸਰਕਾਰ ਲਈ ਬਹੁਤ ਵੱਡੀ ਚੁਣੌਤੀ ਹੈ। ਅਜਿਹੀ ਸਥਿਤੀ ਵਿਚ ਜਿੱਥੇ ਮੁੱਢਲੀਆਂ ਸਹੂਲਤਾਂ ਦੀ ਘਾਟ ਹੈ ਅਤੇ ਲੋਕ ਜੀਵਨ ਜੀਉਣ ਲਈ ਸੰਘਰਸ਼ ਕਰ ਰਹੇ ਹਨ, ਅਸਲ ਵਿਚ ਆਨਲਾਈਨ ਸਿੱਖਿਆ ਅਧਿਆਪਕਾਂ ਅਤੇ ਉਸ ਸਮਾਜ ਲਈ ਕੋਈ ਢੁਕਵਾਂ ਬਦਲ ਨਹੀਂ ਹੈ। **"ਕਲਾਸ ਵਿਚ ਅਧਿਆਪਕ ਬੱਚਿਆਂ ਦੇ ਚਿਹਰੇ ਦੇ ਹਾਵ-ਭਾਵ ਪੜ੍ਹ ਕੇ ਪੜਾਉਂਦਾ ਹੈ ਅਤੇ ਵਿਦਿਆਰਥੀ ਗਤੀਵਿਧੀਆਂ ਤੇ ਪੂਰੀ ਤਰ੍ਹਾਂ ਨਜ਼ਰ ਵੀ ਰੱਖਦਾ ਹੈ ਜਿਸ ਸਦਕਾ ਵਿਦਿਆਰਥੀ ਸਮਾਜ ਵਿਚ ਇਕ ਚੰਗੀ ਸ਼ਖ਼ਸੀਅਤ ਦੇ ਗੁਣ ਪ੍ਰਾਪਤ ਕਰਕੇ ਆਪਣੀਆਂ ਜਿੰਮੇਵਾਰੀਆਂ ਨੂੰ ਚੁੱਕਣ ਦੇ ਕਾਬਲ ਬਣਦਾ ਹੈ।"**[5] ਕੀ ਆਨਲਾਈਨ ਸਿੱਖਿਆ ਵਿਚ ਵਿਦਿਆਰਥੀ ਇਸ ਤਰ੍ਹਾਂ ਦੀਆਂ ਕਦਰਾਂ ਕੀਮਤਾਂ ਸਿੱਖ ਸਕੇਗਾ ਇਹ ਵੀ ਇਕ ਚੁਣੌਤੀਪੂਰਨ ਸਮੱਸਿਆ ਹੈ ਅਤੇ ਸਰਕਾਰ ਕੋਲ ਅਜਿਹੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਨਿੱਜੀ ਘਰਾਣਿਆਂ ਦੀ ਜਰੂਰਤ ਹੋਵੇਗੀ। ਸਿੱਖਿਆ ਦੇ ਖੇਤਰ ਵਿਚ ਜਦੋਂ ਨਿੱਜੀ ਹਿੱਸੇਦਾਰੀ ਵਧਦੀ ਹੈ ਤਾਂ ਸਿੱਖਿਆ ਪ੍ਰਾਪਤੀ ਆਮ ਲੋਕਾਂ ਦੀ ਪਹੁੰਚ ਚ ਬਾਹਰ ਨਿਕਲ ਜਾਂਦੀ ਹੈ।ਉੱਚ ਸਿੱਖਿਆ ਨੂੰ ਜਦੋਂ ਅਸੀਂ ਆਧੁਨਿਕ ਸਾਧਨਾਂ ਰਾਹੀਂ ਵਿਦਿਆਰਥੀਆਂ ਤੱਕ ਲੈ ਕੇ ਜਾਵਾਂਗੇ ਜਾਂ ਇਹ ਜਰੂਰੀ ਅਤੇ ਯਕੀਨੀ ਬਣਾ ਦੇਵਾਂਗੇ ਕਿ ਉੱਚ ਸਿੱਖਿਆ ਸਿਰਫ਼ ਆਨਲਾਈਨ ਹੀ ਦਿੱਤੀ ਜਾਵੇਗੀ ਤਾਂ ਬਹੁਤ ਸਾਰੀਆਂ ਚੁਣੌਤੀਆਂ ਸਾਡੇ ਸਾਹਮਣੇ ਖੜ੍ਹੀਆਂ ਹੋਣਗੀਆਂ

ਭਾਰਤ ਜਿਹੇ ਦੇਸ਼ ਵਿਚ ਇੰਨੀ ਜਲਦੀ ਆਨਲਾਈਨ ਸਾਧਨਾਂ ਦੀ ਵਿਵਸਥਾ ਕਰਨੀ ਸ਼ਾਇਦ ਸੰਭਵ ਨਹੀਂ ਹੈ, ਜਿਨ੍ਹਾਂ ਵਿਚ ਵੱਖ ਵੱਖ ਪ੍ਰਕਾਰ ਦੇ ਸਾਫਟਵੇਅਰ ਕੰਪਿਊਟਰ ਅਤੇ ਅਤਿ ਆਧੁਨਿਕ ਉਪਕਰਨ ਲੋੜੀਂਦੇ ਹਨ।ਆਧੁਨਿਕ ਸਿੱਖਿਆ ਨੂੰ ਮੁਹੱਈਆ ਕਰਾਉਣ ਵਿਚ ਜੋ ਲੋਕ ਕੰਮ ਕਰਨਗੇ। ਉਹ ਤਕਨੀਕੀ ਤੌਰ 'ਤੇ ਬਹੁਤ ਜ਼ਿਆਦਾ ਪ੍ਰਫੁੱਲਿਤ ਹੋਣੇ ਚਾਹੀਦੇ ਹਨ ਪਰ ਇਸ ਲਈ ਬਹੁਤ ਜਿਆਦਾ ਤਕਨਾਲੋਜੀ ਦੀ ਜ਼ਰੂਰਤ ਪਵੇਗੀ।ਆਨਲਾਈਨ ਮਾਧਿਅਮ ਰਾਹੀਂ ਸਿੱਖਿਆ ਪ੍ਰਾਪਤ ਵਿਦਿਆਰਥੀ ਜਦੋਂ ਸਮਾਜ ਵਿਚ ਵਿਚਰੇਗਾ ਤਾਂ ਉਸ ਦੀ ਭਰੋਸੇਯੋਗਤਾ ਨੂੰ ਕੌਣ ਤੈਅ ਕਰੇਗਾ ਕਿ ਇਹ ਸਿੱਖਿਆ ਸਮਾਜ ਲਈ ਘਾਤਕ ਨਹੀਂ ਹੈ।

ਕੀ ਆਨਲਾਈਨ ਸਿੱਖਿਆ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਜਿਸ ਵਿਚ ਉਸ ਦਾ ਚਰਿੱਤਰ, ਬੌਧਿਕ ਪੱਧਰ ਅਤੇ ਉਸ ਦੀ ਦੂਰ ਅੰਦੇਸ਼ੀ ਬਾਰੇ ਮਾਪਦੰਡ ਤੇਅ ਕਰ ਸਕੇਗੀ।ਆਨਲਾਈਨ ਸਿੱਖਿਆ ਵਿਚ ਬਹੁਤ ਸਾਰੇ ਤੱਥਾਂ ਨੂੰ ਦੱਸਿਆ ਜਾਂਦਾ ਹੈ ਪਰ ਉਸ ਨੂੰ ਜ਼ਮੀਨੀ ਪੱਧਰ 'ਤੇ ਕਰਵਾਇਆ ਨਹੀਂ ਜਾਂਦਾ ਕਿ ਇਸ ਤਰ੍ਹਾਂ ਨਰੋਏ ਵਿਦਿਆਰਥੀ ਪੈਦਾ ਹੋ ਸਕਣਗੇ ਜੋ ਸਮਾਜ ਨੂੰ ਅੱਗੇ ਲੈ ਕੇ ਜਾ ਸਕਣਗੇ।

**"ਨਵੀਂ ਸਿੱਖਿਆ ਨੀਤੀ ਬਾਰੇ ਪੰਜਾਬੀ ਜਾਗਰਣ ਅਖਬਾਰ ਦੀ ਸੰਪਾਦਕੀ 10 ਦਸੰਬਰ 2020 ਵਿਚ ਇਸ ਦੇ ਬਾਰੇ ਵਿਸਥਾਰ ਪੂਰਵਕ ਗੱਲ ਕੀਤੀ ਗਈ ਹੈ।"** [5]

ਦੇਸ਼ 'ਚ ਨਵੀਂ ਸਿੱਖਿਆ ਨੀਤੀ ਸਦਕਾ ਸਕੂਲੀ ਤੇ ਉੱਚ ਸਿੱਖਿਆ, ਦੋਵਾਂ ਪੱਧਰਾਂ 'ਤੇ ਵੱਡੇ ਸੁਧਾਰਾਂ ਦੀ ਆਸ ਹੈ। ਸਰਕਾਰ ਦਾ ਦਾਅਵਾ ਹੈ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਉਦੇਸ਼ ਭਾਰਤ ਨੂੰ ਗਿਆਨ ਆਧਾਰਿਤ ਉਦਯੋਗਿਕ ਸਮਾਜ ਬਣਾਉਣਾ ਹੈ। ਸਕੂਲ ਪੱਧਰ 'ਤੇ 8 ਸਾਲ ਦੀ ਉਮਰ ਦੇ ਬੱਚਿਆਂ ਲਈ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ (ਈ.ਸੀ.ਸੀ.ਈ.) ਤੋਂ ਲੈ ਕੇ ਬੱਚੇ ਦੇ ਸਮੁੱਚੇ ਵਿਕਾਸ 'ਤੇ ਜ਼ੋਰ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਨੀਤੀ ਹਰ ਦਸ ਤੋਂ ਪੰਦਰਾਂ ਸਾਲਾਂ ਬਾਅਦ ਬਣਾਈ ਜਾਣੀ ਚਾਹੀਦੀ ਹੈ ਪਰ ਇਸ ਵਾਰ ਇਸ ਨੂੰ ਬਣਾਉਣ 'ਚ 34 ਸਾਲ ਲੱਗ ਗਏ। ਆਜ਼ਾਦੀ ਤੋਂ ਬਾਅਦ ਹੁਣ ਤਕ ਦੇਸ਼ ਨੂੰ ਤਿੰਨ ਸਿੱਖਿਆ ਨੀਤੀਆਂ ਮਿਲੀਆਂ ਹਨ। ਸਕੂਲੀ ਸਿੱਖਿਆ 'ਚ ਕੀਤੇ ਬਦਲਾਅ ਤਹਿਤ ਹੁਣ 10+2 ਸਿਸਟਮ ਖ਼ਤਮ ਹੋ ਜਾਵੇਗਾ। ਬੱਚੇ 6 ਦੀ ਬਜਾਏ 3 ਸਾਲ ਦੀ ਉਮਰ ਤੋਂ ਸਕੂਲ ਜਾਣਾ ਸ਼ੁਰੂ ਕਰ ਦੇਣਗੇ। ਹੁਣ ਤਕ ਬੱਚੇ 6 ਸਾਲ ਦੀ ਉਮਰ 'ਚ ਪਹਿਲੀ ਜਮਾਤ 'ਚ ਜਾਂਦੇ ਸਨ। ਨਵੀਂ ਸਿੱਖਿਆ ਨੀਤੀ ਲਾਗੂ ਹੋਣ ਤੋਂ ਬਾਅਦ ਵੀ ਬੱਚੇ 6 ਸਾਲਾਂ 'ਚ ਪਹਿਲੀ ਜਮਾਤ 'ਚ ਹੀ ਹੋਣਗੇ ਪਰ ਪਹਿਲੇ 3 ਸਾਲ ਉਹ ਰਸਮੀ ਸਿੱਖਿਆ ਹਾਸਲ ਕਰਨਗੇ। ਇਹ ਚੰਗੀ ਗੱਲ ਹੈ ਕਿਉਂਕਿ ਪਹਿਲਾਂ ਬੱਚਾ ਸਿੱਧਾ ਸਕੂਲ ਆਉਂਦਾ ਸੀ ਪਰ ਉਸ ਸਮੇਂ ਉਹ ਮਾਨਸਿਕ ਤੌਰ 'ਤੇ ਪੜ੍ਹਨ ਲਈ ਤਿਆਰ ਨਹੀਂ ਸੀ ਹੁੰਦਾ। ਹੁਣ ਪ੍ਰੀ-ਸਕੂਲ ਦੇ ਤਿੰਨ ਸਾਲ ਬਾਅਦ ਜੇ ਉਹ ਪਹਿਲੀ ਵਿਚ ਆਉਂਦਾ ਹੈ ਤਾਂ ਮਾਨਸਿਕ ਸਿਖਲਾਈ ਲਈ ਪਹਿਲਾਂ ਨਾਲੋਂ

ਵਧੇਰੇ ਤਿਆਰ ਹੋਵੇਗਾ। ਪਹਿਲਾਂ ਆਰ.ਟੀ.ਈ. 6 ਤੋਂ 14 ਸਾਲ ਦੇ ਬੱਚਿਆਂ ਲਈ ਲਾਗੂ ਸੀ। ਹੁਣ ਇਹ 3 ਤੋਂ 18 ਸਾਲ ਦੇ ਬੱਚਿਆਂ ਲਈ ਲਾਗੂ ਹੋ ਜਾਵੇਗਾ। ਸਕੂਲੀ ਸਿੱਖਿਆ ਦੀ ਇਕ ਹੋਰ ਅਹਿਮ ਕੜੀ ਭਾਸ਼ਾ ਹੈ। ਨਵੀਂ ਸਿੱਖਿਆ ਨੀਤੀ 'ਚ 3 ਭਾਸ਼ਾਵਾਂ ਦਾ ਫਾਰਮੂਲਾ ਰੱਖਿਆ ਗਿਆ ਹੈ। ਪੰਜਵੀਂ ਜਮਾਤ ਤਕ ਮਾਂ-ਬੋਲੀ/ਸਥਾਨਕ ਭਾਸ਼ਾ 'ਚ ਸਿੱਖਿਆ ਦੀ ਗੱਲ ਕਹੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਇਸ ਪ੍ਰਕਿਰਿਆ ਨੂੰ 8ਵੀਂ ਜਮਾਤ ਤਕ ਅਪਣਾਇਆ ਜਾਣਾ ਚਾਹੀਦਾ ਹੈ। ਜਿੱਥੇ ਸੰਭਵ ਹੋਵੇ। ਸੰਸਕ੍ਰਿਤ ਦੇ ਨਾਲ-ਨਾਲ ਤਾਮਿਲ, ਤੇਲਗੂ ਅਤੇ ਕੰਨੜ ਵਰਗੀਆਂ ਭਾਰਤੀ ਭਾਸ਼ਾਵਾਂ 'ਚ ਅਧਿਐਨ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਮਾਂ-ਬੋਲੀ ਵਿਚ ਪੜ੍ਹਾਉਣਾ ਵੀ ਚੰਗਾ ਕਦਮ ਹੈ। ਘਰੇਲੂ ਭਾਸ਼ਾ ਨੂੰ ਸਕੂਲ ਦੀ ਭਾਸ਼ਾ ਬਣਾਉਣਾ ਬਹੁਤ ਲਾਭਕਾਰੀ ਹੋਵੇਗਾ। ਨਵੀਂ ਸਿੱਖਿਆ ਨੀਤੀ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਸਕੂਲਾਂ ਦੇ ਮੂਲ ਢਾਂਚੇ 'ਤੇ ਕੰਮ ਕਰਨ ਦੀ ਜ਼ਰੂਰਤ ਹੈ। ਜੇਕਰ ਸੂਬੇ ਦੇ ਸਰਕਾਰੀ ਸਕੂਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਹਾਲਤ ਬੇਹੱਦ ਖ਼ਰਾਬ ਹੈ। ਉਮੀਦ ਹੈ ਕਿ ਸਰਕਾਰ ਇਸ ਨੂੰ ਲਾਗੂ ਕਰਨ ਦੇ ਨਾਲ-ਨਾਲ ਸਕੂਲਾਂ ਦੀ ਹਾਲਤ ਸੁਧਾਰਨ ਵੱਲ ਵੀ ਜ਼ਰੂਰ ਧਿਆਨ ਦੇਵੇਗੀ।"

ਇਹ ਸਿੱਖਿਆ ਨੀਤੀ ਸਕੂਲੀ ਸਿੱਖਿਆ ਦੇ ਸੰਪੂਰਨ ਸਰਵਵਿਆਪੀਕਰਨ ’ਤੇ ਜ਼ੋਰ ਦਿੰਦੀ ਹੋਈ 2030 ਤੱਕ 100 ਫ਼ੀਸਦੀ ਐਨਰੋਲਮੈਂਟ ਦਾ ਟੀਚਾ ਰੱਖਦੀ ਹੈ ਅਤੇ ਨਾਲ ਹੀ ਉਚੇਰੀ ਸਿੱਖਿਆ ਦੇ ਖੇਤਰ ਵਿਚ 50 ਫ਼ੀਸਦੀ ਐਨਰੋਲਮੈਂਟ 2035 ਤੱਕ ਪ੍ਰਾਪਤ ਕਰਨ ਦੀ ਕਲਪਨਾ ਵੀ ਕਰਦੀ ਹੈ। ਇਸ ਨੀਤੀ ਰਾਹੀਂ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਅਕ ਅਦਾਰਿਆਂ ਦੀ ਸਮਰੱਥਾ ਨਿਰਮਾਣ ’ਤੇ ਜ਼ੋਰ ਦਿੱਤਾ ਗਿਆ ਹੈ। ਇਸ ਮੰਤਵ ਦੀ ਪੂਰਤੀ ਲਈ ਵਿਦਿਅਕ ਅਦਾਰੇ ਬਹੁਵਿਸ਼ਾਈ ਹੋ ਕੇ ਸਿੱਖਿਆ ਦੇ ਢੰਗਾਂ ਦਾ ਪੁਨਰ ਗਠਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਚੋਣ ਕਰਨ ਦੀ ਖੁੱਲ੍ਹ/ਬਦਲ ਵੀ ਮੁਹੱਈਆ ਕੀਤੇ ਜਾਣਗੇ। ਇਹ ਨੀਤੀ ਇਹ ਆਸ ਵੀ ਕਰਦੀ ਹੈ ਕਿ ਸਰਕਾਰੀ ਯੂਨੀਵਰਸਿਟੀਆਂ ਨਾਲ ਲੱਗਦੇ ਕਾਲਜਾਂ ਨੂੰ 2035 ਤੱਕ ਖ਼ਤਮ ਕਰ ਕੇ ਬਹੁਵਿਸ਼ਾਈ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਨਿਰਮਾਣ ਕੀਤਾ ਜਾਵੇਗਾ।

ਦੇਸ ਦੇ ਨੀਤੀ ਘਾੜੇ, ਬੁੱਧੀਜੀਵੀ, ਆਲੋਚਕ ਅਤੇ ਸਿੱਖਿਆ ਸ਼ਾਸਤਰੀ ਇਸ ਨਵੀਂ ਸਿੱਖਿਆ ਨੀਤੀ ਪ੍ਰਤੀ ਵੱਖੋ-ਵੱਖਰੀਆਂ ਕਲਪਨਾਵਾਂ ਅਤੇ ਧਾਰਨਾਵਾਂ ਰਾਹੀਂ ਲਗਾਤਾਰ ਸੰਵਾਦ ਰਚਾ ਰਹੇ ਹਨ ਪਰ ਸਮੁੱਚੇ ਦੇਸ਼ ਵਿਚ ਇਸ ਨੀਤੀ ਨੂੰ ਇਕ ਸਮਾਨ ਲਾਗੂ ਕਰਨ ਪ੍ਰਤੀ ਕੋਈ ਸਹਿਮਤੀ ਨਹੀਂ ਬਣ ਸਕੀ ਹੈ। ਸੱਤਾ ਪੱਖੀ ਧਿਰ ਇਸ ਨੀਤੀ ਨੂੰ ਆਪਣੀ ਪ੍ਰਾਪਤੀ ਦੱਸਦੀ ਹੈ। ਇਹ ਧਿਰ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਪੁਰਾਤਨ ਸਭਿਆਚਾਰ ਅਤੇ ਸੰਸਕਾਰਾਂ ਦਾ ਸੁਮੇਲ ਬਣਾ ਕੇ ਆਧੁਨਿਕ ਸੂਚਨਾ ਤਕਨਾਲੋਜੀ ਦੀ ਮਦਦ ਨਾਲ ਦੇਸ਼ ਅੰਦਰ ਸਿੱਖਿਆ ਕ੍ਰਾਂਤੀ ਲਿਆਉਣ ਲਈ ਯਤਨਸ਼ੀਲ ਹੋਣ ਦਾ ਦਾਅਵਾ ਕਰਦੀ ਹੈ ਪਰ ਇਹ ਧਿਰ

ਜ਼ਮੀਨੀ ਹਕੀਕਤਾਂ ਤੋਂ ਪੂਰੀ ਤਰ੍ਹਾਂ ਅਣਜਾਣ ਦਿਖਾਈ ਦਿੰਦੀ ਹੈ। ਬਿਨਾ ਸ਼ੱਕ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੇ ਦੇਸ਼ ਦੇ ਸਮੁੱਚੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਢਾਂਚੇ ਨੂੰ ਪ੍ਰਭਾਵਿਤ ਕੀਤਾ ਹੈ। ਸਮਾਜ ਵਿਚ ਵੱਡੀ ਸੱਟ ਸਿੱਖਿਆ ਅਤੇ ਇਸ ਦੇ ਢਾਂਚੇ ਨੂੰ ਵੱਜੀ ਹੈ ਕਿਉਂਕਿ ਸਮੇਂ ਦੀਆਂ ਸਰਕਾਰਾਂ ਵਲੋਂ ਇਸ ਅਹਿਮ ਪੱਖ ਨੂੰ ਅਣਗੌਲਿਆ ਕਰ ਕੇ ਸਰਕਾਰੀ ਨਿਵੇਸ਼ ਤੋਂ ਆਪਣਾ ਹੱਥ ਪਿਛਾਂਹ ਨੂੰ ਖਿੱਚ ਕੇ ਸਿੱਖਿਆ ਦੇ ਨਿੱਜੀਕਰਨ ਨੂੰ ਉਤਸ਼ਾਹਤਿ ਕੀਤਾ ਹੈ ਜਿਸ ਦੀ ਮਿਸਾਲ ਧੜਾਧੜ ਖੋਲ੍ਹੀਆਂ ਪ੍ਰਾਈਵੇਟ/ਡੀਮਡ ਯੂਨੀਵਰਸਿਟੀਆਂ ਹਨ ਜਿਨ੍ਹਾਂ ਨੇ ਉਚੇਰੀ ਸਿੱਖਿਆ ਦੇ ਨਾਮ 'ਤੇ ਸਿੱਖਿਆ ਦਾ ਵਪਾਰੀਕਰਨ ਹੀ ਨਹੀਂ ਕੀਤਾ ਸਗੋਂ ਉਚੇਰੀ ਸਿੱਖਿਆ ਦੀ ਗੁਣਵੱਤਾ ਨੂੰ ਵੀ ਖ਼ਤਮ ਕੀਤਾ ਹੈ।

ਨਵੀਂ ਸਿੱਖਿਆ ਨੀਤੀ-2020 ਉਚੇਰੀ ਸਿੱਖਿਆ ਆਯੋਗ ਦੇ ਗਠਨ ਦੀ ਗੱਲ ਕਰਦੀ ਹੈ। ਤਕਾਜ਼ਾ ਹੈ ਕਿ ਇਹ ਆਯੋਗ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੂੰ ਖਤਮ ਕਰ ਕੇ ਦੇਸ਼ ਵਿਚ ਉਚੇਰੀ ਸਿੱਖਿਆ ਨੂੰ ਨਿਯਮਤ ਕਰਨ ਅਤੇ ਹੋਰਨਾਂ ਰੈਗੂਲੇਟਰੀ ਅੜਿੱਕੇ ਦੂਰ ਕਰਨ ਦਾ ਕੰਮ ਕਰੇਗਾ। ਦੇਸ਼ ਵਿਚ ਸਿੱਖਿਆ ਦੇ ਪੱਧਰ ਨੂੰ ਇੱਕ ਸਮਾਨ ਲਾਗੂ ਕਰਨ ਲਈ ਸਰਵਉੱਚ ਸੰਸਥਾ ਦੀ ਜ਼ਰੂਰਤ ਹੈ, ਇਹ ਮੰਗ ਸਿੱਖਿਆ ਸ਼ਾਸਤਰੀਆਂ ਵੱਲੋਂ ਸਮੇਂ ਸਮੇਂ ਸਿਰ ਕੀਤੀ ਜਾਂਦੀ ਰਹੀ ਹੈ ਪਰ ਕੀ ਅਜਿਹਾ ਆਯੋਗ ਪ੍ਰਾਈਵੇਟ ਉਚੇਰੀ ਸਿੱਖਿਆ ਸੰਸਥਾਵਾਂ ਲਈ ਇੱਕ ਸਮਾਨ ਨੀਤੀਆਂ ਜਾਂ ਹਦਾਇਤਾਂ ਲਾਗੂ ਕਰ ਸਕੇਗਾ, ਇਹ ਸਵਾਲ ਪੇਚੀਦਾ ਹੈ ਕਿਉਂਕਿ ਨਵੀਂ ਸਿੱਖਿਆ ਨੀਤੀ ਉਚੇਰੀ ਸਿੱਖਿਆ ਕਾਲਜਾਂ ਦੀ ਹੋਂਦ ਨੂੰ ਸਾਲ 2035 ਤੱਕ ਖ਼ਤਮ ਕਰਨ ਜਾਂ ਉਨ੍ਹਾਂ ਨੂੰ ਡੀਮਡ ਯੂਨੀਵਰਸਿਟੀਆਂ ਬਣਾਉਣ ਦੀ ਗੱਲ ਕਰਦੀ ਹੈ। ਕੀ ਛੋਟੇ ਪੱਧਰ ਦੇ ਉਚੇਰੀ ਸਿੱਖਿਆ ਦੇ ਵਿੱਦਿਅਕ ਅਦਾਰੇ ਅਗਲੇ 10 ਤੋਂ 12 ਸਾਲਾਂ ਤੱਕ ਆਪਣੀ ਹੋਂਦ ਨੂੰ ਕਾਇਮ ਰੱਖ ਸਕਣਗੇ? ਉੱਚ ਸਿੱਖਿਆ ਪ੍ਰਾਪਤ ਅਧਿਆਪਕ ਵਰਗ ਜੋ ਅਜਿਹੇ ਕਾਲਜਾਂ ਵਿਚ ਨੌਕਰੀ ਕਰਦਾ ਹੈ, ਦਾ ਰੁਜ਼ਗਾਰ ਕਿਵੇਂ ਸੁਰੱਖਿਅਤ ਰਹੇਗਾ? ਪੰਜਾਬ ਵਰਗੇ ਸੂਬੇ ਜਿਸ ਵਿਚ ਵਿਦੇਸ਼ਾਂ ਲਈ ਪਰਵਾਸ ਦਾ ਰੁਝਾਨ ਜ਼ੋਰਾਂ 'ਤੇ ਹੈ, ਦੇ ਕਾਲਜਾਂ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹਰ ਸਾਲ ਘਟ ਰਹੀ ਹੈ। ਇਹ ਰੁਝਾਨ ਸੂਬੇ ਦੀ ਉਚੇਰੀ ਸਿੱਖਿਆ ਲਈ ਵੱਡੀ ਚੁਣੌਤੀ ਹੈ ਕਿਉਂਕਿ ਚੰਗੇ ਅਤੇ ਹੁਸ਼ਿਆਰ ਵਿਦਿਆਰਥੀ ਵਿਦੇਸ਼ਾਂ ਵਿਚ ਆਪਣਾ ਭਵਿੱਖ ਦੇਖ ਰਹੇ ਹਨ। ਮੌਜੂਦਾ ਸਮੇਂ ਸੂਬੇ ਦੇ ਸਰਕਾਰੀ ਕਾਲਜਾਂ ਵਿਚ ਪੱਕੇ ਅਧਿਆਪਕਾਂ ਦੀ ਗਿਣਤੀ 20 ਪ੍ਰਤੀਸ਼ਤ ਤੋਂ ਵੀ ਘੱਟ ਹੈ; ਇੱਥੋਂ ਤੱਕ ਕਿ ਸਰਕਾਰੀ ਸਹਾਇਤਾ ਪ੍ਰਾਪਤ ਏਡਿਡ ਕਾਲਜਾਂ ਦੀਆਂ ਗ੍ਰਾਂਟਾਂ ਨੂੰ ਸਰਕਾਰਾਂ ਹਰ ਸਾਲ ਖੋਰਾ ਲਾ ਰਹੀਆਂ ਹਨ ਅਤੇ ਇਨ੍ਹਾਂ ਕਾਲਜਾਂ ਦੇ ਸੇਵਾ ਮੁਕਤ ਹੋ ਰਹੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਅਜਿਹੇ ਮਾਹੌਲ ਵਿਚ ਨਵੀਂ ਸਿੱਖਿਆ ਨੀਤੀ ਆਪਣੇ ਉਚੇਰੀ ਸਿੱਖਿਆ ਸਬੰਧੀ ਮੂਲ ਟੀਚਿਆਂ ਦੀ ਪ੍ਰਾਪਤੀ ਕਿਸ ਤਰ੍ਹਾਂ ਕਰੇਗੀ, ਸਮਝੋ ਬਾਹਰ ਦੀ ਗੱਲ ਹੈ।

ਨਵੀਂ ਸਿੱਖਿਆ ਨੀਤੀ-2020 ਦਾਅਵਾ ਕਰਦੀ ਹੈ ਕਿ ਸੰਪੂਰਨ ਬਹੁਵਿਸ਼ਾਈ ਸਿੱਖਿਆ ਪੱਧਤੀ, ਮਨੁੱਖੀ ਯੋਗਤਾਵਾਂ ਜਿਵੇਂ ਬੋਧਾਤਮਕ, ਸੁਹਜਾਤਮਕ, ਸਮਾਜਿਕ, ਸਰੀਰਕ, ਭਾਵਨਾਤਮਕ ਤੇ ਨੈਤਿਕ ਪੱਖਾਂ, ਵਿਚ ਨਿਖਾਰ ਲਿਆਵੇਗੀ। ਇਸ ਨੀਤੀ ਦੇ ਨਿਰਮਾਣਕਰਤਾ ਇਹ ਵੀ ਕਹਿੰਦੇ ਹਨ ਕਿ ਸੰਪੂਰਨ ਸਿੱਖਿਆ ਅਤੇ ਵਿਸ਼ਿਆਂ ਦੀ ਚੋਣ ਕਰਨ ਦਾ ਵੱਡਾ ਦਾਇਰਾ 21ਵੀਂ ਸਦੀ ਦੇ ਵਿਦਿਆਰਥੀਆਂ ਵਿਚ ਕਲਾ, ਭਾਸ਼ਾ, ਭਾਸ਼ਾ ਵਿਗਿਆਨ, ਸਮਾਜ ਵਿਗਿਆਨ, ਤਕਨਾਲੋਜੀ, ਲੋਕ ਸ਼ਮੂਲੀਅਤ, ਰਾਬਤਾ, ਸੰਵਾਦ ਆਦਿ ਜਿਹੇ ਹੁਨਰ ਪੈਦਾ ਕਰੇਗਾ। ਉਚੇਰੀ ਸਿੱਖਿਆ ਵਿਚਲਾ ਲਚਕੀਲਾ ਅਤੇ ਨਵਾਂ ਪਾਠਕ੍ਰਮ/ਸਿਲੇਬਸ ਵਿਦਿਆਰਥੀਆਂ ਨੂੰ ਭਾਈਚਾਰਿਆਂ ਦੇ ਸਹਿਯੋਗ, ਵਾਤਾਵਰਨਿਕ ਸਿੱਖਿਆ ਤੇ ਕਦਰਾਂ-ਕੀਮਤਾਂ ਆਧਾਰਤਿ ਸਿੱਖਿਆ ਖੇਤਰ ’ਚ ਕਰੈਡਿਟ ਆਧਾਰਤਿ ਕੋਰਸ ਤੇ ਪ੍ਰਾਜੈਕਟ ਪ੍ਰਦਾਨ ਕਰੇਗਾ; ਅਜਿਹੇ ਪ੍ਰੋਗਰਾਮਾਂ ਨੂੰ ਸੰਪੂਰਨ ਆਰਟਸ/ਕਲਾ ਨਾਲ ਸਬੰਧਤਿ ਸਿੱਖਿਆ ਦਾ ਅਨਿੱਖੜਵਾਂ ਅੰਗ ਮੰਨਿਆ ਜਾਵੇਗਾ।

ਇਸ ਨੀਤੀ ਦੇ ਸਮਰਥਕਾਂ ਅਨੁਸਾਰ ਇਹ ਰਵਾਇਤੀ ਅਧਿਆਪਕ ਕੇਂਦਰਤ ਪ੍ਰਣਾਲੀ ਨੂੰ ਬਦਲ ਕੇ ਵਿਦਿਆਰਥੀ ਕੇਂਦਰਤ ਪ੍ਰਣਾਲੀ ਨੂੰ ਸਥਾਪਤਿ ਕਰੇਗੀ ਜਿਸ ਨਾਲ ਮਨੁੱਖੀ ਯੋਗਤਾਵਾਂ ਦਾ ਵਧੇਰੇ ਵਿਕਾਸ ਹੋਵੇਗਾ। ਇਹ ਠੀਕ ਹੈ ਕਿ ਹੁਣ ਤੱਕ ਹੋਈਆਂ ਅਕਾਦਮਿਕ ਖੋਜਾਂ ਰਾਹੀਂ ਸਿੱਧ ਹੋ ਚੁੱਕਾ ਹੈ ਕਿ ਸਿੱਖਿਆ ਨੂੰ ਵਿਦਿਆਰਥੀ ਕੇਂਦਰਤ ਬਣਾ ਕੇ ਹੀ ਸਿੱਖਿਆ ਦੇ ਅਸਲ ਮੰਤਵਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਪਰ ਸੂਚਨਾ ਤਕਨਾਲੋਜੀ ਅਤੇ ਮਸਨੂਈ ਬੁੱਧੀ ਜਿਹੀਆਂ ਤਕਨੀਕਾਂ ਦੀ ਵਰਤੋਂ ਕਰ ਕੇ ਅਧਿਆਪਕ ਵਰਗ ਨੂੰ ਮਨਫ਼ੀ ਕਰਨਾ ਜਾਇਜ਼ ਨਹੀਂ ਹੈ। ਕੀ ਅਜਿਹੇ ਆਧੁਨਿਕ ਸਾਧਨ ਵਿਦਿਆਰਥੀਆਂ ਦੇ ਬੋਧਾਤਮਕ, ਸੁਹਜਾਤਮਕ, ਭਾਵਨਾਤਮਕ ਅਤੇ ਨੈਤਿਕ ਪੱਖਾਂ ਵਿਚ ਸਕਾਰਾਤਮਕ ਤਬਦੀਲੀ ਲਿਆ ਸਕਦੇ ਹੋ? ਯੂਨੈਸਕੋ ਦੀ ਤਾਜ਼ਾ ਰਿਪੋਰਟ ਅਨੁਸਾਰ ਤਕਨਾਲੋਜੀ ਦੀ ਅਥਾਹ ਵਰਤੋਂ ਕਰਨ ਨਾਲ ਕਲਾਸ ਰੂਮ ਦੇ ਵਾਤਾਵਰਨ ਵਿਚ ਰੁਕਾਵਟ ਆਈ ਹੈ ਅਤੇ ਸਿੱਖਣ ਤੇ ਸਿਖਾਉਣ ਦੀ ਪ੍ਰਵਿਰਤੀ ਪ੍ਰਭਾਵਤਿ ਹੋਈ ਹੈ। ਰਿਪੋਰਟ ਅਨੁਸਾਰ ਤਕਨਾਲੋਜੀ ਦੀ ਵਰਤੋਂ ਕਰਦੇ ਸਮੇਂ ਕਈ ਮੁਲਕਾਂ ਵਿਚ ਅਧਿਆਪਕ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਪੂਰੀ ਤਿਆਰੀ ਨਾਲ ਪੜ੍ਹਾਉਣ ਤੋਂ ਅਸਮਰੱਥ ਹਨ। ਤਕਨਾਲੋਜੀ ਦੀ ਵਧੇਰੇ ਵਰਤੋਂ ਨੇ ਸਭ ਤੋਂ ਵੱਡਾ ਨੁਕਸਾਨ ਭਾਸ਼ਾਵਾਂ ਖਾਸ ਕਰ ਕੇ ਖੇਤਰੀ ਭਾਸ਼ਾਵਾਂ ਨੂੰ ਪਹੁੰਚਾਇਆ ਹੈ। ਇਸ ਨੇ ਵਿਦਿਆਰਥੀਆਂ ਦੀ ਰਚਨਾਤਮਕ ਬੁੱਧੀ ਨੂੰ ਵੀ ਖੋਰਾ ਲਾਇਆ ਹੈ। ਨਵੀਂ ਸਿੱਖਿਆ ਨੀਤੀ ਦੁਆਰਾ ਥੋਪਿਆ ਜਾਣ ਵਾਲਾ ਲਚਕੀਲਾ ਪਾਠਕ੍ਰਮ ਉਚੇਰੀ ਸਿੱਖਿਆ ਦੇ ਖੇਤਰ ਵਿਚ ਮਿਲਗੋਭਾ ਪ੍ਰਸਤੁਤ ਕਰੇਗਾ ਜਿਸ ਨਾਲ ਵਿਦਿਆਰਥੀ ਵਰਗ ਕਿਸੇ ਵੀ ਖੇਤਰ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਨਹੀਂ ਕਰ ਸਕੇਗਾ।

ਮੌਜੂਦਾ ਸਮੇਂ ਪੰਜਾਬ ਵਰਗੇ ਸੂਬੇ ਦੇ ਉਚੇਰੀ ਸਿੱਖਿਆ ਦੇ ਸੰਸਥਾਈ ਖਾਸ ਕਰ ਕੇ ਯੂਨੀਵਰਸਿਟੀਆਂ

ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਉਚੇਰੀ ਸਿੱਖਿਆ ਸੰਸਥਾਈ 21ਵੀਂ ਸਦੀ ਦੇ ਮੁਕਾਬਲੇ ਦੇ ਬੁਨਿਆਦੀ ਢਾਂਚੇ ਤੋਂ ਸੱਖਣੇ ਹੋਣ ਦੇ ਨਾਲ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਹਨ। ਅਜਿਹੇ ਮਾਹੌਲ ਵਿਚ ਨਵੀਂ ਸਿੱਖਿਆ ਨੀਤੀ ਨੂੰ ਇਸ ਦੇ ਉਦੇਸ਼ਾਂ ਅਨੁਸਾਰ ਲਾਗੂ ਕਰਨਾ ਮੁਸ਼ਕਿਲ ਜਾਪਦਾ ਹੈ। ਨਵੀਂ ਸਿੱਖਿਆ ਨੀਤੀ-2020 ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਭਾਰਤ ਅੰਦਰ ਆਪਣੇ ਕੈਂਪਸ ਸਥਾਪਤਿ ਕਰਨ ਦੀ ਇਜਾਜ਼ਤ ਦਿੰਦੀ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਦੇਸ਼ ਵਿਚ ਸਸਤੀ ਤੇ ਮਿਆਰੀ ਉਚੇਰੀ ਸਿੱਖਿਆ ਪ੍ਰਦਾਨ ਕਰਨਗੀਆਂ ਅਤੇ ਇਸ ਕਦਮ ਨਾਲ ਦੇਸ਼ ਸਿੱਖਿਆ ਦੇ ਖੇਤਰ ਵਿਸ਼ਵ ਗੁਰੂ ਦਾ ਰੁਤਬਾ ਹਾਸਲ ਕਰ ਲਵੇਗਾ। ਇਸ ਤੋਂ ਇਲਾਵਾ ਅਕਾਦਮਿਕ ਅਤੇ ਵਿਗਿਆਨਕ ਖੋਜਾਂ ਸਬੰਧੀ ਭਾਰਤੀ ਅਤੇ ਵਿਦੇਸ਼ੀ ਉਚੇਰੀ ਸਿੱਖਿਆ ਸੰਸਥਾਵਾਂ ਵਿਚ ਆਪਸੀ ਤਾਲਮੇਲ ਵੀ ਵਧੇਗਾ।

ਉਚੇਰੀ ਸਿੱਖਿਆ ਦੇ ਸਬੰਧ ਵਿਚ ਕੌਮੀ ਸਿੱਖਿਆ ਨੀਤੀ ਦਾ ਇਹ ਕਦਮ ਖੋਖਲਾ ਸਾਬਤ ਹੋਣ ਵਾਲਾ ਹੈ। ਮੌਜੂਦਾ ਸਮੇਂ ਦੇਸ਼ ਅੰਦਰ ਸਰਕਾਰੀ ਅਤੇ ਨਿੱਜੀ ਖੇਤਰ ਦੀਆਂ ਡੀਮਡ ਯੂਨੀਵਰਸਿਟੀਆਂ ਦੀ ਗਿਣਤੀ 500 ਦੇ ਕਰੀਬ ਹੈ। ਬਹੁਗਿਣਤੀ ਸਰਕਾਰੀ ਯੂਨੀਵਰਸਿਟੀ ਸਰਕਾਰ ਦੀ ਬੇਰੁਖੀ ਦਾ ਸ਼ਿਕਾਰ ਹਨ ਅਤੇ ਗੰਭੀਰ ਵਿੱਤੀ ਸੰਕਟ ਨਾਲ ਜੂਝ ਰਹੀਆਂ ਹਨ। ਸਰਕਾਰੀ ਯੂਨੀਵਰਸਿਟੀਆਂ ਦੇ ਖੋਜ ਕਾਰਜਾਂ ਦਾ ਕੰਮ ਤਸੱਲੀਬਖ਼ਸ ਨਹੀਂ। ਉਚੇਰੀ ਸਿੱਖਿਆ ਸੰਸਥਾਵਾਂ ਭਾਵੇਂ ਉਹ ਨਿੱਜੀ ਖੇਤਰ ਦੀਆਂ ਹੋਣ, ਵਿਚ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਆਪਣੇ ਵਿਦਿਆਰਥੀਆਂ ਵਿਚ ਮੌਜੂਦਾ ਸਮੇਂ ਦੀਆਂ ਉਦਯੋਗਕ ਜਾਂ ਹੋਰ ਲੋੜਾਂ ਲਈ ਲੋੜੀਂਦਾ ਹੁਨਰ ਪੈਦਾ ਕਰਨ ਤੋਂ ਅਸਮਰੱਥ ਹਨ। ਵਿਦੇਸ਼ੀ ਯੂਨੀਵਰਸਿਟੀਆਂ ਦੇ ਕੈਂਪਸ ਦੇਸ਼ ਅੰਦਰ ਸਥਾਪਤਿ ਹੋਣ ਨਾਲ ਦੇਸ਼ ਵਿਚਲੇ ਉਚੇਰੀ ਸਿੱਖਿਆ ਦੇ ਢਾਂਚੇ ਤੇ ਬੁਰਾ ਪ੍ਰਭਾਵ ਪਵੇਗਾ ਅਤੇ ਇਸ ਕਦਮ ਨਾਲ ਸਿੱਖਿਆ ਦਾ ਨਿੱਜੀਕਰਨ ਅਤੇ ਵਪਾਰੀਕਰਨ ਹੋਰ ਵੀ ਉਤਸ਼ਾਹਤਿ ਹੋਵੇਗਾ। ਪੰਜਾਬ ਵਰਗਾ ਸੂਬਾ ਜਿੱਥੋਂ ਦੀ ਸਮੁੱਚੀ ਉਚੇਰੀ ਸਿੱਖਿਆ ਪਹਿਲਾ ਹੀ ਗੰਭੀਰ ਆਰਥਿਕ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ, ਵੀ ਅਜਿਹੇ ਕੈਂਪਸਾਂ ਅੱਗੇ ਗੋਡੇ ਟੇਕ ਦੇਵੇਗੀ।

ਨਵੀਂ ਸਿੱਖਿਆ ਨੀਤੀ-2020 ਅਨੁਸਾਰ ਅੰਡਰਗ੍ਰੈਜੂਏਟ ਡਿਗਰੀ ਲਈ ਸਮਾਂ ਤਿੰਨ ਜਾਂ ਚਾਰ ਸਾਲਾਂ ਦਾ ਹੋਵੇਗਾ ਜਿਸ ਦੌਰਾਨ ਵਿਦਿਆਰਥੀਆਂ ਕੋਲ ਆਪਣਾ ਕੋਰਸ ਛੱਡਣ ਸਬੰਧੀ ਕਈ ਬਦਲ ਮੌਜੂਦ ਹੋਣਗੇ। ਵਿਦਿਆਰਥੀ ਇੱਕ ਸਾਲ ਪੂਰਾ ਹੋਣ ’ਤੇ ਸਰਟੀਫਿਕੇਟ ਹੋਲਡਰ, ਦੋ ਸਾਲ ਪੂਰੇ ਹੋਣ ਤੇ ਡਿਪਲੋਮਾ ਹੋਲਡਰ ਬਣ ਸਕਣਗੇ ਅਤੇ ਗ੍ਰੈਜੂਏਸ਼ਨ ਦੀ ਡਿਗਰੀ ਤਿੰਨ ਸਾਲ ਪੂਰੇ ਹੋਣ ਉਪਰੰਤ ਦਿੱਤੀ ਜਾ ਸਕੇਗੀ। ਇਸ ਨੀਤੀ ਅਨੁਸਾਰ 4 ਸਾਲਾ ਬਹੁਵਿਸ਼ਾਈ ਬੈਚਲਰ ਪ੍ਰੋਗਰਾਮ ਵਿਦਿਆਰਥੀਆਂ ਲਈ ਤਰਜੀਹੀ ਬਦਲ ਹੋਵੇਗਾ ਕਿਉਂਕਿ ਇਹ ਸਮਾਂ ਵਿਦਿਆਰਥੀਆਂ ਨੂੰ ਸੰਪੂਰਨ ਅਤੇ ਬਹੁਵਿਸ਼ਾਈ ਸਿੱਖਿਆ ਦਾ ਹੁਨਰ

ਪ੍ਰਦਾਨ ਕਰੇਗਾ। ਨਵੀਂ ਸਿੱਖਿਆ ਨੀਤੀ ਦਾ ਇਹ ਕਦਮ ਉਚੇਰੀ ਸਿੱਖਿਆ ਦੇ ਖੇਤਰ ਵਿਚ ਘਚੋਲਾ ਪੈਦਾ ਕਰਨ ਵਾਲਾ ਹੈ ਕਿਉਂਕਿ ਕਿਸੇ ਕੋਰਸ ਨੂੰ ਛੱਡਣ ਉਪਰੰਤ ਉਪਲਬਧ ਬਦਲ ਵਿਦਿਆਰਥੀ ਵਰਗ ਵਿਚ ਨਿਰਾਸ਼ਾ ਦੇ ਭਾਵ ਪੈਦਾ ਕਰਨਗੇ। ਉਚੇਰੀ ਸਿੱਖਿਆ ਸੰਸਥਾਵਾਂ ਦੀਆਂ ਉੱਚੀ ਦਰ ਵਾਲੀਆਂ ਟਿਊਸ਼ਨ ਫ਼ੀਸਾਂ ਵਿਦਿਆਰਥੀਆਂ ਦੀ ਪੜ੍ਹਾਈ ਛੁੱਟਣ (ਡਰਾਪਆਊਟ) ਦੀ ਦਰ ਵਿਚ ਵਾਧਾ ਕਰਨਗੀਆਂ। ਡਰਾਪਆਊਟ ਵਿਦਿਆਰਥੀ ਘੱਟ ਹੁਨਰ ਜਾਂ ਬਿਨਾਂ ਹੁਨਰ ਵਾਲੇ ਬੇਰੁਜ਼ਗਾਰਾਂ ਵਿਚ ਸ਼ਾਮਿਲ ਹੋ ਜਾਣਗੇ ਅਤੇ ਦੇਸ਼ ਅੰਦਰ ਬੇਕਾਰੀ ਦੀ ਦਰ ਚਰਮ ਸੀਮਾ ’ਤੇ ਪਹੁੰਚ ਜਾਵੇਗੀ। ਬਹੁਵਿਸ਼ਾਈ ਸਿੱਖਿਆ ਪੱਧਤੀ ਦਾ ਢਾਂਚਾ ਮੌਜੂਦਾ ਉਚੇਰੀ ਸਿੱਖਿਆ ਪ੍ਰਣਾਲੀ ਦੇ ਪ੍ਰਸੰਗ ਵਿਚ ਜੁਮਲਾ ਸਾਬਤ ਹੋਵੇਗਾ ਅਤੇ ਵਿਦਿਆਰਥੀਆਂ ਦੇ ਵਿਸ਼ੇਸ਼ ਖੇਤਰ ਵਿਚ ਮੁਹਾਰਤ ਹਾਸਲ ਕਰਨ ਦੇ ਸੁਪਨੇ ਨੂੰ ਚਕਨਾਚੂਰ ਕਰ ਦੇਵੇਗਾ। ਅੰਤ ਵਿੱਚ ਨਵੀਂ ਸਿੱਖਿਆ ਨੀਤੀ ਵਿੱਚ ਵਿਵਹਾਰਿਕ ਅਤੇ ਖੇਤਰੀ ਵਿਭਿੰਨਤਾਤਾਵਾਂ ਹਾਸ਼ੀਏ ਉਪਰ ਖੜ੍ਹੀਆਂ ਦਿਖਦੀਆਂ ਹਨ।

## ਹਵਾਲਾ ਸੂਚੀ


1. International research journal of education and technology octber 2023: Page No. 174
2. ਨਵੀਂ ਸਿੱਖਿਆ ਨੀਤੀ : ਪੰਨਾ ਨੰਬਰ 7
3. ਉਹੀ ਪੰਨਾ ਨੰਬਰ 15
4. BBC News: 23 September 2023
5. ਉਧਰਿਤ ਸੰਵਾਦ ਅੰਕ : Jan-June 2023 Page No. 99

# ਸਫਲਤਾ (ਕਹਾਣੀ)

ਵੀਰ ਕੌਰ

ਈਮੇਲ: Balv433@gmail.com

ਇੱਕ ਪਿੰਡ ਵਿੱਚ ਇਕ ਗਰੀਬ ਕਿਸਾਨ ਵਰਿਆਮ ਆਪਣੀ ਪਤਨੀ ਅਤੇ ਦੋ ਛੋਟੇ ਬੱਚਿਆਂ, ਪੁੱਤਰ ਦੀਪੇ ਅਤੇ ਧੀ ਅਮਨ ਦੇ ਨਾਲ ਸਧਾਰਨ ਅਤੇ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਸੀ। ਇੱਕ ਦਿਨ ਅਚਾਨਕ ਹੀ ਵਰਿਆਮ ਦੀ ਮੌਤ ਹੋ ਜਾਣ ਕਾਰਨ ਪਰਿਵਾਰ ਅਤੇ ਘਰ ਦੀ ਪੂਰੀ ਜ਼ਿੰਮੇਵਾਰੀ ਉਸਦੀ ਪਤਨੀ ਪ੍ਰੀਤੋ ਦੇ ਸਿਰ ਆ ਗਈ। ਵਰਿਆਮ ਦੀ ਬਹੁਤੀ ਜ਼ਮੀਨ ਵੀ ਨਹੀਂ ਸੀ ਮਸੀਂ ਦੋ 'ਕੁ ਕਿੱਲੇ ਹੀ ਪੈਲੀ ਨਾਲ ਪਵਾਰ ਦੀ ਰੋਜ਼ੀ-ਰੋਟੀ ਬਸਰ ਹੁੰਦੀ ਸੀ। ਵਰਿਆਮ ਦੀ ਮੌਤ ਤੋਂ ਬਾਅਦ ਪ੍ਰੀਤੋ ਅਕਸਰ ਹੀ ਘਰ ਦੇ ਖਰਚੇ ਅਤੇ ਬੱਚਿਆਂ ਦੀ ਪੜ੍ਹਾਈ ਦੇ ਫਿਕਰ ਵਿੱਚ ਲੱਗੀ ਰਹਿੰਦੀ ਕਿਉਂਕਿ ਦੋਨੇ ਹੀ ਬੱਚੇ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ ਅਤੇ ਵੱਧ ਤੋਂ ਵੱਧ ਪੜ੍ਹ-ਲਿਖ ਕੇ ਆਪਣੇ ਪਿਤਾ ਦੇ ਸੁਪਨਿਆਂ ਨੂੰ ਪੂਰਾ ਕਰਨਾ ਚਾਹੁੰਦੇ ਸਨ। ਇਸੇ ਕਰਕੇ ਪ੍ਰੀਤੋ ਨੇ ਵੀ ਔਖੇ-ਸੌਖੇ ਹੋ ਕੇ ਅਮਨ ਅਤੇ ਦੀਪੇ ਦੀ ਪੜ੍ਹਾਈ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ।

ਹੌਲੀ-ਹੌਲੀ ਸਮਾਂ ਬਤੀਦਾ ਗਿਆ ਅਤੇ ਅਮਨ ਤੇ ਦੀਪਾ ਦੋਨੋਂ ਬਾਰਵੀਂ ਪਾਸ ਕਰ ਗਏ। ਸਮੇਂ ਦੇ ਮਾੜੇ ਚੱਕਰ ਦਾ ਅਜਿਹਾ ਅਸਰ ਹੋਇਆ ਕਿ ਦੀਪਾ ਗਲਤ ਸੰਗਤ ਵਿੱਚ ਪੈ ਗਿਆ ਅਤੇ ਨਸ਼ੇ ਕਰਨ ਲੱਗ ਗਿਆ ਪ੍ਰੰਤੂ ਦੂਸਰੇ ਪਾਸੇ ਅਮਨ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਨਿਕਲੀ ਅਤੇ ਅਗਲੇਰੀ ਪੜ੍ਹਾਈ ਕਰਨ ਲਈ ਮਾਂ ਦਾ ਤਰਲਾ ਕਰਨ ਲੱਗੀ। ਮਾਂ ਨੇ ਦੀਪੇ ਨੂੰ ਵੀ ਹੋਰ ਪੜ੍ਹਨ ਲਈ ਪੁੱਛਿਆ ਤਾਂ ਉਸਨੇ ਸਾਫ ਮਨ੍ਹਾਂ ਕਰ ਦਿੱਤਾ। ਮਾਂ ਨੇ ਅਮਨ ਦਾ ਦਾਖਲਾ ਜੀ.ਐੱਨ.ਐੱਮ 'ਚ ਕਰਵਾ ਦਿੱਤਾ। ਇੱਧਰ ਅਮਨ ਦੀ ਪੜ੍ਹਾਈ ਸ਼ੁਰੂ ਹੋ ਗਈ ਅਤੇ ਉੱਧਰ ਨਸ਼ੇ ਅਤੇ ਗਲਤ ਸੰਗਤ ਦੇ ਪ੍ਰਭਾਵ ਅਧੀਨ ਦੀਪਾ ਹਰ ਰੋਜ਼ ਘਰ ਵਿੱਚ  ਕਲੇਸ਼ ਪਾਈ ਰੱਖਦਾ। ਉਸਦੀ ਜ਼ਿਦ ਸੀ ਕਿ ਉਸਦੇ ਹਿੱਸਾ ਦਾ ਇੱਕ ਕਿੱਲਾ ਵੇਚ ਕੇ ਉਸਨੂੰ ਬਾਹਰ ਭੇਜ ਦਿੱਤਾ ਜਾਵੇ ਪ੍ਰੰਤੂ ਮਾਂ ਇਸ ਗੱਲ 'ਤੇ ਰਾਜ਼ੀ ਨਹੀਂ ਸੀ ਕਿਉਂਕਿ ਉਹ ਜਾਣਦੀ ਸੀ ਕਿ ਜੋ ਇੱਥੇ ਰਹਿ ਕੇ ਨੀ ਕੁੱਝ ਕਰ ਸਕਦਾ ਉਹ ਬਾਹਰ ਜਾ ਕੇ ਕੀ ਕਰੇਗਾ। ਦੀਪੇ ਦੀ ਜ਼ਿਦ ਪੂਰੀ ਨਾ ਹੋਣ ਦੀ ਸੂਰਤ ਵਿੱਚ ਉਹ ਰੋਜ਼ ਲੜਾਈ ਕਰਦਾ, ਅਮਨ ਦੇ ਕਾਲਜ ਜਾਣ 'ਤੇ ਰੋਕ ਲਾਉਂਦਾ ਇੱਥੋਂ ਤੱਕ ਕਿ ਅਪਣੀ ਹੀ ਭੈਣ ਦੇ ਚਰਿੱਤਰ 'ਤੇ ਵੀ ਉਂਗਲ ਚੁੱਕਣ ਲੱਗਾ। ਇਸ ਸਭ ਤੋਂ ਪ੍ਰੇਸ਼ਾਨ ਹੋ ਕੇ ਅਖ਼ੀਰ ਮਾਂ ਨੇ ਦੀਪੇ ਨੂੰ ਬਾਹਰ ਭੇਜਣ ਦਾ ਫੈਸਲਾ ਕਰ ਹੀ ਲਿਆ। ਉਸਨੇ ਆਪਣੇ ਹੀ ਪਿੰਡ ਦੇ ਇੱਕ ਸ਼ਾਹੂਕਾਰ ਕੋਲ ਇੱਕ ਕਿੱਲਾ ਜ਼ਮੀਨ ਗਹਿਣੇ ਰੱਖ ਕੇ ਕੁੱਝ ਪੈਸੇ ਅਮਨ ਦੀ ਪੜਾਈ ਲਈ ਰੱਖ ਬਾਕੀ ਸਾਰੇ ਦੀਪੇ ਨੂੰ ਬਾਹਰ ਜਾਣ ਲਈ ਦੇ ਦਿੱਤੇ। ਦੀਪੇ ਨੇ ਸ਼ਹਿਰ ਜਾ ਕੇ ਕਿਸੇ ਏਜੰਟ ਦੇ ਜ਼ਰੀਏ ਬਾਹਰ ਜਾਣ ਦਾ ਸਾਰਾ ਮਾਮਲਾ ਨਿਪਟਾਇਆ ਅਤੇ ਬਾਹਰ ਚਲਾ ਗਿਆ। ਦੀਪੇ ਦੇ ਬਾਹਰ ਜਾ ਕੇ ਕੁੱਝ ਕਮਾ ਕੇ ਲਿਆਉਣ ਦੀ ਦੋਨਾਂ ਮਾਵਾਂ ਧੀਆਂ ਨੂੰ ਕੋਈ ਉਮੀਦ ਤਾਂ ਨਹੀਂ ਸੀ ਪਰ ਫਿਰ ਵੀ ਰੋਜ਼ ਦੇ ਕਲੇਸ਼ ਤੋ ਮਿਲੇ ਛੁਟਕਾਰੇ ਕਾਰਨ ਦੋਨੋਂ ਉਸਦੇ ਬਾਹਰ ਜਾਣ 'ਤੇ ਖੁਸ਼ ਸਨ।

ਇੱਕ ਦਿਨ ਅਚਾਨਕ ਅਮਨ ਨੂੰ ਬਾਹਰੋਂ ਦੀਪੇ ਦਾ ਫੋਨ ਆਇਆ। ਦੋਨੋਂ ਮਾਵਾਂ ਧੀਆਂ ਦੀਪੇ ਦਾ ਫੋਨ ਆਉਣ 'ਤੇ ਬਹੁਤ ਖੁਸ਼ ਸਨ। ਅਮਨ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੋਈ ਕਿ ਉਸਦੇ ਵੀਰ ਨੇ ਬਾਹਰ ਜਾ ਕੇ ਉਸਨੂੰ ਫੋਨ ਕੀਤਾ ਪ੍ਰੰਤੂ ਅਮਨ ਦੀ ਇਹ ਖੁਸ਼ੀ ਜ਼ਿਆਦਾ ਸਮੇਂ ਤੱਕ ਉਸਦੇ ਚਿਹਰੇ ਤੇ ਨਾ ਰਹਿ ਸਕੀ ਜਦੋਂ ਉਸਨੂੰ ਇਹ ਪਤਾ ਲੱਗਾ ਕਿ ਦੀਪੇ ਨੇ ਫੋਨ ਸਿਰਫ ਆਪਣੇ ਮਤਲਬ ਲਈ ਹੀ ਕੀਤਾ ਸੀ ਅਤੇ ਆਪਣੀ ਗੱਲ ਕਹਿ ਕੇ ਉਸਨੇ ਮਾਂ ਨਾਲ ਬਿਨ੍ਹਾਂ ਗੱਲ ਕੀਤੇ ਹੀ ਫੋਨ ਬੰਦ ਕਰ ਦਿੱਤਾ ਸੀ। ਅਮਨ ਦੇ ਚਿਹਰੇ 'ਤੇ ਚਿੰਤਾ ਦੇ ਭਾਵ ਦੇਖ ਕੇ ਮਾਂ ਸਮਝ ਤਾਂ ਗਈ ਸੀ ਕਿ ਕੋਈ ਗੱਲ ਹੋਈ ਹੈ ਪਰ ਅਮਨ ਨੇ ਮਾਂ ਨੂੰ ਕੁੱਝ ਨਾ ਦੱਸਿਆ ਜਦਕਿ ਉਹ ਇਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਮਾਂ ਤੋਂ ਬਿਨ੍ਹਾਂ ਉਹ ਦੀਪੇ ਦੀ ਕੋਈ ਵੀ ਮਦਦ ਨਹੀਂ ਕਰ ਸਕਦੀ ਸੀ। ਕੁੱਝ ਦਿਨਾਂ ਬਾਅਦ ਦੀਪੇ ਦਾ ਜਦ ਫਿਰ ਫੋਨ ਆਇਆ ਤਾਂ ਅਮਨ ਤੋਂ ਲੁਕਾ ਨਾ ਹੋਇਆ ਤੇ ਆਪਣੀ ਮਾਂ ਨੂੰ ਦੱਸ ਹੀ ਦਿੱਤਾ ਕਿ ਦੀਪੇ ਨਾਲ ਏਜੰਟ ਨੇ ਧੋਖਾ ਕੀਤਾ ਏ। ਉਸਨੇ ਇੱਕ ਨੰਬਰ ਵਿੱਚ ਭੇਜਣ ਦਾ ਲਾਲਚ ਦੇ ਕੇ ਪੈਸੇ ਵੀ ਪੂਰੇ ਲਏ ਪਰ ਭੇਜ ਦੋ ਨੰਬਰ 'ਚ ਦਿੱਤਾ ਜਿਸ ਕਾਰਨ ਜਾਂਦੇ ਹੀ ਦੀਪੇ ਨੂੰ ਪੁਲਿਸ ਨੇ ਫੜ ਲਿਆ ਅਤੇ ਹੁਣ ਉਸਨੂੰ ਬਾਹਰ ਕਢਵਾਉਣ ਲਈ ਦੀਪੇ ਨੂੰ ਵਕੀਲ ਨੂੰ ਦੇਣ ਲਈ ਪੈਸੇ ਚਾਹੀਦੇ ਸਨ। ਦੀਪਾ ਚਾਹੁੰਦਾ ਸੀ ਕਿ ਮਾਂ ਜ਼ਮੀਨ ਦਾ ਰਹਿੰਦਾ ਇੱਕ ਕਿੱਲਾ ਵੀ ਵੇਚ ਕੇ ਉਸਨੂੰ ਪੈਸੇ ਭੇਜ ਦੇਵੇ। ਦੋਵੇਂ ਮਾਵਾਂ-ਧੀਆਂ ਚਿੰਤਾਂ ਗ੍ਰਸਤ ਸਨ ਕਿਉਂਕਿ ਘਰ ਦਾ ਗੁਜ਼ਾਰਾ ਉਸ ਇਕ ਕਿੱਲੇ ਜ਼ਮੀਨ ਨਾਲ ਹੋਣ ਵਾਲੀ ਖੇਤੀ ਤੋਂ ਹੀ ਚੱਲ ਰਿਹਾ ਸੀ ਤੇ ਉਧਰੋਂ ਅਮਨ ਦੀ ਪੜਾਈ ਦਾ ਵੀ ਅਖਰੀਲਾ ਸਾਲ ਸੀ। ਦੀਪੇ ਦਾ ਫਿਰ ਫੋਨ ਆਉਣ 'ਤੇ ਮਾਂ ਨੇ ਦੂਸਰਾ ਕਿੱਲਾ ਵੀ ਸ਼ਾਹੂਕਾਰ ਕੋਲ ਗਹਿਣੇ ਪਾ ਕੇ ਪੈਸੇ ਦੀਪੇ ਨੂੰ ਭੇਜ ਦਿੱਤੇ। ਦੀਪੇ ਨੂੰ ਛੁਡਾਉਣ ਲਈ ਭੇਜੇ ਹੋਏ ਪੈਸੇ ਕਾਫੀ ਨਹੀਂ ਸਨ ਇਸੇ ਕਰਕੇ ਦੀਪੇ ਨੂੰ ਜ਼ੇਲ੍ਹ ਵਿੱਚ ਹੀ ਰਹਿਣਾ ਪਿਆ।

ਸਮਾਂ ਬਤੀਦਾ ਗਿਆ ਅਤੇ ਅਮਨ ਨੇ 85% ਨੰਬਰਾਂ ਨਾਲ ਆਪਣੀ ਜ਼ੀ. ਐੱਨ. ਐੱਮ. ਦਾ ਅਖੀਰਲਾ ਸਾਲ ਵੀ ਖ਼ਤਮ ਕਰ ਲਿਆ। ਪੜਾਈ ਪੂਰੀ ਹੋਣ ਉਪਰੰਤ ਅਮਨ ਲਈ ਵੀਰ ਨੂੰ ਜ਼ੇਲ 'ਚੋਂ ਬਾਹਰ ਲਿਆਉਣਾ ਹੀ ਉਸਦਾ ਮਕਸਦ ਬਣ ਗਿਆ। ਉਸਨੇ ਬਾਹਰ ਜਾ ਕੇ ਵੀਰ ਨੂੰ ਬਾਹਰ ਲਿਆਉਣ ਦਾ ਮਨ ਬਣਾ ਲਿਆ ਉਹ ਘਰ ਦੇ ਹਾਲਾਤਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ ਇਸ ਲਈ ਉਸਨੇ ਪਹਿਲਾਂ ਸ਼ਹਿਰ ਜਾ ਕੇ ਨੌਂਕਰੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਕਈ ਯਤਨ ਕਰਨ ਉਪਰੰਤ ਅਮਨ ਨੂੰ ਇੱਕ ਹਸਪਤਾਲ ਵਿੱਚ ਨੌਂਕਰੀ ਮਿਲ ਹੀ ਗਈ। ਅਮਨ ਨੇ ਨੌਂਕਰੀ ਦੇ ਨਾਲ ਹੀ ਆਇਲਟਸ ਦੀਆਂ ਕਲਾਸਾਂ ਵੀ ਲੈਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਉਹ ਦਿਨ ਵੇਲੇ ਕਲਾਸਾਂ ਲਗਾਉਂਦੀ ਅਤੇ ਰਾਤ ਵੇਲੇ ਨੌਂਕਰੀ ਕਰਦੀ। ਕੁੱਝ ਸਮੇਂ ਬਾਅਦ ਅਮਨ ਨੇ 7ਬੈਂਡ ਨਾਲ ਆਇਲਟਸ ਦਾ ਇਮਿਤਹਾਨ ਵੀ ਪਾਸ ਕਰ ਲਿਆ। ਆਇਲਟਸ ਕਰਨ ਤੋਂ ਬਾਅਦ  ਉਸਨੇ ਮਾਂ ਅੱਗੇ ਬਾਹਰ ਜਾਣ ਦੀ ਇੱਛਾ ਜ਼ਾਹਿਰ ਕੀਤੀ ਪਰ ਨਹੀਂ ਚਾਹੁੰਦੀ ਸੀ ਜੋ ਉਸਦੇ ਪੁੱਤ ਨਾਲ ਹੋਇਆ ਉਹ ਉਸਦੀ ਧੀ ਨਾਲ ਵੀ ਹੋਵੇ। ਉਹ ਆਪਣਾ ਇਕਲੌਤਾ ਸਹਾਰਾ ਨਹੀਂ ਗਵਾਉਣਾ ਚਾਹੁੰਦੀ ਸੀ ਪ੍ਰੰਤੂ ਅਮਨ ਦੀ ਜ਼ਿਦ ਅੱਗੇ ਉਸਦੀ ਇਕ ਨਾ ਚੱਲੀ ਅਤੇ ਸ਼ਾਹੂਕਾਰ ਕੋਲ ਗਹਿਣੇ ਪਈ ਜ਼ਮੀਨ ਵੇਚ ਕੇ ਅਮਨ ਦੇ ਬਾਹਰ ਜਾਣ ਦਾ ਇੰਤਜ਼ਾਮ ਹੋ ਗਿਆ। ਵੇਚੀ ਹੋਈ ਜ਼ਮੀਨ ਦੇ ਪੈਸਿਆਂ ਨਾਲ ਅਮਨ ਨੇ ਆਪਣੀ ਬਾਹਰ ਦੀ ਪੜਾਈ ਦਾ ਸਾਰਾ ਖਰਚ ਅਤੇ ਰਹਿਣ ਦਾ ਸਾਰਾ ਇੰਤਜ਼ਾਮ ਕੀਤਾ। ਉਸਨੂੰ ਬਾਹਰ ਜਾ ਕੇ ਕਿਸੇ ਧੋਖੇ ਦਾ ਕੋਈ ਡਰ ਨਹੀਂ ਸੀ ਕਿਉਂਕਿ ਓਹ ਆਪਣੀ ਇਕ

ਸਹੇਲੀ ਦੇ ਪਿਤਾ ਦੇ ਜ਼ਰੀਏ ਬਾਹਰ ਜਾ ਰਹੀ ਸੀ। ਇਸ ਲਈ ਅਮਨ ਦੀ ਮਾਂ ਦੀ ਵੀ ਥੋੜੀ ਚਿੰਤਾ ਖਤਮ ਹੋ ਗਈ। ਬਾਹਰ ਜਾਣ ਦੇ ਨਾਲ-ਨਾਲ ਅਮਨ ਲਈ ਬਿਮਾਰ ਮਾਂ ਨੂੰ ਇਕਲੇ ਛੱਡ ਕੇ ਜਾਣਾ ਵੀ ਉਸਦੀ ਚਿੰਤਾ ਦਾ ਵਿਸ਼ਾ ਸੀ ਜਿਸਨੂੰ ਉਸਦੀ ਸਹੇਲੀ ਮੀਤ ਨੇ ਦੂਰ ਕੀਤਾ। ਉਸਨੇ ਅਮਨ ਨੂੰ ਇਹ ਵਿਸ਼ਵਾਸ ਦਵਾਇਆ ਕਿ ਉਹ ਉਸਦੀ ਮਾਂ ਦਾ ਧਿਆਨ ਆਪਣੀ ਮਾਂ ਵਾਂਗ ਹੀ ਰੱਖੇਗੀ ਜਿਸਨੂੰ ਉਸਨੇ ਅਮਨ ਦੇ ਬਾਹਰ ਜਾਣ ਤੋਂ ਬਾਅਦ ਬਾਖੂਬੀ ਨਿਭਾਇਆ।

ਅਮਨ ਨੇ ਬਾਹਰ ਜਾ ਕੇ ਸਭ ਤੋਂ ਪਹਿਲਾ ਆਪਣੇ ਵੀਰ ਦੀਪੇ ਨੂੰ ਜ਼ੇਲ ਵਿੱਚੋਂ ਬਾਹਰ ਕਢਵਾਉਣ ਦਾ ਹਰ ਹੀਲਾ ਕੀਤਾ ਜਿਸਦੇ ਨਤੀਜੇ ਵਜੋਂ ਦੀਪਾ ਜਲਦੀ ਹੀ ਜ਼ੇਲ 'ਚੋਂ ਬਾਹਰ ਆ ਗਿਆ। ਆਪਣੀ ਭੈਣ ਨੂੰ ਇੰਨੀ ਦੂਰ ਉਸਦੇ ਲਈ ਆਇਆ ਦੇਖ ਉਸਦੀ ਅੱਖਾਂ ਨਮ ਹੋ ਗਿਆ ਅਤੇ ਸਿਰ ਸ਼ਰਮ ਨਾਲ ਝੁਕ ਗਿਆ ਕਿ ਜਿਸ ਭੈਣ ਨੂੰ ਉਹ ਸਦਾ ਹੀ ਬੁਰਾ ਭਲਾ ਕਹਿੰਦਾ ਰਿਹਾ ਉਹੀ ਭੈਣ ਉਸਦੇ ਲਈ ਉਸਦਾ ਸਹਾਰਾ ਬਣ ਕੇ ਆਈ। ਵੀਰ ਦੀ ਅਜਿਹੀ ਸਥਿਤੀ ਦੇਖ ਭੈਣ ਨੇ ਵੀਰ ਨੂੰ ਗਲੇ ਲਗਾਇਆ ਅਤੇ ਸਭ ਭੁੱਲ ਕੇ ਨਵੀਂ ਜ਼ਿੰਦਗੀ ਬਸਰ ਕਰਨ ਦੀ ਸਲਾਹ ਦਿੱਤੀ। ਦੋਵੇਂ ਭੈਣ-ਭਰਾਵਾਂ ਨੇ ਮਿਲ ਕੇ ਮਾਂ ਨੂੰ ਵੀ ਬਾਹਰ ਲੈ ਆਂਦਾ। ਤਿੰਨ ਸਾਲਾਂ 'ਚ ਹੀ ਅਮਨ ਪੀ.ਆਰ. ਹੋ ਗਈ ਅਤੇ ਅਮਨ ਤੋਂ ਕੁੱਝ ਸਾਲਾਂ 'ਚ ਹੀ ਦੀਪਾ ਵੀ ਪੀ. ਆਰ. ਹੋ ਗਿਆ। ਅਮਨ ਦੀ ਸਖਤ ਮਿਹਨਤ ਅਤੇ ਸੂਝ-ਬੂਝ ਨਾਲ ਸਭ ਕੁੱਝ ਠੀਕ ਹੋ ਗਿਆ ਸੀ ਪ੍ਰੰਤੂ ਪਿਤਾ ਦਾ ਸੁਪਨਾ ਜੋ ਅਜੇ ਵੀ ਅਧੂਰਾ ਸੀ ਅਮਨ ਨੂੰ ਚੈਨ ਨਹੀਂ ਲੈਣ ਦੇ ਰਿਹਾ ਸੀ ਜਿਸਦੀ ਪੂਰਤੀ ਲਈ ਉਹ ਆਪਣੇ ਵੀਰ ਅਤੇ ਮਾਤਾ ਨਾਲ ਵਾਪਿਸ ਆਪਣੇ ਪਿੰਡ ਆ ਗਈ ਅਤੇ ਵੇਚੇ ਹੋਏ ਦੋ ਕਿੱਲਿਆਂ ਦੀ ਜਗ੍ਹਾ ਦਸ ਕਿਲੇ ਖਰੀਦ ਕੇ ਪਿੰਡ ਵਾਲਿਆਂ ਲਈ ਇਕ ਐਸੀ ਮਿਸਾਲ ਬਣੀ ਜਿਸਨੇ ਧੀ ਹੋ ਕੇ ਪੁੱਤਾਂ ਵਾਂਗ ਆਪਣੀ ਹਰ ਜ਼ਿੰਮੇਵਾਰੀ ਨੂੰ ਪੂਰਾ ਕੀਤਾ। ਅੱਜ ਵੀ ਜੇਕਰ ਪਿੰਡ ਵਿੱਚ ਬੱਚਿਆਂ ਦੀ ਅਗਲੇਰੀ ਪੜਾਈ ਜਾਂ ਪਿੰਡ ਦੀ ਤਰੱਕੀ ਦੀ ਕੋਈ ਵੀ ਰਾਏ ਲੈਣੀ ਹੋਵੇ ਤਾਂ ਸਾਰਾ ਹੀ ਪਿੰਡ ਅਮਨ ਦੀ ਸਲਾਹ ਲੈ ਕੇ ਹੀ ਚੱਲਦਾ ਹੈ।

**ਸਿੱਖਿਆ:** ਜੇਕਰ ਪੱਕਾ ਇਰਾਦਾ, ਸੱਚਾ ਵਿਸ਼ਵਾਸ਼ ਅਤੇ ਸਖਤ ਮਿਹਨਤ ਜਿਹੇ ਹਥਿਆਰਾਂ ਨੂੰ ਜ਼ਿੰਦਗੀ ਦਾ ਸਹਾਰਾ ਬਣਾ ਲਿਆ ਜਾਵੇ ਤਾਂ ਜ਼ਿੰਦਗੀ ਦੀ ਹਰ ਮੁਸੀਬਤ ਨੂੰ ਖਤਮ ਕੀਤਾ ਜਾ ਸਕਦਾ ਹੈ।

# ਕਿਤਾਬ ਚਰਚਾ

ਅਮਨਪ੍ਰੀਤ ਸਿੰਘ ਭਾਣਾ, ਫ਼ਰੀਦਕੋਟ

ਸੰਪਰਕ: 97797-94184

ਸਿੱਖ ਸੰਸਾਰ ਇਹ ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਿੱਖਾਂ ਦਾ ੩੫੦ ਵੀ ਸ਼ਤਾਬਦੀ ਮਨਾ ਰਹੀ ਹੈ। ਸ਼ਤਾਬਦੀ ਨੂੰ ਹਰ ਮਾਨਵਵਾਦੀ ਆਪਣੇ ਵਿਤ ਅਨੁਸਾਰ ਅਪਣਾ ਕੇ ਆਪਣੀ ਹਾਜ਼ਰੀ ਲਗਵਾ ਰਿਹਾ ਹੈ।

ਪੰਜਾਬ ਦੇ ਦਾਰਸ਼ਨਿਕ ਚਿੰਤਕ ਡਾਮਨਮੋਹਨ ਜੀ ਦੀ ਇਸ ਸਮੇਂ "ਗੁਰੂ ਤੇਗ਼ ਬਹਾਦਰ ਸਾਹਿਬ ਦੇ ਅਨਿੰਨ ਸਿੱਖ ਪਾਠਕਾਂ ਦੇ ਰੂ ਬ ਰੂ ਹੋਈ ਹੈ। ੮ ਅਧਿਆਏ ਦੀ ਇਸ ਰਚਨਾ ਗੁਰੂ ਸਾਹਿਬ ਦੇ ਜੀਵਨ ਕਾਲ,ਬਾਣੀ, ਉਦੇਸ਼ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਸਿੱਖਾਂ ਦੇ ਜੀਵਨ ਕਾਲ,ਅਤੇ ਸ਼ਹੀਦੀ ਦੀ ਬਾਤ ਪਾਉਂਦੀ ਸੰਸਾਰ ਚ ਦੀਆਂ ਸ਼ਹਾਦਤਾਂ ਵਿੱਚ ਵੱਖਰੀ ਪਹਿਚਾਣ ਵਜੋ ਉਭਰਦੀਆਂ ਹਨ।

ਗੁਰੂ ਸਾਹਿਬ ਅਤੇ ਉਨ੍ਹਾਂ ਦੀਆਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ ਜੀ , ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਕੋਈ ਸਧਾਰਨ ਵਰਤਾਰਾ ਨਹੀ ਅਤੇ ਨਾ ਹੀ ਇਹ ਸਮੁੱਚਾ ਵਰਤਾਰਾ ਯਕਦਮ ਇੱਕ ਘਟਨਾ ਨਾਲ ਵਾਪਰਦਾ ਹੈ। ਜਦੋਂ ਗੁਰੂ ਸਾਹਿਬ ਦੇ ਇਨ੍ਹਾਂ ਸਿੱਖਾਂ ਦੀ ਸ਼ਹਾਦਤ ਅਤੇ ਤੋਂ ਪਹਿਲਾਂ ਇਨ੍ਹਾਂ ਦੇ ਜੀਵਨ ਕਾਲ ਨੂੰ ਨਿਹਾਰਦੇ ਹਾਂ ਤਾਂ ਇਸ ਦੀਆਂ ਜੜ੍ਹਾਂ ਸਿੱਖ ਵਿਰਸੇ ਅਤੇ ਗੁਰੂ ਪਿਆਰ ਵਿੱਚ ਇਨ੍ਹੀਆਂ ਡੂੰਗੀਆਂ ਹਨ ਜਿਸ ਦਾ ਪ੍ਰਤੱਖ ਸਰੂਪ ਇਨ੍ਹਾਂ ਸਿੱਖਾਂ ਦੀ ਅਡੋਲਤਾ ਵਿੱਚੋਂ ਉੱਭਰ ਕੇ ਸਿੱਖ ਹਿਰਦੇ ਵਿੱਚ ਵੱਸ ਜਾਂਦਾ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਜੋ ਅਲੌਕਿਕ ਵਰਤਾਰਾ ਗੁਰੂ ਸਾਹਿਬ ਦੇ ਧੜ ਦੇ ਸਸਕਾਰ ਦਾ ਵਾਪਰਦਾ ਹੈ ਤਾਂ ਉਹ ਸਭ ਕੁਝ ਸਧਾਰਨ ਜਾਂ ਸੁੱਤੇ ਸਿੱਧ ਨਹੀ ਹੁੰਦਾ ਇਹ ਗੁਰੂ ਸਾਹਿਬ ਦੇ ਪ੍ਰੇਮ ਵਿੱਚ ਵਗ ਰਹੀ ਲਹੂ ਕਤਾਰ ਦੀ ਤਪੱਸਿਆ ਹੈ ਜੋ ਇਕ ਸਮੇਂ ਤੱਕ ਸਰ ਹੁੰਦੀ ਹੈ।

ਡਾ ਮਨਮੋਹਨ ਜੀ ਨੇ ਇਸ ਕਿਤਾਬ ਨੂੰ ਸੰਪੂਰਨ ਕਰਨ ਤੱਕ ਕਿਸੇ ਵੀ ਇਤਹਾਸਿਕ ਗਵਾਹੀ ਨੂੰ ਅੱਖੋਂ ਪਰੋਖੇ ਨਹੀ ਕੀਤਾ ਜਿਸ ਨਾਲ ਕੋਈ ਪੱਖ ਅਣਗੌਲਿਆ ਰਹਿ ਜਾਵੇ। ਉਨ੍ਹਾ ਸ਼ਹਾਦਤ ਦੇ ਸਫ਼ਰ ਦੇ ਆਰੰਭ ਤੋਂ ਇਸ ਦੀ ਕੁਰਬਾਨੀ ਜਾਂ ਕੁਰਬਾਨ ਤੋਂ ਵੱਖਰਤਾ ਨੂੰ ਪ੍ਰਗਟ ਕਰਦਿਆਂ ਸੰਸਾਰ ਅੰਦਰ ਹੋਈਆਂ ਸ਼ਹਾਦਾਤਾਂ ਅਤੇ ਸੰਸਾਰਿਕ ਅਕੀਦਿਆਂ ਅੰਦਰ ਇਨ੍ਹਾਂ ਦੀ ਪ੍ਰਮੁੱਖਤਾ ਦਾ ਵਿਸ਼ਲੇਸ਼ਣ ਕਰਦਿਆਂ ਸਿੱਖ ਸ਼ਹਾਦਤ ਦੀ ਵਿਲੱਖਣਤਾ ਨੂੰ ਪੇਸ਼ ਕੀਤਾ ਹੈ। ਇਸ ਤੋਂ ਅਗਾਂਹ ਤੁਰਦਿਆਂ ਉਨ੍ਹਾਂ ਲੁਬਾਣੇ ਅਤੇ ਵਣਜਾਰਿਆਂ ਦੇ ਇਤਿਹਾਸ ਨੂੰ ਪੇਸ਼ ਕਰਦਿਆਂ ਉਨ੍ਹਾਂ ਦੀ ਸ਼ਾਹੀ ਪਹਿਚਾਣ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ।

ਸਮੁੱਚੀ ਪੁਸਤਕ ਅੰਦਰ ਪਾਠਕ ਸਿੱਖ ਸਰੋਤਾਂ ਵਿੱਚ ਭੱਟ ਸਾਹਿਬਾਨ ਤੋਂ ਮੌਜੂਦਾ ਸਮੇਂ ਤੱਕ ਪ੍ਰਾਪਤ ਸਰੋਤਾਂ ਨਾਲ ਬਾ ਬਾਸਤਾ ਹੁੰਦਾ ਹੈ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸ਼ਹੀਦੀ ਸਫ਼ਰ ਨੂੰ ਇਕ ਲਕੀਰੀ ਨਹੀ ਸਿਰਜਿਆ ਬਲਕਿ ਇਸ ਨੂੰ ਸਿਰਜਦਿਆਂ ਸੰਕਲਪੀ ਸ਼ਬਦਾਂ ਨੂੰ ਚੁਣਿਆ ਹੈ ਜਿਸ ਨਾਲ ਇਤਿਹਾਸਕ ਪੱਖ ਦੀ ਮੁੱਲਵਾਨਤਾ ਹੋਰ ਪ੍ਰਪੱਕ ਹੁੰਦੀ ਹੈ।

ਅਹਿਮ ਸਰੋਤਾਂ ਅਤੇ ਢੁੱਕਵੇ ਹਵਾਲਿਆਂ ਨਾਲ ਸਜੀ ਇਹ ਕਿਤਾਬ ਮਹੱਤਵਪੂਰਨ ਦਸਤਾਵੇਜ਼ ਵਜੋਂ ਸਾਂਭੀ ਜਾ ਸਕਦੀ ਹੈ।

